The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar
Vol: 9 No: 195 Website : www.punjabiakhbaar.ca Email: editor@punjabiakhbaar.ca Friday, 6 May 2022

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

## ਓਨਟਾਰੀਓ ਦੀਆਂ ਸੂਬਾਈ ਚੋਣਾਂ ਲਈ ਐਨ.ਡੀ.ਪੀ. ਨੇ ਘੱਟੋ ਘੱਟ ਮਿਹਨਤਾਨਾ 20 ਡਾਲਰ ਪ੍ਰਤੀ ਘੰਟਾ ਕਰਨ ਦਾ ਵਾਅਦਾ ਚੋਣ ਪ੍ਰਚਾਰ ਦਾ ਹਿੱਸਾ ਬਣਾਇਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) –ਓਟਾਰੀਓ ਚ ਦੋ ਜੂਨ ਨੂੰ ਹੋਣ ਵਾਲੀਆਂ ਪ੍ਰੋਵਿੰਸ਼ੀਅਲ ਚੋਣਾਂ ਲਈ ਭਾਵੇਂ ਚੋਣ ਪ੍ਰਚਾਰ ਅਜੇ ਅਗਲੇ ਮਹੀਨੇ ਸ਼ੁਰੂ ਹੋਣਾ ਹੈ ਪਰ ਇਸ ਤੋਂ ਪਹਿਲਾਂ ਹੀ –ਟਾਰੀ– ਐਨਡੀਪੀ ਵੱਲੋਂ ਆਪਣਾ 92 ਸਫ਼ਿਆਂ ਦਾ ਪਲੈਟਫਾਰਮ ਪੇਸ਼ ਕੀਤਾ ਗਿਆ ਹੈ। ਪਾਰਟੀ ਦੀ ਸੂਬਾਈ ਲੀਡਰ ਐਂਡਰੀਆ ਹੌਰਵਥ ਵੱਲੋਂ ਪੇਸ਼ ਕੀਤੇ ਗਏ ਇਸ ਪਲੈਟਫਾਰਮ ਵਿੱਚ ਹੈਲਥਕੇਅਰ ਵਿੱਚ ਸੁਧਾਰ ਨਰਸਾਂ ਤੇ ਹੋਰ ਹੈਲਥ ਕਰਮਚਾਰੀਆਂ ਦੀ ਭਰਤੀ ਮੈਂਟਲ ਹੈਲਥ ਬਜ਼ੁਰਗਾਂ ਦੀ ਸੰਭਾਲ ਡੈਂਟਲ ਕੇਅਰ ਅਫੋਰਡੇਬਲ ਹਾਊਸਿੰਗ ਅਤੇ ਘਰਾਂ ਦੇ ਕਿਰਾਇਆਂ ਵਿੱਚ ਹੋ ਰਹੇ ਬੇਤਹਾਸ਼ਾ ਵਾਧੇ ਨੂੰ ਨਕੇਲ ਪਾਉਣੀ ਆਦਿ ਸ਼ਾਮਿਲ ਹਨ। ਇਸਦੇ ਨਾਲ ਹੀ ਪਾਰਟੀ ਦੇ ਪਲੈਟਫਾਰਮ ਵਿਚ ਸਾਲ 2026 ਤੱਕ ਘੱਟੋ ਘੱਟ ਉਜਰਤ ਦਰ 20 ਡਾਲਰ ਪ੍ਰਤੀ ਘੰਟਾ ਕਰਨ ਦਾ ਵਾਅਦਾ ਕੀਤਾ ਗਿਆ, ਜੋ ਹਰ ਸਾਲ ਇੱਕ ਡਾਲਰ ਵਧਾਇਆ ਜਾਵੇਗਾ। ਇਸ ਦੇ ਨਾਲ ਹੀ ਹਫ਼ਤੇ ਚ ਕੰਮ ਦੇ 4 ਦਿਨ ਕਰਨ ਦਾ ਪਾਇਲਟ ਪ੍ਰਾਜੈਕਟ ਵੀ ਸ਼ੁਰੂ ਕਰਨ ਦਾ ਵਾਅਦਾ ਕੀਤਾ ਗਿਆ ਹੈ

## ਰੂਸ ਵੱਲੋਂ ਯੂਕਰੇਨ ਚ ਕੀਤੇ ਗਏ ਜੰਗੀ ਅਪਰਾਧਾਂ ਨੂੰ ਕੈਨੇਡਾ ਦੀ ਪਾਰਲੀਮੈਂਟ ਨੇ ਸਰਬਸੰਮਤੀ ਨਾਲ ਨਸਲਕੁਸ਼ੀ ਕਰਾਰ ਦਿੱਤਾ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਵੱਲੋਂ ਯੂਕਰੇਨ ਉਪਰ ਕੀਤੇ ਗਏ ਹਮਲੇ ਨੂੰ ਕੈਨੇਡਾ ਦੀ ਪਾਰਲੀਮੈਂਟ ਦੇ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਨਸਲਕੁਸ਼ੀ ਕਰਾਰ ਦਿੱਤਾ ਗਿਆ ਹੈ। ਐਨਡੀਪੀ ਵੱਲੋਂ ਇਸ ਸਬੰਧੀ ਮਤਾ ਪੇਸ਼ ਕੀਤਾ ਗਿਆ ਜਿਸ ਉੱਪਰ ਸਾਰੇ ਪਾਰਲੀਮੈਂਟ ਮੈਂਬਰਾਂ ਵੱਲੋਂ



ਸਰਬਸੰਮਤੀ ਨਾਲ ਵੋਟਾਂ ਪਾ ਕੇ ਰੂਸ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਨੂੰ ਨਸਲਕੁਸ਼ੀ ਕਰਾਰ ਦਿੱਤਾ ਗਿਆ। ਸਾਰੇ ਪਾਰਲੀਮੈਂਟ ਮੈਂਬਰ ਇਸ ਗੱਲ ਤੇ ਸਹਿਮਤ ਸਨ ਕਿ ਰੂਸ ਦੀਆਂ ਫ਼ੌਜਾਂ ਵੱਲੋਂ ਯੂਕ੍ਰੇਨ ਵਿੱਚ ਮਨੁੱਖਤਾ ਦੇ ਖ਼ਿਲਾਫ਼ ਜੰਗੀ ਅਪਰਾਧਾਂ ਦੇ ਸਪੱਸ਼ਟ ਸਬੂਤ ਮੌਜੂਦ ਹਨ। ਪੇਸ਼ ਕੀਤੇ ਗਏ ਮਤੇ ਵਿੱਚ ਆਖਿਆ ਗਿਆ ਕਿ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਅਗਵਾਈ ਵਾਲੀ ਫੌਜ ਵੱਲੋਂ ਸਮੂਹਕ ਅੱਤਿਆਚਾਰ ਯੂਕਰੇਨੀ ਨਾਗਰਿਕਾਂ ਦੀ ਜਾਣਬੁੱਝ ਕੇ ਹੱਤਿਆ, ਲਾਸ਼ਾਂ ਦੀ ਬੇਅਦਬੀ ਯੂਕਰੇਨੀ ਬੱਚਿਆਂ ਦਾ ਜ਼ਬਰਦਸਤੀ ਤਬਾਦਲਾ ਤਸ਼ੱਦਦ ਸਰੀਰਕ ਨੁਕਸਾਨ, ਮਾਨਸਿਕ ਨੁਕਸਾਨ ਅਤੇ ਬਲਾਤਕਾਰ ਕੀਤੇ ਗਏ ਹਨ।

## ਗੁਰਬਾਣੀ ਨਾਲ ਛੇੜਛਾੜ ਦਾ ਮਾਮਲਾ:
# ਅਮਰੀਕਾ ਵਾਸੀ ਥਮਿੰਦਰ ਸਿੰਘ ਨੂੰ 'ਤਨਖ਼ਾਹੀਆ' ਐਲਾਨਿਆ



ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਗੁਰਬਾਣੀ ਨਾਲ ਛੇੜਛਾੜ ਕਰਨ ਦੇ ਮਾਮਲੇ ਵਿੱਚ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਨੇ ਅਮਰੀਕਾ ਵਾਸੀ ਥਮਿੰਦਰ ਸਿੰਘ ਨੂੰ ਤਨਖ਼ਾਹੀਆ ਐਲਾਨ ਦਿੱਤਾ ਹੈ। ਇੱਕ ਹੋਰ ਵਿਅਕਤੀ ਉਂਕਾਰ ਸਿੰਘ ਨੂੰ ਵੀ ਅਜਿਹੇ ਇੱਕ ਹੋਰ ਮਾਮਲੇ ਵਿੱਚ ਗੁਰੂ ਪੰਥ ਕੋਲੋਂ ਭੁੱਲ ਬਖਸ਼ਾਉਣ ਦੇ ਆਦੇਸ਼ ਦਿੱਤੇ ਗਏ ਹਨ। ਇਸੇ ਤਰ੍ਹਾਂ ਇੰਟਰਨੈੱਟ 'ਤੇ ਚੱਲ ਰਹੀਆਂ ਗੁਰਬਾਣੀ ਸਬੰਧੀ 21 ਐਪਸ ਵਿੱਚ ਤਰੁੱਟੀਆਂ ਕਾਰਨ ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਵਿੱਚ ਸੁਧਾਈ ਕਰਾਉਣ ਦੇ ਆਦੇਸ਼ ਦਿੱਤੇ ਗਏ ਹਨ। ਜੇਕਰ ਕੋਈ ਅਜਿਹਾ ਨਹੀਂ ਕਰਦਾ ਤਾਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰ ਕੇ ਐਪਜ਼ ਨੂੰ ਬੰਦ ਕਰਨ ਲਈ ਕਿਹਾ ਗਿਆ ਹੈ।

## ਕੈਨੇਡਾ ਨੇ ਅੰਤਰਰਾਸ਼ਟਰੀ ਯਾਤਰੀਆਂ ਸਬੰਧੀ ਕਰੋਨਾ ਨਿਯਮਾਂ ਵਿੱਚ ਅਹਿਮ ਤਬਦੀਲੀਆਂ ਕੀਤੀਆਂ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ ) ਫੈਡਰਲ ਸਰਕਾਰ ਵੱਲੋਂ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਅੰਤਰਰਾਸ਼ਟਰੀ ਯਾਤਰੀਆਂ ਲਈ ਕੋਰੋਨਾ ਨਿਯਮਾਂ ਵਿੱਚ ਕੁੱਝ ਤਬਦੀਲੀਆਂ ਕੀਤੀਆਂ ਗਈਆਂ ਹਨ ਜੋ ਸੋਮਵਾਰ 25 ਅਪ੍ਰੈਲ ਤੋਂ ਲਾਗੂ ਹੋਈਆਂ ਹਨ। ਹੁਣ ਕੈਨੇਡਾ ਵਿਚ ਦਾਖਲ ਹੋਣ ਵਾਲੇ ਪੰਜ ਤੋਂ ਗਿਆਰਾਂ ਸਾਲ ਦੇ ਬੱਚੇ ਜਿਨ੍ਹਾਂ ਨੂੰ ਕੋਰੋਨਾ ਵੈਕਸੀਨ ਦੇ ਟੀਕੇ ਨਹੀਂ ਲੱਗੇ ਪਰ ਉਹ ਪੂਰੀ ਤਰ੍ਹਾਂ ਵੈਕਸੀਨੇਟਰ ਬਾਲਗਾਂ ਦੇ ਨਾਲ ਕੈਨੇਡਾ ਵਿੱਚ ਦਾਖਲ ਹੋ ਰਹੇ ਹਨ ਤਾਂ ਉਨ੍ਹਾਂ ਨੂੰ ਕੋਰੋਨਾ ਟੈਸਟ ਕਰਵਾਉਣ ਦੀ ਜ਼ਰੂਰਤ ਨਹੀਂ ਹੋਵੇਗੀ। ਵਰਨਣਯੋਗ ਹੈ ਕਿ ਪੰਜ ਸਾਲ ਅਤੇ ਇਸ ਤੋਂ ਛੋਟੀ ਉਮਰ ਦੇ ਬੱਚਿਆਂ ਲਈ ਪਹਿਲਾਂ ਹੀ ਕੋਰੋਨਾ ਟੈਸਟ ਦਾ ਨਿਯਮ ਨਹੀਂ ਹੈ। ਇਸ ਤੋਂ ਇਲਾਵਾ ਪੂਰੀ ਤਰ੍ਹਾਂ ਵੈਕਸੀਨੇਟਰਡ ਅੰਤਰਰਾਸ਼ਟਰੀ ਯਾਤਰੀਆਂ ਨੂੰ ਕੈਨੇਡਾ ਵਿਚ ਦਾਖਲ ਹੋਣ ਤੋਂ ਚੌਦਾਂ ਦਿਨ ਤੱਕ ਮਾਸਕ ਵੀ ਨਹੀਂ ਲਗਾਉਣਾ ਪਵੇਗਾ ਪਰ ਇਸ ਦੇ ਨਾਲ ਹੀ ਇਹ ਵੀ ਦੱਸਿਆ ਗਿਆ ਕਿ ਕੈਨੇਡਾ ਚ ਦਾਖਲ ਹੋਣ ਤੋਂ ਬਹੱਤਰ ਘੰਟੇ ਦੇ ਅੰਦਰ ਅੰਦਰ ਅਰਾਈਵ ਕੈਨ ਉੱਪਰ ਯਾਤਰਾ ਸਬੰਧੀ ਜਾਣਕਾਰੀ ਦੇਣੀ ਲਾਜ਼ਮੀ ਰਹੇਗੀ। ਪੂਰੀ ਤਰ੍ਹਾਂ ਵੈਕਸੀਨੇਟਰ ਯਾਤਰੀ ਜੇਕਰ ਅਰਾਈਵ ਕੈਨ ਉੱਪਰ ਇਹ ਜਾਣਕਾਰੀ ਸਬਮਿਟ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਵੈਕਸੀਨੇਟਰ ਯਾਤਰੀਆਂ ਵਾਲੀ ਛੋਟ ਨਹੀਂ ਮਿਲੇਗੀ ਉਨ੍ਹਾਂ ਨੂੰ ਬਾਰਡਰ ਉੱਪਰ ਸਿਹਤ ਸੰਬੰਧੀ ਵਾਧੂ ਸਵਾਲ ਪੁੱਛੇ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਜੁਰਮਾਨੇ ਤੋਂ ਇਲਾਵਾ ਹੋਰ ਸਖ਼ਤ ਐਕਸ਼ਨ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

SIDHU PAINTING & DECORATING LTD.
ਸਿੱਧੂ ਪੇਂਟਿੰਗ ਕੰਪਨੀ ਨੂੰ ਵਿਨੀਪੈਗ ਵਿਖੇ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ ਅਤੇ ਹੋਰ ਸਹੂਲਤਾ ਦਿੱਤੀਆਂ ਜਾਣਗੀਆਂ।
ਸੰਪਰਕ : 403 520 0000

# ਪੋਪ ਫਰਾਂਸਿਸ ਨੂੰ ਮਿਲਣ ਲਈ ਪੁਤਿਨ ਨੇ ਨਹੀਂ ਭਰਿਆ ਹੁੰਗਾਰਾ



ਵੈਟੀਕਨ ਸਿਟੀ (ਪੰਜਾਬੀ ਅਖਬਾਰ ਬਿਊਰੋ)- ਕੈਥੋਲਿਕ ਚਰਚ ਦੇ ਮੁਖੀ ਪੋਪ ਫਰਾਂਸਿਸ ਨੇ ਦੱਸਿਆ ਕਿ ਉਨ੍ਹਾਂ ਰੂਸ ਦੀ ਯੂਕਰੇਨ ਨਾਲ ਜੰਗ ਖਤਮ ਕਰਨ ਲਈ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੂੰ ਇਸ ਬਾਰੇ ਕੋਈ ਹੁੰਗਾਰਾ ਨਹੀਂ ਮਿਲਿਆ। ਉਨ੍ਹਾਂ ਵੈਟੀਕਨ ਸਿਟੀ ਦੇ ਮੁੱਖ ਸਕੱਤਰ ਪੀਆਟਰੋ ਪੈਰੋਲੀਨ ਰਾਹੀਂ ਮਾਸਕੋ ਜਾਣ ਤੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਮਿਲਣ ਦੀ ਪੇਸ਼ਕਸ਼ ਕੀਤੀ ਸੀ। ਇਹ ਪੇਸ਼ਕਸ਼ ਰੂਸ ਦੇ ਹਮਲੇ ਦੇ ਲਗਪਗ ਤਿੰਨ ਹਫਤਿਆਂ ਬਾਅਦ ਕੀਤੀ ਗਈ ਸੀ। ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਵੀ ਧਾਰਮਿਕ ਆਗੂਆਂ ਵੱਲੋਂ ਰੂਸ ਨਾਲ ਸਬੰਧਾਂ ਨੂੰ ਠੀਕ ਕਰਨ ਲਈ ਅਜਿਹੇ ਯਤਨ ਕੀਤੇ ਗਏ ਸਨ ਪਰ ਰੂਸ ਨੇ ਕਦੀ ਹੁੰਗਾਰਾ ਨਹੀਂ ਭਰਿਆ। ਰੂਸ ਆਰਥੋਡਾਕਸ ਚਰਚ ਕਾਫੀ ਸਮਾਂ ਪਹਿਲਾਂ ਰੋਮ ਨਾਲੋਂ ਵੱਖ ਹੋ ਗਿਆ ਸੀ।

Barinder Ubhi
Realtor
(204)807-5013
babbu_ubhi@yahoo.com
MAXPRO REAL ESTATE
1739 Pembina Hwy, Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤੁਹਾਨੂੰ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
Training available in Winnipeg & Surrounding areas
primedrivingschool@hotmail.com

PARDEEP REHSI
REALTOR
ਘਰ ਵੇਚਣ ਅਤੇ ਖਰੀਦਣ ਵਾਲਿਆਂ ਲਈ ਸਪੈਸ਼ਲ ਪੈਕੇਜ ਮੁਫਤ !
ਆਪਣੇ ਘਰ ਦੀ ਕੀਮਤ ਬਾਰੇ ਜਾਣਕਾਰੀ ਲਈ ਕਾਲ ਕਰੋ
ROYAL LEPAGE DYNAMIC REAL ESTATE
Thinking of Buying, Selling or Investing? Call Today?
431 777 8590
E-mail: prehsi@yahoo.com
11, St. Anne's Road Winnipeg MB R2M 2Y1

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797
PunjabiAkhbaar.ca

ICCRC CRCIC
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg, MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EAST TO WEST LEASING
TRUCK/TRAILER & EQUIPMENT FINANCING
204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed
THE MORTGAGE WORLD

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LEPAGE
Call: 204.227.5758
Email: rajsandhu@royallepage.ca
Thank you for your trust and support !

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT
ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue
Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg
Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770

# ਤੁਸੀਂ ਆਪਣਾ ਸਹੀ ਘਰ ਕਾਪਰਸਟੋਨ ਵਿੱਚ ਲੱਭ ਸਕਦੇ ਹੋ

## ਸਿੰਗਲ ਫੈਮਿਲੀ ਹੋਮ ਅਤੇ ਟਾਉਨਹੋਮ ਵਿੱਚੋਂ ਚੁਣੋ

**ਕਾਪਰਸਟੋਨ,** ਵੈਸਟਾ ਪ੍ਰਾਪਰਟੀ ਦੁਆਰਾ ਡਿਜ਼ਾਇਨ ਅਤੇ ਨਿਰਮਾਣ ਕੀਤਾ ਗਿਆ 70 ਏਕੜ ਦਾ ਮਾਸਟਰ-ਯੋਜਨਾਬੱਧ ਭਾਈਚਾਰਾ ਹੈ। 448 ਨਵੇਂ ਵੱਖੋ ਵੱਖ ਡਿਜਾਇਨਾ ਵਾਲੇ ਘਰਾਂ ਦੀ ਲੜੀ ਸਮੇਤ ਵਾਕ ਵੇਓ ਉਤੇ ਹਰਿਆਲੀ ਵਾਲੇ ਖੇਤਰ ਨੂੰ ਨਾਮਵਰ ਬਿਲਡਰ 32 ਸਾਲਾਂ ਦੇ ਤਜ਼ਰਬੇ ਦੇ ਨਾਲ ਤਿਆਰ ਕਰ ਰਹੇ ਹਨ।

ਜੇਕਰ ਤੁਸੀਂ ਕੈਲਗਰੀ ਵਿੱਚ ਨਵੇਂ ਸਿੰਗਲ ਫੈਮਿਲੀ ਹੋਮ ਜਾਂ ਨਵੇਂ ਟਾਉਨਹੋਮ ਦੀ ਭਾਲ ਕਰ ਰਹੇ ਹੋ ਤਾਂ ਕਾਪਰਸਟੋਨ ਦੇ ਫ਼ਲੋਰਪਲੈਨ ਸਭ ਲਈ ਹਨ। ਸਾਡੇ ਉੱਚ-ਪੱਧਰੀ ਆਲੀਸਾਨ ਅੰਦਰੂਨੀ ਬਣਤਰ ਵਾਲੇ ਘਰ ਕੈਲਗਰੀ ਵਿੱਚ ਤੁਹਾਨੂੰ ਸੱਦ ਰਹੇ ਹਨ






### ਐਵਾਰਡ ਜੇਤੂ ਟਾਊਨਹੋਮਜ਼

- 1,380 -1,885 sq.ft.
- 2 ਅਤੇ 3 ਬੈੱਡ ਰੂਮ + ਫਲੈਕਸ ਰੂਮ
- ਡਬਲ ਕਾਰ ਗੈਰਾਜ
- ਸਰਦੀਆਂ ਤੋਂ ਪਹਿਲਾਂ ਮੂਵ ਹੋਵੋ

**Starting from low $400**




### ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼

- 2,508 -2,934 sq.ft.
- 3 ਜਾਂ 4 ਬੈੱਡਰੂਮ + ਬੋਨਸ ਰੂਮ
- ਡਬਲ ਕਾਰ ਗੈਰਾਜ
- ਵਾਕ ਆਊਟ ਵੇਸਮੈਂਟ ਸੂਈਟ
- **ਕੀਮਤਾਂ ਜਾਨਣ ਲਈ ਸੇਲਜ਼ ਟੀਮ ਨਾਲ ਸੰਪਰਕ ਕਰੋ**




### ਮਾਡਰਨ ਸਿੰਗਲ ਫੈਮਿਲੀ ਹੋਮਜ਼

- 2,015 -2,344 sq.ft.
- 3 ਜਾਂ 4 ਬੈੱਡਰੂਮ +ਆਫਿਸ
- ਡਬਲ ਕਾਰ ਗੈਰਾਜ
- ਲੀਗਲ ਵੇਸਮੈਂਟ ਸੂਈਟ ਦੀ ਆਪਸ਼ਨ

**ਕੀਮਤਾਂ ਜਾਨਣ ਲਈ ਸੇਲਜ਼ ਟੀਮ ਨਾਲ ਸੰਪਰਕ ਕਰੋ**

COPPERSTONE AT COPPERFIELD

**587.352.4266**
**COPPERSTONELIVING.COM**

SHOWHOMES & SALES CENTRE
1233 Copperfield Blvd SE,
Calgary, AB T2Z 5G1

Monday - Wednesday : 2 - 8 PM
Sat, Sun & Holidays: 12 - 5 PM
Thursday & Friday: by appointment

VESTA PROPERTIES

Rendering, price and availability are subject to change without notice. E. & O.E.

# ਅਲਬਰਟਾ ਸਰਕਾਰ ਨੇ ਸਿੱਖ ਵਿਰਾਸਤੀ ਮਹੀਨਾ ਅਤੇ ਵਿਸਾਖੀ ਦਿਹਾੜਾ ਕੈਲਗਰੀ ਡਾਊਨਟਾਊਨ ਵਿਖੇ ਮਨਾਇਆ













ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸੂਬੇ ਅਲਬਰਟਾ ਦੀ ਸਰਕਾਰ ਵੱਲੋਂ ਕੈਲਗਰੀ ਵਿਖੇ ਸਿੱਖ ਵਿਰਾਸਤੀ ਮਹੀਨੇ ਅਤੇ ਵਿਸਾਖੀ ਦੇ ਸਬੰਧ ਵਿੱਚ ਇੱਕ ਵਿਸ਼ੇਸ਼ ਸਮਾਗਮ ਕੈਲਗਰੀ ਦੇ ਡਾਊਨਟਾਊਨ ਏਰੀਆ ਵਿੱਚ ਮੈਕਡੂਗਲ ਸੈਂਟਰ ਵਿਖੇ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਟਰਾਂਸਪੋਰਟ ਮੰਤਰੀ ਰਾਜਨ ਸਾਹਨੀ ਵੱਲੋਂ ਸਵਾਗਤੀ ਸ਼ਬਦਾਂ ਨਾਲ ਕੀਤੀ ਗਈ । ਇਸ ਮੌਕੇ ਤੇ ਸੰਬੋਧਨ ਕਰਦਿਆਂ ਪ੍ਰੀਮੀਅਰ ਜੇਸਨ ਕੇਨੀ ਨੇ ਸਿੱਖਾਂ ਦੇ ਕੈਨੇਡਾ ਦੇ ਵਿਕਾਸ ਵਿੱਚ ਪਾਏ ਯੋਗਦਾਨ ਦਾ ਜ਼ਿਕਰ ਕਰਦਿਆਂ ਜਿੱਥੇ ਖ਼ਾਲਸਾ ਸਾਜਨਾ ਦਿਵਸ ਨੂੰ ਯਾਦ ਕੀਤਾ ਉੱਥੇ ਨਾਲ ਹੀ ਕਾਮਾਗਾਟਾ ਮਾਰੂ ਦੀ ਘਟਨਾ ਦਾ ਵੀ ਜ਼ਿਕਰ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ । ਪ੍ਰੀਮੀਅਰ ਨੇ ਕੋਰੋਨਾ ਮਹਾਂਮਾਰੀ ਦੇ ਦੌਰਾਨ ਸਿੱਖ ਭਾਈਚਾਰੇ ਵੱਲੋਂ ਸਮਾਜ ਦੇ ਹਰੇਕ ਵਰਗ ਦੀ ਮੱਦਦ ਲਈ ਕੀਤੇ ਕੰਮਾਂ ਦੀ ਭਰਵੇਂ ਸ਼ਬਦਾਂ ਵਿੱਚ ਸ਼ਲਾਘਾ ਕੀਤੀ । ਪ੍ਰੀਮੀਅਰ ਜੈਸਨ ਕੇਨੀ ਵੱਲੋਂ ਬੋਲੇ ਸੋ ਨਿਹਾਲ ਦੇ ਲਗਾਏ ਜੈਕਾਰਿਆਂ ਨੇ ਹਾਜਰੀਨ ਦਾ ਮਨ ਜਿੱਤ ਲਿਆ। ਸੱਭਿਆਚਾਰ ਮੰਤਰੀ ਰੋਨ ਔਰ ਅਤੇ ਮਲਟੀਕਲਚਰਲਿਜ਼ਮ ਮੰਤਰੀ ਮੁਹੰਮਦ ਯਾਸੀਨ ਤੋਂ ਇਲਾਵਾ ਵਿਧਾਇਕ ਦਵਿੰਦਰ ਤੂਰ, ਕੈਲਗਰੀ ਸ਼ਹਿਰ ਦੀ ਮੇਅਰ ਜੋਤੀ ਗੌਂਡੇਕ ,ਸਿੱਖ ਭਾਈਚਾਰੇ ਦੀਆਂ ਅਹਿਮ ਸ਼ਖ਼ਸੀਅਤਾਂ ਯੂਨੀਵਰਸਿਟੀ ਆਫ ਕੈਲਗਰੀ ਦੇ ਡੀਨ ਵੱਜੋਂ ਸੇਵਾਵਾਂ ਨਿਭਾ ਰਹੇ ਡਾਕਟਰ ਬਲਜੀਤ ਸਿੰਘ ਗਿੱਲ, ਉੱਘੇ ਵਿਓਪਾਰੀ ਬੌਬ ਢਿੱਲੋਂ,ਤੋਂ ਇਲਾਵਾ ਕੈਲਗਰੀ ਸਹਿਰ ਦੀਆਂ ਹੋਰ ਵੀ ਨਾਮਵਰ ਸੁਖ਼ਸੀਅਤਾਂ ਵੱਡੀ ਗਿਣਤੀ ਵਿੱਚ ਹਾਜਿਰ ਸਨ। ਖ਼ਾਲਸਾ ਸਕੂਲ ਦੇ ਬੱਚਿਆਂ ਵਲੋਂ ਰਾਸ਼ਟਰ ਗਾਨ ਓ ਕੈਨੇਡਾ ਤੋਂ ਇਲਾਵਾ ਸ਼ਬਦ ਗਾਇਨ ਕੀਤਾ ਗਿਆ ਅਤੇ ਬਾਦ ਵਿੱਚ ਵਿਸਾਖੀ ਤਿਓਹਾਰ ਦਾ ਪ੍ਰਤੀਕ ਲੋਕ ਨਾਚ ਭੰਗੜਾ ਟੀਮ ਨੇ ਵੀ ਖ਼ੂਬ ਰੰਗ ਬੰਨ੍ਹਿਆ ।

SUPERVISA
Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

Harpinder Sidhu
REGIONAL MANAGER
403 404 3500
sidhu.harpinder@gmail.com
Pii Punjab Insurance Inc
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance

Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜ਼ੇ ਵਿਚ)
Calgary (AB) T3J 5H2

Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸੰਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Mike Randev
R.Gill
Tel : (403) 273-8889
Fax : (403) 273-8812
Insurance Claims
Courtesy Cars
All Work Guaranteed
720 Moraine Road NE, Calgary, AB, T2A 2P3
Email: aclass@aclassautobady.ca

PROUDLY WESTERN CANADIAN
INNOVATIVE STONECRAFT
CRAFTED STONE VENEER
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E
Saskatoon SK S7K0X8
FREE ESTIMATES
BEST PRICE
We ship across Western Canada.
INFO@INNOVATIVESTONECRAFT.CA
WWW.INNOVATIVESTONECRAFT.CA

# ਯੂਨੀਵਰਸਿਟੀ ਵਿੱਚ ਸਿੱਖ ਚੇਅਰ ਸਥਾਪਿਤ ਕਰਨ ਸਬੰਧੀ ਗੁਰੂ ਵਿਖੇ ਸੈਮੀਨਾਰ ਕਰਵਾਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਯੂਨੀਵਰਸਿਟੀ ਆਫ ਕੈਲਗਰੀ ਵਿੱਚ ਸਿੱਖ ਚੇਅਰ ਸਥਾਪਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਜਾ ਰਿਹਾ ਹੈ । ਜਿਸ ਲਈ ਪਿਛਲੇ ਕਈ ਦਿਨਾਂ ਤੋਂ ਫੰਡ ਇਕੱਤਰ ਕੀਤੇ ਜਾ ਰਹੇ ਹਨ । ਇਸੇ ਤਰ੍ਹਾਂ ਬੀਤੇ ਦਿਨ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਵਿੱਚ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਸਰੀ ਨਿਊਟਨ ਤੋਂ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ, ਕੈਲਗਰੀ ਸਕਾਈਵਿਊ ਤੋਂ ਮੈਂਬਰ ਪਾਰਲੀਮੈਂਟ ਚਾਰਜ ਚਾਹਲ ਸਮੇਤ ਯੂਨੀਵਰਸਿਟੀ ਦੇ ਅਧਿਕਾਰੀ ਤੇ ਪ੍ਰੋਫ਼ੈਸਰ ਸ਼ਾਮਿਲ ਹੋਏ । ਇਸ ਮੌਕੇ ਤੇ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕੈਨੇਡਾ ਵਿੱਚ ਸਿੱਖ ਭਾਈਚਾਰੇ ਦੇ ਆਉਣ ਦੇ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਹੁਣ ਤੱਕ ਭਾਈਚਾਰੇ ਵੱਲੋਂ ਕੀਤੀ ਘਾਲਣਾ ਅਤੇ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਇਸ ਪਵਿੱਤਰ ਕਾਰਜ ਲਈ ਵੱਧ ਤੋਂ ਵੱਧ ਦਾਨ ਕਰਨ ਦੀ ਅਪੀਲ ਕੀਤੀ ।

# ਐਡਮਿੰਟਨ ਵਿਖੇ ਨਗਰ ਕੀਰਤਨ 22 ਮਈ 2022 ਨੂੰ ਹੋਵੇਗਾ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਦੁਨੀਆਂ ਭਰ ਵਿੱਚ ਕੱਢੇ ਜਾਂਦੇ ਨਗਰ ਕੀਰਤਨਾਂ ਦੌਰਾਨ ਹਮੇਸਾ ਦੀ ਤਰਾਂ ਐਡਮਿੰਟਨ ਸਹਿਰ ਵਿਖੇ ਇਸ ਸਾਲ ਵੈਸਾਖੀ ਨਗਰ ਕੀਰਤਨ ਕਮੇਟੀ ਵੱਲੋਂ ਸਮੁੱਚੀ ਐਡਮਿੰਟਨ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ ਦਿਨ ਐਤਵਾਰ 22 ਮਈ 2022 ਕੱਢਿਆ ਜਾਵੇਗਾ। ਨਗਰ ਕੀਰਤਨ ਦਾ ਰੂਟ ਇਸ ਸਾਲ ਪਹਿਲਾਂ ਨਾਲੋਂ ਵੱਖਰਾ ਹੋਵੇਗਾ। ਦੁਪਿਹਰ 12:00 ਵਜੇ ਗੁਰਦਵਾਰਾ ਸ੍ਰੀ ਗੁਰੂ ਘਰ ਮਿਲਵੁਡਜ਼ ਤੋਂ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰੂ ਗਰੰਥ ਸਾਹਿਬ ਦੀ ਪਾਲਕੀ ਵਾਲਾ ਫਲੋਟ ਪੰਥਕ ਜੈਕਾਰੇ "ਬੋਲੇ ਸੋ ਨਿਹਾਲ"ਦੀਆਂ ਗੂੰਜਾਂ ਨਾਲ ਰਵਾਨਾ ਹੋਵੇਗਾ। ਇਸ ਵਾਰ ਇਹ ਵੀ ਵੱਡੀ ਤਬਦੀਲੀ ਹੋਵੇਗੀ ਕਿ ਨਗਰ ਕੀਰਤਨ ਵਿੱਚ ਸਿਰਫ ਇੱਕ ਹੀ ਫਲੋਟ ਹੋਵੇਗਾ ਜਿਸ ਉੱਪਰ ਸਿਰਫ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਾਵਨ ਬੀੜ ਦੀ ਸਵਾਰੀ ਹੋਵੇਗੀ। ਨਗਰ ਕੀਰਤਨ ਦਾ ਰੂਟ ਇਸ ਵਾਰ ਬਹੁਤ ਛੋਟਾ ਹੋਵੇਗਾ ਮੁੱਖ ਸਟੇਜ ਵੀ ਗੁਰੂਘਰ ਦੀ ਜਗਾਹ ਤੋਂ ਬਦਲਕੇ ਟੀ ਡੀ ਬੇਕਰ ਸਕੂਲ ਦੇ ਨੇੜਲੇ ਖੇਡ ਮੈਦਾਨਾਂ ਵਿਖੇ ਲੱਗੇਗੀ।ਖਾਣ ਪੀਣ ਦੇ ਸਟਾਲ ਵੀ ਇਸੇ ਜਗਾਹ ਹੀ ਲਗਾਏ ਜਾਣਗੇ। ਇੱਤੋਂ ਅੱਗੇ ਰਵਾਨਗੀ ਪਾਉਂਦਾ ਹੋਇਆ ਨਗਰ ਕੀਰਤਨ ਸਾਮ 5:00 ਵਜੇ ਗੁਰੂ ਘਰ ਸਿੰਘ ਸਭਾ ਵਿਖੇ ਪੁੱਜੇਗਾ ਜਿੱਥੇ ਅਰਦਾਸ ਉਪਰੰਤ ਨਗਰਕੀਰਤਨ ਦੀ ਸਮਾਪਤੀ ਹੋਵੇਗੀ। ਕਮੇਟੀ ਵੱਲੋਂ ਸਮੁੱਚੀ ਸਿੱਖ ਸੰਗਤ ਤੋਂ ਸਹਿਯੋਗ ਦੀ ਮੰਗ ਕੀਤੀ ਜਾਂਦੀ ਹੈ ਕਿ ਸਫਾਈ ਦਾ ਧਿਆਨ ਰੱਖਿਆ ਜਾਵੇ,ਕਿਸੇ ਦੀ ਪਰਾਈਵੇਟ ਜਾਇਦਾਦ ਵਿੱਚ ਦਾਖਿਲ ਹੋਣ ਤੋਂ ਪ੍ਰਹੇਜ਼ ਕੀਤਾ ਜਾਵੇ, ਸਾਰੇ ਆਪਣੀ ਆਪਣੀ ਜਿੰਮੇਵਾਰੀ ਸਮਝਦੇ ਹੋਏ ਪੈਦਲ ਤੁਰਨ ਵੇਲੇ ਖਿਆਲ ਰੱਖਣ ਕਿ ਬੱਚਿਆਂ ਨੂੰ ਰੱਸੀਆਂ ਨਾਲ ਕੰਟਰੋਲ ਕਰਨਾ ਹੀ ਨਾ ਪਵੇ। ਹੋਰ ਜਾਣਕਾਰੀ ਲਈ ਗੁਰੂਘਰ ਮਿਲਵੁਡਜ਼ 780 450 3844 ਜਾਂ ਗੁਰੂਘਰ ਸਿੰਘ ਸਭਾ ਵਿਖੇ 780 462 7454 ਉੱਪਰ ਫੋਨ ਕੀਤਾ ਜਾ ਸਕਦਾ ਹੈ।

# ਇੱਕਾ ਵਾਲਿਆਂ ਬਜੁਰਗਾਂ ਨੇ ਵਿਸਾਖੀ ਮੌਕੇ ਕੇਕ ਕੱਟਦਿਆਂ ਆਪਣੇ ਜਨਮ ਦਿਨ ਵੀ ਮਨਾਏ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਦੇ ਮੈਂਬਰਾਂ ਦੀ ਮਾਸਿਕ ਮੀਟਿੰਗ 23 ਅਪ੍ਰੈਲ, 2022 ਨੂੰ ਸਵੇਰੇ 11 ਵਜੇ ਦਫ਼ਤਰ ਵਿਖੇ ਹੋਈ। ਸਕੱਤਰ ਅਮਰੀਕ ਸਿੰਘ ਸਰੋਆ ਨੇ ਮੈਂਬਰਾਂ ਨੂੰ ਜੀ ਆਇਆਂ ਕਿਹਾ ਅਤੇ ਮੀਟਿੰਗ ਦਾ ਏਜੰਡਾ ਪੜ੍ਹ ਕੇ ਸੁਣਾਇਆ । ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦ ਕੀਤਾ ਕਿ ਤੁਸੀਂ ਖਾਲਸਾ ਸਾਜਨਾ ਦਿਵਸ, ਵਿਸਾਖੀ, ਸਿੱਖ ਵਿਰਾਸਤ ਦੇ ਵਿਸ਼ੇਸ਼ ਸੰਦਰਭ ਵਿੱਚ ਗਿਣਤੀ ਦੇ ਜਸ਼ਨ ਮਨਾਉਣ ਲਈ ਸ਼ਾਮਿਲ ਹੋਏ ਹੋ ਅਤੇ ਇਹ ਫਿਰ ਬੜੇ ਮਾਣ ਵਾਲੀ ਗੱਲ ਹੈ ਕਿ ਸਰਕਾਰ ਵੱਲੋਂ ਅਪ੍ਰੈਲ 2017 ਨੂੰ ਸਿੱਖ ਵਿਰਾਸਤੀ ਮਹੀਨਾ ਘੋਸ਼ਿਤ ਕੀਤਾ ਗਿਆ ਸੀ। ਇੱਥੇ ਵਰਣਨਯੋਗ ਹੈ ਕਿ ਸਿਟੀ ਆਫ ਕੈਲਗਰੀ ਵੱਲੋਂ ਵੀ 12 ਅਪ੍ਰੈਲ 2022 ਨੂੰ ਸਿੱਖ ਵਿਰਾਸਤੀ ਮਹੀਨਾ ਘੋਸ਼ਿਤ ਕੀਤਾ ਗਿਆ ਹੈ। ਮੇਅਰ ਡਾ: ਇਸ ਨੂੰ ਮਨਜ਼ੂਰੀ ਦਿਵਾਉਣ ਵਿੱਚ ਜੋਤੀ ਗੋਂਡੇਕ ਅਤੇ ਕੌਂਸਲਰ ਰਾਜ ਧਾਲੀਵਾਲ ਨੇ ਬਹੁਤ ਅਹਿਮ ਭੂਮਿਕਾ ਨਿਭਾਈ। ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਮਲਟੀਕਲਚਰਲ ਪ੍ਰੋਗਰਾਮ 08 ਮਈ, 2022 ਨੂੰ ਦੁਪਹਿਰ 2 ਵਜੇ ਫਾਲਕਨਰਿਜ ਕਮਿਊਨਿਟੀ ਸੈਂਟਰ ਵਿੱਚ ਮਨਾਉਣ ਬਾਰੇ ਸਾਰਿਆਂ ਨੂੰ ਆਉਣ ਲਈ ਸੱਦਾ ਦਿੱਤਾ ।


ਸੰਸਥਾ ਦੇ ਮੈਂਬਰਾਂ ਅਬਨਾਸ ਸਿੰਘ ਰਾਣਾ, ਬਲਦੇਵ ਸਿੰਘ ਗਿੱਲ, ਮਲਕੀਅਤ ਸਿੰਘ ਮੁੰਜ਼ਲ, ਮਨਜੀਤ ਸਿੰਘ ਭਿੰਡਰ, ਸੁਖਦੇਵ ਸਿੰਘ ਤੂਰ, ਸੰਤੋਖ ਸਿੰਘ ਮੋਹਰ ਅਤੇ ਸੂਰਤ ਸਿੰਘ ਢਿੱਲੋਂ ਵੱਲੋਂ ਦਾ ਜਨਮ ਦਿਨ ਕੇਕ ਕੱਟਣ ਦੀ ਰਸਮ ਅਦਾ ਕੀਤੀ ਗਈ। ਹਰ ਕਿਸੇ ਨੇ ਉਨ੍ਹਾਂ ਦੀ ਚੰਗੀ ਸਿਹਤ ਅਤੇ ਖੁਸ਼ੀ ਦੀ ਕਾਮਨਾ ਕੀਤੀ। ਬਲਵਿੰਦਰ ਸਿੰਘ ਵਿਰਦੀ, ਤਰਲੋਕ ਸਿੰਘ ਚੁੱਗ, ਸਤਵਿੰਦਰ ਕੌਰ ਫਰਵਾਨ,ਹਰਮਿੰਦਰ ਕੌਰ ਚੁੱਗ, ਜਰਨੈਲ ਤੱਗੜ ਅਤੇ ਹਰਚੰਦ ਸਿੰਘ ਵੱਲੋਂ ਪੇਸ਼ ਕਵਿਤਾਵਾਂ ਅਤੇ ਚੁਟਕਲੇ ਖਿੱਚ ਦਾ ਕੇਂਦਰ ਰਹੇ। ਅੰਤ ਵਿੱਚ ਪ੍ਰਧਾਨ ਨੇ ਸਾਰਿਆਂ ਦਾ ਧੰਨਵਾਦ ਕੀਤਾ ।

# ਕਿਸਾਨੀ ਮੋਰਚੇ ਦਾ ਸੱਭਿਆਚਾਰਕ ਯੋਧਾ ਕੰਵਰ ਗਰੇਵਾਲ 14 ਮਈ ਨੂੰ ਕੈਲਗਰੀ ਵਿੱਚ ਫਤਿਹ ਟੂਰ ਲੈਕੇ ਆ ਰਿਹਾ ਹੈ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਰਮੀਆਂ ਦੀ ਰੁੱਤ ਸੁਰੂ ਹੁੰਦਿਆਂ ਹੀ ਭਾਵੇਂ ਪੰਜਾਬੀ ਗਾਇਕਾਂ ਦੀਆਂ ਵਹੀਰਾਂ ਕਨੇਡਾ ਦੀ ਧਰਤੀ ਵੱਲ ਮੁਹਾਰਾਂ ਮੋੜ ਲੈਂਦੀਆਂ ਹਨ ਪਰ ਸਰਦੀਆਂ ਰੁੱਤੇ ਵੀ ਠੰਡੀਆਂ ਰਾਤਾਂ ਕਿਸਾਨਾਂ ਨਾਲ ਦਿੱਲੀ ਮੋਰਚੇ ਵਿੱਚ ਗੁਜਾਰਨ ਵਾਲਾ ਲੋਕ ਗਾਇਕ ਕੰਵਰ ਗਰੇਵਾਲ ਵੀ ਆਪਣਾ ਫਤਿਹ ਟੂਰ ਲੈਕੇ 14 ਮਈ ਦੀ ਸਾਮ ਨੂੰ ਕੈਲਗਰੀ ਆ ਰਿਹਾ ਹੈ। ਇਸ ਸਬੰਧੀ ਪੋਸਟਰ ਪਰਬੰਧਕੀ ਟੀਮ ਵੱਲੋਂ ਬੀਤੇ ਹਫਤੇ ਔਜਲਾ ਰੈਸਟੋਰੈਂਟ ਕੈਲਗਰੀ ਵਿਖੇ ਰਿਲੀਜ਼ ਕੀਤਾ ਗਿਆ। ਇਸ ਸ਼ੋਅ ਦੇ ਮੁੱਖ ਪਰਬੰਧਕ ਗੁਰਸਰਨ ਜੱਸੜ ਅਤੇ ਐਸ ਟਿੰਮੀ ਨੇ ਦੱਸਿਆ ਕਿ 14 ਮਈ 2022 ਨਗਰ ਕੀਰਤਨ ਵਾਲੇ ਦਿਨ ਦੀ ਸਾਮ ਨੂੰ ਜੈਨੇਸਿਸ ਸੈਂਟਰ ਕੈਲਗਰੀ ਵਿਖੇ ਸਾਮ ਦੇ 6 ਵਜੇ ਹਾਲ ਦੇ ਦਰਵਾਜੇ ਖੁੱਲ ਜਾਣਗੇ। ਉਪਰੰਤ ਦਰਸਕਾਂ ਦੀ ਭਰਪੂਰ ਹਾਜਰੀ ਵਿੱਚ ਲੋਕਾਂ ਦਾ ਚਹੇਤਾ ਗਾਇਕ ਕੰਵਰ ਗਰੇਵਾਲ ਆਪਣੇ ਲੋਕਾਂ ਦੇ ਗੀਤਾਂ "ਫਸਲਾਂ ਦੇ ਫੈਸਲੇ" "ਖਿੱਚ ਲੈ ਜੱਟਾ ਖਿੱਚ ਤਿਆਰੀ" "ਸਾਡੇ ਲਈ ਕਿਲੇ ਬਣ ਗਈਆਂ ਸੜਕਾਂ ਨੇ ਪਾਤਸ਼ਾਹ" ਜਿਹੀਆਂ ਪੇਸ਼ਕਾਰੀਆਂ ਨਾਲ ਮੰਨੋਰੰਜਨ ਕਰੇਗਾ। ਕਿਸਾਨੀ ਘੋਲ ਦੀਆਂ ਯਾਦਾਂ ਫਿਰ ਤਾਜ਼ਾ ਹੋਣਗੀਆਂ। ਇਸ ਮੌਕੇ ਐਮ ਐਲ ਏ ਦਵਿੰਦਰ ਤੂਰ, ਜਗਰੂਪ ਕਾਹਲੋਂ, ਪਰਮੀਤ ਸਿੰਘ ਬੋਪਾਰਾਇ,ਪ੍ਰੋਟੈਕਸ ਬਲੌਕ ਵਾਲੇ ਦੁਗਲ ਸਾਹਿਬ,ਟੋਇਟਾ ਕਾਰਾਂ ਵੇਚਣ ਵਾਲੇ ਸਭ ਦੇ ਜਾਣੇ ਪਹਿਚਾਣੇ ਚਿਹਰੇ ਬਿੱਟੂ ਭਾਅ ਜੀ, ਵਿੱਕੀ ਸਿੱਧੂ ਤੁੰਗਵਾਲੀ, ਸ਼ਵੀ ਸਿੰਘ ਅਤੇ ਕੈਲਗਰੀ ਦੀਆਂ ਨਾਮੀ ਸਖ਼ਸੀਅਤਾਂ ਹਾਜਿਰ ਸਨ। ਟਿਕਟਾਂ ਜਾਂ ਸ਼ੋਅ ਸਬੰਧੀ ਹੋਰ ਜਾਣਕਾਰੀ ਲਈ ਗੁਰਸ਼ਰਨ ਜੱਸੜ 306 203 9805 ਜਾਂ ਐਸ ਟਿੰਮੀ ਨਾਲ 403 992 8192 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।


# ਮੌਤ ਉਪਰੰਤ ਵੀ ਸਵ: ਚਮਕੌਰ ਸਿੰਘ ਮਾਹਲ ਦਾ ਮ੍ਰਿਤਕ ਸਰੀਰ ਮਨੁੱਖਤਾ ਦੀ ਭਲਾਈ ਦੇ ਕੰਮ ਆਵੇਗਾ



DONOR CARD
Anatomical Gifts Program
I have arranged to donate my body to the Division of Anatomy, University of Alberta, Edmonton.
Please contact the Division of Anatomy at
780-492-2203
as soon as possible upon my death



UNIVERSITY OF ALBERTA
FACULTY OF MEDICINE & DENTISTRY
Division of Anatomy
Chamkaur Mahal has voluntarily registered on the 16th day of September, 2016 for the Anatomical Gifts Program
File #A0856



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਮਿੱਲਵੁਡਸ ਕਲਚਰਲ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਦੇ ਪ੍ਰਧਾਨ ਸ: ਚਮਕੌਰ ਸਿੰਘ ਮਾਹਲ ਉਮਰ 81, ਪਿੰਡ ਦੇਵਤਵਾਲ ਜਿਲਾ ਲੁਧਿਆਣਾ ਬੀਤੇ ਦਿਨੀ ਐਡਮੰਟਨ ਵਿਖੇ ਅਕਾਲ ਚਲਾਣਾ ਕਰ ਗਏ ਹਨ। ਸਵ: ਮਾਹਲ ਸਾਹਿਬ ਬਾਰੇ ਇਹਨੀ ਦਿਨੀ ਐਡਮੰਟਨ ਵਿੱਚ ਇਹ ਚਰਚਾ ਛਿੜੀ ਹੋਈ ਹੈ ਕਿ ਉਸ ਇਨਸਾਨ ਨੇ ਜਿਉਂਦੇ ਜੀਅ ਸੁਸਾਇਟੀ ਵਿਖੇ ਆਮ ਲੋਕਾਂ ਦੇ ਭਲੇ ਲਈ ਕੰਮ ਕੀਤੇ ਪਰ ਹੁਣ ਮੌਤ ਉਪਰੰਤ ਵੀ ਉਹ ਤਾਂ ਲੋਕ ਭਲਾਈ ਹੀ ਕਰਦਾ ਰਹੇਗਾ । ਹਾਂ ਜੀ ਇਹ ਗੱਲ ਬਿਲਕੁੱਲ ਸੱਚ ਹੈ । ਸਵ: ਚਮਕੌਰ ਸਿੰਘ ਮਾਹਲ ਨੇ ਆਪਣੇ ਵੱਲੋਂ ਦਿੱਤੇ ਹਲਫਨਾਮੇ ਵਿੱਚ ਆਪਣਾ ਮ੍ਰਿਤਕ ਸਰੀਰ, ਡਵੀਜਨ ਆਫ ਐਨਟੋਮੀ ਯੂਨੀਵਰਿਸਟੀ ਆਫ ਅਲਬਰਟਾ ਐਡਮੰਟਨ ਨੂੰ ਦਾਨ ਕੀਤਾ ਹੋਇਆ ਸੀ। ਮੌਤ ਉਪਰੰਤ ਉਹਨਾਂ ਦੀ ਮ੍ਰਿਤਕ ਦੇਹ ਨੂੰ ਅਗਨ ਭੇਟ ਨਹੀ ਕੀਤਾ ਜਾਵੇਗਾ ਸਗੋਂ ਉਹਨਾਂ ਦੀ ਮ੍ਰਿਤਕ ਦੇਹ ਯੂਨੀਵਰਿਸਟੀ ਵਿਖੇ ਮਨੁੱਖੀ ਸਰੀਰ ਸਬੰਧੀ ਡਾਕਟਰੀ ਪੜਾਈ ਕਰ ਰਹੇ ਬੱਚਿਆਂ ਵੱਲੋਂ ਨਵੀਆਂ ਖੋਜਾਂ ਕਰਨ ਦੇ ਲਈ ਵਰਤੀ ਜਾਵੇਗੀ। ਮ੍ਰਿਤਕ ਦਾਨ ਕਰਨ ਉਪਰੰਤ 6 ਮਈ ਵਾਲੇ ਦਿਨ ਗੁਰੂਦਵਾਰਾ ਸਿੰਘ ਸਭਾ ਵਿਖੇ ਦੁਪਹਿਰ 12 ਵਜੇ ਅੰਤਿਮ ਅਰਦਾਸ ਹੋਵੇਗੀ । ਸਵ: ਚਮਕੌਰ ਸਿੰਘ ਮਾਹਲ 1998 ਵਿੱਚ ਪਹਿਲੀ ਵਾਰ ਆਪਣੀ ਬੇਟੀ ਹਰਮਨ ਕੌਰ ਧਾਲੀਵਾਲ ਅਤੇ ਜਵਾਈ ਜਤਿੰਦਰ ਸਿੰਘ ਧਾਲੀਵਾਲ ਕੋਲ ਆਏ ਸਨ। ਉਹਨਾਂ ਦੀਆਂ 4 ਹੋਰ ਬੇਟੀਆਂ ਵੀ ਕਨੇਡਾ ਦੀਆਂ ਹੀ ਵਸਨੀਕ ਹਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 780-463-6472 ਸੰਪਰਕ ਕੀਤਾ ਜਾ ਸਕਦਾ ਹੈ।

# ਮਾਂਟਰੀਅਲ ਵਿਖੇ ਮੋਡਰਨਾ ਦੇ ਨਵੇਂ ਪਲਾਂਟ ਚ ਹਰ ਸਾਲ ਕੋਰੋਨਾ ਵੈਕਸੀਨ ਦੀਆਂ 100 ਮਿਲੀਅਨ ਡੋਜ਼ਜ਼ ਦਾ ਉਤਪਾਦਨ ਹੋਵੇਗਾ - ਟਰੂਡੋ




ਮਾਂਟਰੀਅਲ (ਪੰਜਾਬੀ ਅਖ਼ਬਾਰ ਬਿਊਰੋ) ਮੋਡਰਨਾ ਵੱਲੋਂ ਮਾਂਟਰੀਅਲ ਵਿਖੇ ਵੈਕਸੀਨ ਦਾ ਉਤਪਾਦਨ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਦਾ ਐਲਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੌਂਟਰੀਅਲ ਸਥਿਤ ਮੈਕਗਿਲ ਯੂਨੀਵਰਸਿਟੀ ਵਿਖੇ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਆਖਿਆ ਕਿ ਸਾਡੀ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਅਸੀਂ ਇੱਥੇ ਕੈਨੇਡਾ ਵਿੱਚ ਹੀ ਵੈਕਸੀਨ ਦੇ ਉਤਪਾਦਨ ਦੀ ਸਮਰੱਥਾ ਨੂੰ ਵਧਾਵਾਂਗੇ। ਮੋਡਰਨਾ ਵੱਲੋਂ ਨਵੇਂ ਪਲਾਂਟ ਵਿੱਚ ਉਤਪਾਦਨ ਸਾਲ 2024 ਤੱਕ ਸ਼ੁਰੂ ਹੋਣ ਦੀ ਉਮੀਦ ਹੈ ਅਤੇ ਇਸ ਨਾਲ ਦੋ ਸੌ ਤੋਂ ਤਿੰਨ ਸੌ ਲੋਕਾਂ ਨੂੰ ਰੁਜ਼ਗਾਰ ਵੀ ਮਿਲੇਗਾ । ਇੱਥੇ ਹਰ ਸਾਲ ਸੌ ਮਿਲੀਅਨ ਕੋਵਿਡ-19 ਵੈਕਸਿਨ ਡੋਜ਼ਜ ਦਾ ਉਤਪਾਦਨ ਹੋਵੇਗਾ । ਜਸਟਿਨ ਟਰੂਡੋ ਨੇ ਅੱਗੇ ਆਖਿਆ ਕਿ ਇਸ ਪਲਾਂਟ ਵਿੱਚ ਕੋਰੋਨਾ ਵੈਕਸੀਨ ਦੇ ਨਾਲ ਨਾਲ ਐਮ ਆਰ ਐੱਨ ਏ ਟੈਕਨਾਲੋਜੀ ਦੇ ਆਧਾਰ ਤੇ ਹੋਰ ਕਈ ਤਰ੍ਹਾਂ ਦੀਆਂ ਵੈਕਸੀਨ ਵੀ ਤਿਆਰ ਕੀਤੀਆਂ ਜਾ ਸਕਣਗੀਆਂ ।

ਵਿਸਾਖੀ ਨਗਰ ਕੀਰਤਨ ਮੌਕੇ ਗੱਭਰੂਆਂ ਲਈ ਹਰ ਸਾਈਜ਼ ਦੇ
ਕੁੜਤੇ ਪਜਾਮੇ ਅਤੇ ਬੀਬੀਆਂ ਭੈਣਾਂ ਲਈ ਨਵੇਂ ਨਵੇਂ
ਡਿਜ਼ਾਇਨਾਂ ਦੇ ਸੂਟ ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜੇ
ਵਿੱਚ ਵਿਗ ਫੈਸ਼ਨ 159-5120 47 ਸਟਰੀਟ NE
ਨਵੇਂ ਖੁੱਲੇ ਸਟੋਰ ਉਪਰੋਂ ਮਿਲਦੇ ਹਨ ।
ਫੋਨ: 403 590 5620

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

PUNJABI SWEETS
HOUSE & RESTAURANT
TAKE OUT
We do catering also
FAST & BEST FRIENDLY SERVICE
ALL KINDS OF SWEETS NON-VEG & VEGI FOOD
Open 7 Days a Week
403-293-5252
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੌਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ ।
Bay 113 216 Saddle Towne Cir. N.E. T3J 0C9

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਬੱਬੂ ਮਾਨ ਦਾ ਸ਼ੋਅ 15 ਮਈ ਨੂੰ ਕੈਲਗਰੀ ਵਿਖੇ ਜੁਬਲੀ ਆਡੋਟੋਰੀਅਮ ਵਿੱਚ ਹੋਵੇਗਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਗਾਇਕੀ ਦੇ ਪਿੜ ਅੰਦਰ ਧਰੂ ਤਾਰੇ ਵਾਂਗ ਸਥਾਪਿਤ ਨਾਂ ਬੱਬੂ ਮਾਨ 15 ਮਈ ਨੂੰ ਕੈਲਗਰੀ ਵਿਖੇ ਲੈਗਯੂਰੀਆ ਹੋਮਜ਼ ਵੱਲੋਂ ਪੰਜਾਬੀ ਸੰਗੀਤ ਪਰੇਮੀਆਂ ਦੇ ਲਈ ਆਪਣਾ ਪਰੋਗਰਾਮ ਪੇਸ਼ ਕਰੇਗਾ। ਇਸ ਸਬੰਧੀ ਪੋਸਟਰ ਰਿਲੀਜ਼ ਕਰਨ ਦੀ ਰਸਮ ਮੌਕੇ ਸ਼ਰਨ ਬਰਾੜ,ਖੁਸ਼ ਸਿੱਧੂ ਅਤੇ ਰਜਿੰਦਰ ਜ਼ੀਰਾ ਹੋਰਾਂ ਦੇ ਸੱਦੇ ਉੱਪਰ ਕੈਲਗਰੀ ਦਾ ਨੌਜਵਾਨ ਤਬਕਾ ਅਤੇ ਸ਼ੋਅ ਨੂੰ ਸਪਾਂਸਰ ਕਰਨ ਵਾਲਾ ਬਿਜਨਿਸਮੈਨ ਭਾਈਚਾਰਾ ਵੱਡੀ ਗਿਣਤੀ ਵਿੱਚ ਪੁੱਜਾ ਹੋਇਆ ਸੀ। ਪਰਬੰਧਕਾਂ ਦੇ ਦੱਸਣ ਅਨਸਾਰ ਸ਼ੋਅ ਦੀਆਂ ਟਿਕਟਾਂ ਵੱਡੀ ਗਿਣਤੀ ਵਿੱਚ ਧੜਾਧੜ ਵਿਕ ਰਹੀਆਂ ਹਨ ਬੱਸ ਥੋੜੀਆਂ ਹੀ ਬਾਕੀ ਹਨ। ਪਰ ਫਿਰ ਵੀ ਤੁਸੀਂ ਇਸ ਸਬੰਧੀ ਸਰਨ ਬਰਾੜ 403 909 0403 ,ਖੁਸ਼ ਸਿੱਧੂ ਨਾਲ 403 918 0152 ਜਾਂ ਫਿਰ ਰਜਿੰਦਰ ਜ਼ੀਰਾ ਨਾਲ 403 446 0222 ਨਾਲ ਸੰਪਰਕ ਕਰਕੇ ਆਪਣੀ ਸੀਟ ਪੱਕੀ ਕਰਨ ਲਈ ਸੰਪਰਕ ਕਰ ਸਕਦੇ ਹੋ।

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 11ਵਾਂ ਸੋਹਨ ਮਾਨ ਯਾਦਗਾਰੀ ਸਲਾਨਾ ਨਾਟਕ ਸਮਾਗਮ 19 ਜੂਨ ਨੂੰ ਹੋਵੇਗਾ!






ਕੈਲਗਰੀ ( ਪੰਜਾਬੀ ਅਖ਼ਬਾਰ ਬਿਊਰੋ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਮੀਟਿੰਗ ਸਰਪ੍ਰਸਤ ਜਸਵਿੰਦਰ ਮਾਨ ਦੀ ਪ੍ਰਧਾਨਗੀ ਹੇਠ ਹੋਈ। ਕੋਵਿਡ ਕਾਰਨ ਲੱਗਭੱਗ ਦੋ ਸਾਲ ਬਾਅਦ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵਿਚਾਰ ਚਰਚਾ ਤੋਂ ਬਾਅਦ ਐਸੋਸੀਏਸ਼ਨ ਦੇ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਬਾਨੀ ਪ੍ਰਧਾਨ ਸੋਹਨ ਮਾਨ ਜੀ ਵਲੋਂ ਤਕਰੀਬਨ 32 ਸਾਲ ਪਹਿਲਾਂ ਕੈਲਗਰੀ ਵਿੱਚ ਇਸ ਸੰਸਥਾ ਦਾ ਸਾਥੀਆਂ ਨਾਲ ਮਿਲ ਕੇ ਆਗਾਜ਼ ਕੀਤਾ ਸੀ। ਇਹ ਸੰਸਥਾ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਕੈਲਗਰੀ ਵਿਚ ਵਿਲੱਖਣ ਸਰਗਰਮੀਆਂ ਵਿੱਚ ਚਰਚਿਤ ਹੈ, ਉੱਥੇ ਇਹ ਲੰਮੇਂ ਸਮੇਂ ਤੋਂ ਕੈਲਗਰੀ ਵਿੱਚ ਹਰ ਸਾਲ ਸਲਾਨਾ ਨਾਟਕ ਸਮਾਗਮ ਕਰਦੀ ਆ ਰਹੀ ਹੈ। 10ਵਾਂ ਨਾਟਕ ਸਮਾਗਮ 2019 ਵਿੱਚ ਕਰਨ ਤੋਂ ਬਾਅਦ ਦੋ ਸਾਲ ਕਰੋਨਾ ਦੀ ਕਰੋਪੀ ਕਾਰਨ ਨਹੀਂ ਕਰ ਸਕੀ। 2022 ਵਰ੍ਹੇ ਦਾ ਨਾਟਕ ਸਮਾਗਮ 19 ਜੂਨ ਐਤਵਾਰ ਵਾਲੇ ਦਿਨ ਸ਼ਾਮ 4 ਵਜੇ ਤੋਂ 7 ਵਜੇ ਤੱਕ ਰੈਡ ਸਟੋਨ ਵਿਖੇ ਥੀਏਟਰ ਵਿੱਚ ਕਰਨ ਦਾ ਫੈਸਲਾ ਕੀਤਾ ਗਿਆ। ਨਾਟਕਾਂ ਦੀ ਤਿਆਰੀ ਲਈ ਹਰ ਵਾਰ ਦੀ ਤਰ੍ਹਾਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਟੀਮ ਦੇ ਡਾਇਰੈਕਟਰ ਹਰਕੇਸ਼ ਚੌਧਰੀ ਮੁੱਢ ਜੂਨ 'ਚ ਨਾਟਕਾਂ ਦੀ ਤਿਆਰੀ ਲਈ ਕੈਲਗਰੀ ਵਿਖੇ ਪੁੱਜ ਜਾਣਗੇ। ਐਸੋਸੀਏਸ਼ਨ ਦੇ ਵਿਸਥਾਰ ਲਈ ਆਗੂ ਕਮੇਟੀ ਕਾਫੀ ਦੇਰ ਤੋਂ ਜਥੇਬੰਦੀ ਨਾਲ ਜੁੜ ਕੇ ਇਮਾਨਦਾਰੀ, ਪ੍ਰਤੀਬੱਧਤਾ ਨਾਲ ਕੰਮ ਕਰਨ ਵਾਲੇ ਦੋ ਨੌਜਵਾਨਾਂ ਕਮਲ ਸਿੱਧੂ ਅਤੇ ਬਨਦੀਪ ਕੌਰ ਗਿੱਲ ਦੀਆਂ ਲਗਾਤਰ ਸੇਵਾਵਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਐਗਜ਼ੈਕਟਿਵ ਕਮੇਟੀ (ਮੁੱਖ ਕਮੇਟੀ) ਵਿੱਚ ਸ਼ਾਮਲ ਕੀਤਾ ਗਿਆ। ਸਪੌਂਸਰਜ਼, ਮੀਡੀਆ ਅਤੇ ਸਭ ਲੋਕਾਂ ਨੂੰ ਸਹਿਯੋਗ ਦੀ ਅਪੀਲ ਕੀਤੀ ਗਈ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ਼ 403-455-4220 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰਧਾਨ ਮੰਤਰੀ ਟਰੂਡੋ ਨੇ ਈਦ ਦੀ ਵਧਾਈ ਦਿੰਦਿਆਂ ਆਖਿਆ ਮੁਸਲਮਾਨਾਂ ਦਾ ਕੈਨੇਡਾ ਦੇ ਵਿੱਚ ਅਹਿਮ ਯੋਗਦਾਨ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਇਹਨੀ ਦਿਨੀ ਈਦ ਉਲ ਫਿਤਰ ਦਾ ਤਿਉਹਾਰ ਪੂਰੀ ਦੁਨੀਆਂ ਵਿੱਚ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕੈਨੇਡਾ ਦੀ ਰਾਜਧਾਨੀ ਔਟਵਾ ਵਿਚ ਵੀ ਈਦ ਮੌਕੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਅਤੇ ਈਦ ਦੀ ਨਮਾਜ਼ ਅਦਾ ਕੀਤੀ ਗਈ। ਇਸ ਸਮਾਗਮ ਦੌਰਾਨ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਇਲਾਵਾ ਟਰਾਂਸਪੋਰਟ ਮੰਤਰੀ ਓਮਰ ਅਲਜਬਰਾ ਅਤੇ ਹੋਰ ਕਈ ਅਹਿਮ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਜਿੱਥੇ ਮੁਸਲਿਮ ਭਾਈਚਾਰੇ ਨੂੰ ਈਦ ਦੀ ਵਧਾਈ ਦਿੱਤੀ ਉਸਦੇ ਨਾਲ ਹੀ ਮੁਸਲਿਮ ਭਾਈਚਾਰੇ ਦੁਆਰਾ ਕੈਨੇਡਾ ਵਿੱਚ ਵੱਖ ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਦਾ ਜ਼ਿਕਰ ਵੀ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਇਸਲਾਮੋਫੋਬੀਆ ਅਤੇ ਮੁਸਲਮਾਨਾਂ ਖ਼ਿਲਾਫ਼ ਹੁੰਦੀਆਂ ਨਸਲੀ ਹਿੰਸਾ ਦੀਆਂ ਘਟਨਾਵਾਂ ਦਾ ਵੀ ਜ਼ਿਕਰ ਕੀਤਾ ।

# ਅਮਰੀਕਾ ਤੋਂ ਡਰੋਨਾਂ ਰਾਹੀਂ ਕੈਨੇਡਾ ਵਿਚ ਭੇਜੇ ਜਾ ਰਹੇ ਪਾਬੰਦੀਸ਼ੁਦਾ ਹਥਿਆਰਾਂ ਦਾ ਮਾਮਲਾ ਸਾਹਮਣੇ ਆਇਆ



ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਂਟਾਰੀਓ ਪ੍ਰੋਵਿਨਸ਼ੀਅਲ ਪੁਲੀਸ ਇੱਕ ਡਰੋਨ ਉੱਪਰ ਟੰਗਿਆ ਕਈ ਪੜਤਾਲਾਂ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਵਿੱਚ ਦੱਸਿਆ ਹੈ ਕਿ ਉਨ੍ਹਾਂ ਨੂੰ ਸਾਊਥ ਵੈਸਟ ਓਂਟਾਰੀਓਵਿਚ ਇਕ ਰੁੱਖ ਉੱਪਰ ਟੰਗਿਆ ਵੱਡਾ ਡ੍ਰੋਨ ਮਿਲਿਆ ਜਿਸ ਨਾਲ ਟੰਗੇ ਹੋਏ ਬੈਗ ਵਿੱਚ ਗਿਆਰਾਂ ਹੈਂਡਗਨਜ਼ ਜਾਂ ਪਿਸਤੌਲਾਂ ਸਨ । ਓਂਟਾਰੀਓ ਪੁਲੀਸ ਦੇ ਬੁਲਾਰੇ ਜੇਮੀ ਬਿਡਲੇ ਨੇ ਦੱਸਿਆ ਕਿ ਇਹ ਜੋ ਹੈਂਡਗਨਜ਼ ਮਿਲੀਆਂ ਹਨ ਇਨ੍ਹਾਂ ਚੋਂ ਜ਼ਿਆਦਾਤਰ ਕੈਨੇਡਾ ਵਿੱਚ ਪਾਬੰਦੀ ਸ਼ੁਦਾ ਹਨ । ਲੈਂਬਟਨ ਕਾਉਂਟੀ ? ਪੀ ਪੀ ਵੱਲੋਂ ਦੱਸਿਆ ਗਿਆ ਹੈ ਕਿ ਇਹ ਡਰੋਨ ਪੋਰਟ ਲੈਂਬਟਨ ਦੇ ਨਜ਼ਦੀਕ ਸੇਂਟ ਕਲੇਅਰ ਰਿਵਰ ਜੋ ਕੇ ਕੈਨੇਡਾ ਤੇ ਅਮਰੀਕਾ ਦੀ ਵਿਚਾਲੇ ਵਗਦਾ ਹੈ, ਦੇ ਕਿਨਾਰੇ ਤੇ ਇੱਕ ਰੁੱਖ ਵਿੱਚ ਫਸਿਆ ਹੋਇਆ ਮਿਲਿਆ ਹੈ। ਵਰਨਣਯੋਗ ਹੈ ਕਿ ਹਾਲ ਹੀ ਵਿਚ ਲੈਂਬਟਨ ਓਪੀਪੀ ਨੇ ਖੁਲਾਸਾ ਕੀਤਾ ਸੀ ਕਿ ਅਮਰੀਕਾ ਤੋਂ ਡ੍ਰੋਨਾਂ ਰਾਹੀਂ ਕੈਨੇਡਾ ਵਿੱਚ ਪਾਬੰਦੀਸ਼ੁਦਾ ਹਥਿਆਰ ਭੇਜੇ ਜਾ ਰਹੇ ਹਨ। ਪੁਲੀਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਅਜੇ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ ਇਸ ਦੇ ਨਾਲ ਹੀ ਪੁਲੀਸ ਨੇ ਲੋਕਾਂ ਕੋਲੋਂ ਮੱਦਦ ਮੰਗੀ ਹੈ ਕਿ ਜੇਕਰ ਕਿਸੇ ਨੂੰ ਵੀ ਇਸ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਪੁਲੀਸ ਨਾਲ ਸਾਂਝੀ ਕੀਤੀ ਜਾਵੇ ।

# ਕੈਨੇਡਾ ਦੇ ਨਾਗਰਿਕਾਂ ਨੂੰ ਪਾਸਪੋਰਟ ਰੀਨਿਊ ਕਰਾਉਣ ਵਾਸਤੇ ਖੱਜਲ ਖੁਆਰ ਹੋਣਾ ਪੈ ਰਿਹਾ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਕਾਰਨ ਆਮ ਲੋਕਾਂ ਨਾਲ ਸਬੰਧਤ ਜ਼ਿਆਦਾਤਰ ਸੇਵਾਵਾਂ ਵਿੱਚ ਵੱਡੀਆਂ ਰੁਕਾਵਟਾਂ ਲਗਾਤਾਰ ਜਾਰੀ ਹਨ। ਉਹ ਭਾਵੇਂ ਇਮੀਗਰੇਸ਼ਨ ਨਾਲ ਸਬੰਧਤ ਕੇਸਾਂ ਵਿੱਚ ਹੋ ਰਹੀ ਦੇਰੀ ਹੋਵੇ ਜਾਂ ਫਿਰ ਪਾਸਪੋਰਟ ਸੇਵਾਵਾਂ ਸਬੰਧੀ ਨਵਾਂ ਪਾਸਪੋਰਟ ਬਣਾਉਣ ਜਾਂ ਰੀ ਨਿਊ ਕਰਵਾਉਣ ਸਬੰਧੀ ਹੋਵੇ। ਕੈਨੇਡਾ ਵਿੱਚ ਉਹ ਲੋਕ ਜਿਨ੍ਹਾਂ ਦੇ ਪਾਸਪੋਰਟ ਰੀਨਿਊ ਹੋਣ ਵਾਲੇ ਹਨ ਉਹ ਗਹਿਰੀ ਚਿੰਤਾ ਵਿੱਚ ਹਨ ਕਿਉਂਕਿ ਸਰਵਿਸ ਕੈਨੇਡਾ ਕੋਲ ਇੰਨਾ ਜ਼ਿਆਦਾ ਬੈਕਲਾਗ ਹੋ ਗਿਆ ਹੈ ਕਿ ਲੋਕਾਂ ਨੂੰ ਆਪਣੇ ਪਾਸਪੋਰਟਾਂ ਲਈ ਲੰਬਾ ਇੰਤਜ਼ਾਰ ਕਰਨਾ ਪੈ ਰਿਹਾ ਹੈ ਜਿਸ ਕਰਕੇ ਉਹ ਕਿਤੇ ਆਉਣ ਜਾਣ ਬਾਰੇ ਯੋਜਨਾ ਵੀ ਨਹੀਂ ਬਣਾ ਸਕਦੇ ।

# ਕੈਨੇਡਾ ਦੀ ਫੌਜ ਵੱਲੋਂ ਯੂਕਰੇਨ ਦੀ ਫੌਜ ਨੂੰ ਦਿੱਤੀ ਜਾ ਰਹੀ ਹਥਿਆਰ ਚਲਾਉਣ ਦੀ ਸਿਖਲਾਈ - ਅਨੀਤਾ ਆਨੰਦ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਆਖਿਆ ਹੈ ਕਿ ਕੈਨੇਡਾ ਵੱਲੋਂ ਯੂਕਰੇਨ ਨੂੰ ਟ੍ਰਿਪਲ ਸੈਵਨ ਹੌਵਿਟਜ਼ਰ ਤੋਪਾਂ ਭੇਜੀਆਂ ਗਈਆਂ ਸਨ ਅਤੇ ਹੁਣ ਕੈਨੇਡੀਅਨ ਫ਼ੌਜ ਵੱਲੋਂ ਯੂਕਰੇਨ ਦੀ ਫੌਜ ਨੂੰ ਇਨ੍ਹਾਂ ਹਥਿਆਰਾਂ ਨੂੰ ਚਲਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਰੱਖਿਆ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੀ ਵਾਰ ਪੈਂਟਾਗਨ ਪਹੁੰਚੀ ਅਨੀਤਾ ਆਨੰਦ ਨੇ ਆਪਣੇ ਅਮਰੀਕੀ ਹਮਰੁਤਬਾ ਲੌਇਡ ਆਸਟਿਨ ਦੇ ਨਾਲ ਮੀਟਿੰਗ ਉਪਰੰਤ ਸੰਬੋਧਨ ਕਰਦਿਆਂ ਆਖਿਆ ਕਿ ਜਦੋਂ ਤੋਂ ਰੂਸ ਨੇ ਯੂਕਰੇਨ ਉਪਰ ਹਮਲਾ ਕੀਤਾ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਕੈਨੇਡਾ ਵੱਲੋਂ ਲਗਾਤਾਰ ਯੂਕਰੇਨ ਨੂੰ ਫੌਜੀ ਸਾਜ਼ੋ ਸਾਮਾਨ ਦੀ ਮੱਦਦ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਆਉਂਦੇ ਦਿਨਾਂ ਵਿੱਚ ਹੋਰ 8 ਆਰਮਡ ਵਹੀਕਲ ਯੂਕਰੇਨ ਨੂੰ ਦਿੱਤੇ ਜਾ ਰਹੇ ਹਨ।

# 250,000 ਡਾਲਰ ਦੇ ਇਨਾਮ ਵਾਲਾ ਸਭ ਤੋਂ ਵੱਧ ਲੋੜੀਂਦਾ ਸ਼ੱਕੀ ਟੋਰਾਂਟੋ ਪੁਲੀਸ ਨੇ ਗ੍ਰਿਫ਼ਤਾਰ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਬੋਲੋ ਪ੍ਰੋਗਰਾਮ ਜਿਸ ਤਹਿਤ ਕੈਨੇਡਾ ਦੇ ਸਭ ਤੋਂ ਵੱਧ ਲੋੜੀਂਦੇ ਅਪਰਾਧੀਆਂ ਨੂੰ ਫੜਨ ਲਈ ਸੋਸ਼ਲ ਮੀਡੀਆ ਅਤੇ ਤਕਨੀਕ ਦਾ ਸਹਾਰਾ ਲੈ ਕੇ ਲੋਕਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਇਨ੍ਹਾਂ ਅਪਰਾਧੀਆਂ ਬਾਰੇ ਜਾਣਕਾਰੀ ਸਾਂਝੀ ਕਰਨ ਦੇ ਇਕ ਦਿਨ ਬਾਅਦ ਹੀ ਟੋਰਾਂਟੋ ਪੁਲੀਸ ਨੂੰ ਵੱਡੀ ਕਾਮਯਾਬੀ ਮਿਲੀ । ਵਰਨਣਯੋਗ ਹੈ ਕਿ ਬੀਤੇ ਦਿਨੀ ਬੋਲੋ ਪ੍ਰੋਗਰਾਮ ਤਹਿਤ ਕੈਨੇਡਾ ਦੇ ਸਭ ਤੋਂ ਵੱਧ ਲੋੜੀਂਦੇ 25 ਦੋਸ਼ੀਆਂ ਜਾਂ ਸ਼ੱਕੀਆਂ ਦੀ ਸੂਚੀ ਜਾਰੀ ਕੀਤੀ ਗਈ ਸੀ। ਇਨ੍ਹਾਂ ਵਿੱਚੋਂ ਨੰਬਰ ਇੱਕ ਸ਼ੱਕੀ ਵਿਅਕਤੀ ਅਬੀਲਾਜੀਜ਼ ਮੁਹੰਮਦ ਜੋ ਪਿਛਲੇ ਸਾਲ 13 ਅਕਤੂਬਰ ਨੂੰ ਇੱਕ 43 ਸਾਲਾ ਵਿਅਕਤੀ ਕ੍ਰੇਗ ਮੈਕਡੋਨਲਡ ਦੀ ਹੱਤਿਆ ਦੇ ਦੋਸ਼ ਵਿਚ ਲੋੜੀਂਦਾ ਸੀ ਅਤੇ ਇਸ ਵਿਅਕਤੀ ਉਪਰ ਟੋਰਾਂਟੋ ਪੁਲੀਸ ਵੱਲੋਂ ਢਾਈ ਲੱਖ ਡਾਲਰ ਦਾ ਇਨਾਮ ਰੱਖਿਆ ਗਿਆ ਸੀ । ਪੁਲੀਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੋਲੋ ਪ੍ਰੋਗਰਾਮ ਦੇ ਐਲਾਨ ਤੋਂ ਬਾਅਦ ਇੱਕ ਅਗਿਆਤ ਸੂਚਨਾ ਮਿਲੀ ਸੀ ਜਿਸ ਵਿੱਚ ਮੁਹੰਮਦ ਦੇ ਟਿਕਾਣੇ ਦਾ ਪਤਾ ਦੱਸਿਆ ਗਿਆ ਸੀ। ਜਿਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲੀਸ ਮੁਖੀ ਜੇਮਜ਼ ਰੇਮਰ ਨੇ ਸੂਚਨਾ ਦੇਣ ਵਾਲੇ ਦਾ ਧੰਨਵਾਦ ਕੀਤਾ ਹੈ ਅਤੇ ਆਖਿਆ ਹੈ ਕਿ ਉਕਤ ਸ਼ੱਕੀ ਦੀ ਗ੍ਰਿਫ਼ਤਾਰੀ ਨਾਲ ਮ੍ਰਿਤਕ ਦੇ ਪਰਿਵਾਰ ਨੂੰ ਕੁੱਝ ਤਸੱਲੀ ਮਿਲੇਗੀ। ਉਨ੍ਹਾਂ ਨਾਲ ਹੀ ਆਖਿਆ ਕਿ ਅਸੀਂ ਬੋਲੋ ਪਾਰਟਨਰਜ਼ ਦੇ ਨਾਲ ਮਿਲ ਕੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਾਂਗੇ ਅਤੇ ਇਹ ਜੋ ਗ੍ਰਿਫ਼ਤਾਰੀ ਹੋਈ ਹੈ ਇਸ ਨਾਲ ਉਨ੍ਹਾਂ ਲੋਕਾਂ ਨੂੰ ਸਪੱਸ਼ਟ ਸੁਨੇਹਾ ਮਿਲ ਜਾਵੇਗਾ ਜੋ ਕਾਨੂੰਨ ਦੀ ਉਲੰਘਣਾ ਕਰਨਾ ਚਾਹੁੰਦੇ ਹਨ ।

# ਇਤਿਹਾਸਿਕ ਗੈਸ ਟਾਊਨ ਸਟੀਮ ਕਲਾਕ ਦਾ ਸ਼ੀਸ਼ਾ ਤਿੜਕਿਆ



ਵੈਨਕੂਵਰ(ਪੰਜਾਬੀ ਅਖ਼ਬਾਰ ਬਿਊਰੋ) ਵੈਨਕੂਵਰ ਵਿਚ ਕਈ ਅਜਿਹੀਆਂ ਦੇਖਣਯੋਗ ਤੇ ਇਤਿਹਾਸਕ ਥਾਵਾਂ ਹਨ ਜਿਨ੍ਹਾਂ ਵਾਸਤੇ ਹਰ ਸਾਲ ਸੈਲਾਨੀ ਵੱਡੀ ਗਿਣਤੀ ਚ ਵੈਨਕੂਵਰ ਪਹੁੰਚਦੇ ਹਨ। ਇਨ੍ਹਾਂ ਇਤਿਹਾਸਕ ਚੀਜ਼ਾਂ ਦੇ ਵਿੱਚੋਂ ਹੀ ਇੱਕ ਹੈ ਗੈਸ ਟਾਊਨ ਸਟੀਮ ਕਲਾਕ ਪਰ ਅਚਾਨਕ ਇਸ ਇਤਿਹਾਸਕ ਕਲਾਕ ਦਾ ਸ਼ੀਸ਼ਾ ਤਿੜਕ ਗਿਆ ਜੋ ਮੰਨਿਆ ਜਾ ਰਿਹਾ ਹੈ ਕਿ ਕਿਸੇ ਦੀ ਸ਼ਰਾਰਤ ਹੋ ਸਕਦੀ ਹੈ ਅਤੇ ਹੁਣ ਪੁਲੀਸ ਵੱਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੈ ।


















# ਕੈਨੇਡੀਅਨ ਆਰਮਡ ਫੋਰਸਿਜ਼ ਵਿੱਚੋਂ ਨਸਲਵਾਦ ਖ਼ਤਮ ਕਰਨ ਲਈ ਬਹੁਤ ਕੁੱਝ ਕਰਨ ਦੀ ਲੋੜ : ਟਰੂਡੋ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਨੇਡਾ ਵਿੱਚ ਇੱਕ ਰਿਪੋਰਟ ਨਸ਼ਰ ਹੋਈ ਸੀ ਜਿਸ ਵਿਚ ਦੱਸਿਆ ਗਿਆ ਸੀ ਕਿ ਕੈਨੇਡੀਅਨ ਆਰਮਡ ਫੋਰਸਿਜ਼ ਵਿੱਚੋਂ ਨਸਲਵਾਦ ਖ਼ਤਮ ਕਰਨ ਲਈ ਉਨੇ ਉਪਰਾਲੇ ਨਹੀਂ ਕੀਤੇ ਜਾ ਰਹੇ ਜਿੰਨੇ ਹੋਣੇ ਚਾਹੀਦੇ ਹਨ। ਇਸ ਸਬੰਧੀ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲੋਂ ਪੱਤਰਕਾਰਾਂ ਨੇ ਸਵਾਲ ਪੁੱਛਿਆ ਤਾਂ ਪ੍ਰਧਾਨ ਮੰਤਰੀ ਨੇ ਮੰਨਿਆ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਇਹ ਸਮੱਸਿਆ ਦਹਾਕਿਆਂ ਪੁਰਾਣੀ ਹੈ ਤੇ ਤੇ ਅਸੀਂ ਪਿਛਲੇ ਕੁੱਝ ਸਾਲਾਂ ਤੋਂ ਇਸ ਸਮੱਸਿਆ ਨੂੰ ਹੱਲ ਕਰਨ ਲਈ ਯਤਨ ਕਰ ਰਹੇ ਹਾਂ ਖਾਸ ਤੌਰ ਤੇ ਉਨ੍ਹਾਂ ਪਿਛਲੇ ਸਾਲ ਤੋਂ ਕੈਨੇਡੀਅਨ ਫੋਰਸਿਜ਼ ਵਿਚੋਂ ਇਸ ਬੁਰਾਈ ਨੂੰ ਖ਼ਤਮ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਉਪਰ ਜ਼ੋਰ ਦਿੱਤਾ। ਵਰਨਣਯੋਗ ਹੈ ਕਿ ਕੈਨੇਡੀਅਨ ਆਰਮੀ ਵਿੱਚ ਹੋ ਰਹੇ ਨਸਲੀ ਵਿਤਕਰੇ ਸਬੰਧੀ ਇੱਕ ਤਾਜ਼ਾ ਰਿਪੋਰਟ ਸਾਹਮਣੇ ਆਈ ਹੈ, ਜਿਸ ਵਿੱਚ ਇਹ ਖ਼ੁਲਾਸਾ ਕੀਤਾ ਗਿਆ ਹੈ ਕਿ ਮਿਲਟਰੀ ਇਸ ਸਮੱਸਿਆ ਨੂੰ ਨਜਿੱਠਣ ਲਈ ਕੁੱਝ ਖਾਸ ਨਹੀਂ ਕਰ ਰਹੀ ਹੈ। ਇਹ ਰਿਪੋਰਟ ਡਿਫੈਂਸ ਮਨਿਸਟਰ ਅਨੀਤਾ ਆਨੰਦ ਵੱਲੋਂ ਰਿਲੀਜ਼ ਕੀਤੀ ਗਈ ਹੈ। ਇਸ ਰਿਪੋਰਟ ਨੂੰ ਤਿਆਰ ਕਰਨ ਲਈ ਰਿਟਾਇਰਡ ਆਰਮੀ ਆਫੀਸਰ ਪਿਛਲੇ ਸਾਲ ਤੋਂ



ਕੰਮ ਕਰ ਰਹੇ ਸਨ। ਇਸ ਪੈਨਲ ਨੇ ਦੱਸਿਆ ਕਿ ਆਰਮਡ ਫੋਰਸਿਜ਼ ਵੱਲੋਂ ਨਸਲਵਾਦ ਦੀਆਂ ਕਈ ਪੁਰਾਣੀਆਂ ਰਿਪੋਰਟਾਂ ਅਤੇ ਘਟਨਾਵਾਂ ਨੂੰ ਰਿਵਿਊ ਨਹੀਂ ਕੀਤਾ ਗਿਆ ਤੇ ਨਾ ਹੀ ਕੋਈ ਐਕਸ਼ਨ ਲਿਆ ਗਿਆ ਹੈ। ਕੈਨੇਡੀਅਨ ਫ਼ੌਜ ਵਿਚ ਇਸ ਸਮੱਸਿਆ ਦਹਾਕਿਆਂ ਤੋਂ ਹੈ। ਫ਼ੌਜ ਵਿੱਚ ਉੱਚ ਅਹੁਦਿਆਂ ਤੇ ਵਾਈਟਮੈਨ ਬਿਰਾਜਮਾਨ ਹਨ ਅਤੇ ਉਨ੍ਹਾਂ ਵੱਲੋਂ ਹੋਰਨਾਂ ਵਰਗਾਂ ਦੇ ਬਾਕੀ ਫੌਜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਸ ਰਿਪੋਰਟ ਅਨੁਸਾਰ ਕੈਨੇਡਾ ਦੀ ਫੌਜ ਵਿੱਚ 71 ਪ੍ਰਤੀਸਤ ਵਾਈਟਮੈਨਮੈਨ ਹਨ ਜਦਕਿ ਸਿਵਿਲੀਅਨ ਵਰਗ ਫੋਰਸ ਵਿੱਚ ਉਨ੍ਹਾਂ ਦੀ ਗਿਣਤੀ 39 ਪ੍ਰਤੀਸਤ ਹੈ। ਇਸ ਰਿਪੋਰਟ ਅਨੁਸਾਰ ਇੰਡੀਜਨਸ ਵਿਜ਼ੀਬਲ ਮੈਨੋਰਟੀ ਅਤੇ ਖਾਸ ਕਰਕੇ ਔਰਤਾਂ ਦੀ ਪ੍ਰਤੀਨਿਧਤਾ ਜ਼ਿਆਦਾ ਨਹੀਂ ਹੈ। ਪਿਛਲੇ ਵੀਹ ਸਾਲਾਂ ਦੌਰਾਨ 40 ਇਨਕੁਆਰੀ ਹੋਈਆਂ ਹਨ ਜਿਨ੍ਹਾਂ ਦਾ ਅਧਿਐਨ ਕਰਨ ਤੋਂ ਬਾਅਦ 258 ਦੇ ਕਰੀਬ ਰਿਕਮੈਂਡੇਸ਼ਨਜ਼ ਦੀ ਦਿੱਤੀਆਂ ਗਈਆਂ ਹਨ ਤਾਂ ਕਿ ਇਸ ਸਮੱਸਿਆ ਦਾ ਕੁੱਝ ਹੱਲ ਨਿਕਲ ਸਕੇ।

# ਰਾਇਰਸਨ ਯੂਨੀਵਰਸਿਟੀ ਦਾ ਨਾਮ ਬਦਲ ਕੇ ਟੋਰਾਂਟੋ ਮੈਟਰੋਪੋਲਿਟਨ ਯੂਨੀਵਰਸਿਟੀ ਰੱਖਿਆ ਗਿਆ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੀ ਰਾਇਰਸਨ ਯੂਨੀਵਰਸਿਟੀ ਦਾ ਨਾਂ ਬਦਲ ਕੇ ਟੋਰਾਂਟੋ ਮੈਟਰੋਪੋਲੀਟਿਨ ਯੂਨੀਵਰਸਿਟੀ ਕਰ ਦਿੱਤਾ ਗਿਆ ਹੈ, ਜਿਸ ਦਾ ਅਧਿਕਾਰਤ ਤੌਰ ਤੇ ਐਲਾਨ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਅਤੇ ਵਾਈਸ ਚਾਂਸਲਰ ਨੇ ਇੱਕ ਬਿਆਨ ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਗਈ ਹੈ। ਵਰਨਣਯੋਗ ਹੈ ਕਿ ਰਾਇਰਸਨ ਦਾ ਨਾਂ




ਉਨ੍ਹਾਂ ਲੋਕਾਂ ਵਿੱਚ ਸ਼ਾਮਲ ਹੈ ਜਿਨ੍ਹਾਂ ਨੇ ਕੈਨੇਡਾ ਵਿੱਚ ਰੈਜ਼ੀਡੈਂਸ਼ੀਅਲ ਸਕੂਲਾਂ ਦੀ ਸ਼ੁਰੂਆਤ ਕੀਤੀ ਸੀ ਅਤੇ ਜਿਨ੍ਹਾਂ ਵਿੱਚ ਮੂਲਵਾਸੀ ਭਾਈਚਾਰੇ ਦੇ ਬੱਚਿਆਂ ਉੱਪਰ ਜ਼ੁਲਮ ਕੀਤੇ ਜਾਂਦੇ ਰਹੇ ਹੋਣ ਦੀਆਂ ਮੰਦਭਾਗੀਆਂ ਖ਼ਬਰਾਂ ਪਿਛਲੇ ਸਮੇ ਉੱਭਰਕੇ ਸਾਹਮਣੇ ਆਈਆ ਸਨ। ਵੱਖ ਵੱਖ ਰੈਜ਼ੀਡੈਂਸ਼ੀਅਲ ਸਕੂਲਾਂ ਵਾਲੀਆਂ ਸਾਈਟਾਂ ਤੋਂ ਮਿਲੀਆਂ ਕਬਰਾਂ ਤੋਂ ਬਾਅਦ ਇਹ ਸਕੂਲ ਸਿਸਟਮ ਸ਼ੁਰੂ ਕਰਨ ਵਾਲੇ ਲੋਕਾਂ ਖ਼ਿਲਾਫ਼ ਕਾਫੀ ਰੋਸ ਪਾਇਆ ਜਾ ਰਿਹਾ ਸੀ। ਇਸੇ ਤਹਿਤ ਰਾਯਰਸਨ ਯੂਨੀਵਰਸਿਟੀ ਦਾ ਨਾਮ ਬਦਲਣ ਲਈ ਵੀ ਵੱਡੇ ਪੱਧਰ ਤੇ ਮੰਗ ਹੋ ਰਹੀ ਸੀ।

# ਕੈਨੇਡਾ ਦੇ ਦੋ ਨੈਸ਼ਨਲ ਚੈਨਲਾਂ ਤੇ ਜੂਨ 4, 2022 ਤੋਂ ਸ਼ੁਰੂ ਹੋ ਰਿਹਾ ਹੈ ਲੜੀਵਾਰ ਹਫਤਾਵਾਰੀ ਸ਼ੋਅ 'ਗੁਰ ਗਿਆਨ ਦਾ ਨਗਾਰਾ'

ਰੀਜਾਇਨਾ (ਪੰਜਾਬੀ ਅਖਬਾਰ ਬਿਊਰੋ) ਵਿਦੇਸਾਂ ਵਿੱਚ ਵਸਦੀ ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਦਾ ਗਿਆਨ ਵੰਡਣ ਵਾਸਤੇ ਕੈਨੇਡਾ ਦੇ ਦੋ ਨੈਸ਼ਨਲ ਚੈਨਲ (ਫੇਥ ਟੀਵੀ ਅਤੇ ਜੁਆਇ ਟੀਵੀ) ਉੱਪਰ ਜੂਨ 4, 2022 ਤੋਂ ਸ਼ੁਰੂ ਹੋ ਰਹੇ ਹਫਤਵਾਰੀ ਲੜੀਵਾਰ ਗੁਰ ਗਿਆਨ ਦਾ ਨਗਾਰਾ ਵਾਰੇ ਗੁਰ ਗਿਆਨ ਲਰਨਿੰਗ ਸੈਂਟਰ ਦੇ ਇੰਚਾਰਜ ਇਸ ਸ਼ੋਅ ਦੇ ਪ੍ਰੋਡਿਊਸਰ ਗਿਆਨੀ ਰਾਮ ਸਿੰਘ ਚਹਿਲਾਂ ਨੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।




ਉਹਨਾਂ ਦੱਸਿਆ ਕਿ ਇਸ ਹਫਤਾਵਾਰੀ ਲੜੀਵਾਰ ਸ਼ੋਅ ਦੀ ਰਿਕਾਰਡਿੰਗ ਚੱਲ ਰਹੀ ਹੈ। ਕੈਨੇਡਾ ਦੇ ਜੰਮਪਲ ਬੱਚੇ ਅਤੇ ਨੌਜਵਾਨਾਂ ਦੇ ਟੈਲੈਂਟ ਨੂੰ ਉਭਾਰਨ ਵਾਸਤੇ ਉਹਨਾਂ ਨੂੰ ਧਾਰਮਿਕ ਗੀਤ, ਕਵਿਤਾ ਅਤੇ ਲੈਕਚਰ ਦੇਣ ਵਾਸਤੇ ਇਸ ਸ਼ੋਅ ਵਿੱਚ ਹਰ ਹਫਤੇ ਸ਼ਾਮਿਲ ਕੀਤਾ ਜਾਇਆ ਕਰੇਗਾ। ਜਿਹੜੇ ਬੱਚੇ ਜਾਂ ਨੌਜਵਾਨ ਇਸ ਟੀਵੀ ਸੀਰੀਅਲ ਦੇ ਇਸ ਸ਼ੋਅ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ ਉਹ ਔਡੀਸ਼ਨ ਵਾਸਤੇ ਸੰਪਰਕ ਕਰ ਸਕਦੇ ਹਨ।

ਇਸ ਪ੍ਰੋਗਰਾਮ ਬਾਰੇ ਹੋਰ ਵਿਸਥਾਰ ਸਹਿਤ ਉਹਨਾਂ ਦੱਸਿਆ ਕਿ ਇਸ ਵਿੱਚ ਪਹਿਲੇ ਹਫਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਸਾਡੀ ਰੋਜਾਨਾ ਜਿੰਦਗੀ ਵਿੱਚ ਅਤੇ ਸਾਡੇ ਘਰਾਂ ਵਿੱਚ ਕੰਮ ਦੇਣ ਵਾਲੇ ਬਹੁਤ ਹੀ ਕੀਮਤੀ ਨੁਕਤਿਆਂ ਬਾਰੇ ਸੌਖੇ ਤਰੀਕੇ ਨਾਲ ਸਮਝਾ ਕੇ ਪ੍ਰਚਾਰ ਕੀਤਾ ਜਾਵੇਗਾ। ਦੂਜੇ ਹਫਤੇ ਗੁਰੂ ਇਤਿਹਾਸਿਕ ਵਰਤਾਰਿਆਂ ਵਿੱਚੋਂ ਇੱਕ ਸਾਖੀ ਸੁਣਾ ਕੇ ਬੱਚਿਆਂ ਅਤੇ ਨੌਜਵਾਨਾਂ ਦੀ ਅੱਜ ਦੇ ਸਮੇਂ ਦੀ ਜਿੰਦਗੀ ਵਿੱਚ ਸੁਧਾਰ ਲਿਆਉਣ ਵਾਲੀਆਂ ਬਹੁਤ ਹੀ ਕੀਮਤੀ ਸਿੱਖਿਆਵਾਂ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਪ੍ਰਸਾਰਨ ਕੀਤਾ ਜਾਵੇਗਾ। ਤੀਜੇ ਹਫਤੇ ਗੁਰਮਤਿ ਦੇ ਸਿਧਾਂਤਾਂ ਬਾਰੇ ਜਾਣਕਾਰੀ ਦੇ ਕੇ ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਨਾਲ ਜੋੜਨ ਲਈ ਇੱਕ ਲਹਿਰ ਬਨਾਉਣ ਦਾ ਯਤਨ ਕੀਤਾ ਜਾਵੇਗਾ। ਚੌਥੇ ਹਫਤੇ ਨੌਜਵਾਨ ਮਾਪਿਆਂ ਲਈ ਗੁਰਬਾਣੀ ਅਤੇ ਇਤਿਹਾਸ ਦੇ ਝਰੋਖੇ ਵਿੱਚੋਂ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਲਈ ਪੇਰੈਂਟਿੰਗ ਦੇ ਨੁਕਤੇ ਦੱਸੇ ਜਾਇਆ ਕਰਨਗੇ। ਉਪਰੋਕਤ ਵਿਸ਼ਿਆਂ ਰਾਹੀਂ ਘਰ ਘਰ ਤੱਕ ਅਰਥਾਂ ਸਮੇਤ ਸਹਿਜ ਪਾਠ ਕਰਨ ਦੀ ਲਹਿਰ ਨੂੰ ਵੀ ਉਭਾਰਿਆ ਜਾਵੇਗਾ ਅਤੇ ਸਿੱਖ ਕੌਮ ਦੀ ਨਵੀਂ ਪੀੜ੍ਹੀ ਦੇ ਹਿਰਦੇ ਵਿੱਚ ਗੁਰੂ ਵਿਰਸੇ ਦਾ ਪਿਆਰ ਜਗਾਉਣ ਲਈ ਨੌਜਵਾਨ ਪੀੜ੍ਹੀ ਵਿੱਚ ਸਮੂੰਹਿਕ ਚੇਤਨਾ ਜਗਾ ਕੇ ਸਮੂੰਹਿਕ ਯਤਨ ਕਰਨ ਦੀ ਇੱਕ ਲਹਿਰ ਪੈਦਾ ਕੀਤੀ ਜਾਵੇਗੀ, ਤਾਂ ਕਿ ਗੁਰਬਾਣੀ ਅਤੇ ਗੁਰੂ ਵਿਰਸੇ ਦਾ ਪਿਆਰ ਘਰ ਘਰ ਵਿੱਚ ਪਹੁੰਚੇ। ਦੋਵਾਂ ਟੀਵੀ ਚੈਨਲਾਂ ਦੇ ਟਾਈਮ ਟੇਬਲ ਬਾਰੇ ਉਹਨਾਂ ਦੱਸਿਆ ਕਿ ਗੁਰ ਗਿਆਨ ਦਾ ਨਗਾਰਾ ਸ਼ੋਅ ਸਮੁੱਚੇ ਕੈਨੇਡਾ ਵਿੱਚ ਦੇਖਿਆ ਜਾ ਸਕੇਗਾ। ਇਹ ਫੇਥ ਟੀਵੀ ਤੇ ਹਰੇਕ ਸ਼ਨਿੱਚਰਵਾਰ ਨੂੰ ਬੀ.ਸੀ. ਵਿੱਚ ਦੁਪਹਿਰ 2:00 ਤੋਂ 3:00 ਵਜੇ, ਅਲਬਰਟਾ ਅਤੇ ਸਸਕੈਚਵਨ ਵਿੱਚ ਦੁਪਹਿਰ 3:00 ਤੋਂ 4:00 ਵਜੇ, ਮੈਨੀਟੋਬਾ ਵਿੱਚ ਦੁਪਹਿਰ 4:00 ਤੋਂ 5:00 ਵਜੇ ਅਤੇ ਓਂਟਾਰੀਓ ਵਿੱਚ ਦੁਪਹਿਰ 5:00 ਤੋਂ 6:00 ਵਜੇ ਰਿਲੇਅ ਹੋਇਆ ਕਰੇਗਾ। ਜੁਆਇ ਟੀਵੀ ਤੇ ਹਰੇਕ ਸ਼ਨਿੱਚਰਵਾਰ ਨੂੰ ਬੀ.ਸੀ. ਵਿੱਚ ਦੁਪਹਿਰ 12:00 ਤੋਂ 1:00 ਵਜੇ, ਅਲਬਰਟਾ ਅਤੇ ਸਸਕੈਚਵਨ ਵਿੱਚ ਦੁਪਹਿਰ 1:00 ਤੋਂ 2:00 ਵਜੇ, ਮੈਨੀਟੋਬਾ ਵਿੱਚ ਦੁਪਹਿਰ 2:00 ਤੋਂ 3:00 ਵਜੇ ਅਤੇ ਓਂਟਾਰੀਓ ਵਿੱਚ ਦੁਪਹਿਰ 3:00 ਤੋਂ 4:00 ਵਜੇ ਰਿਲੇਅ ਹੋਇਆ ਕਰੇਗਾ। ਇਹ ਦੋਵੇਂ ਟੀਵੀ ਚੈਨਲ ਤਿੰਨੋਂ ਪ੍ਰੋਵਾਈਡਰ ਤੇ ਰਿਲੇਅ ਹੁੰਦੇ ਹਨ ਜੋ ਕਿ ਸ਼ਾਅ ਦੇ 10 ਨੰਬਰ ਚੈਨਲ ਤੇ, ਬੈਲ ਦੇ 656 ਨੰਬਰ ਚੈਨਲ ਤੇ ਅਤੇ ਟੈਲਸ ਦੇ 123 ਨੰਬਰ ਚੈਨਲ ਤੇ ਰਿਲੇਅ ਹੁੰਦੇ ਹਨ।

ਆਖੀਰ ਤੇ ਉਹਨਾਂ ਦੱਸਿਆ ਕਿ ਜਿਹੜੇ ਬੱਚੇ ਜਾਂ ਨੌਜਵਾਨ ਗੁਰ ਗਿਆਨ ਦਾ ਨਗਾਰਾ ਸ਼ੋਅ ਵਿੱਚ ਕੋਈ ਧਾਰਮਿਕ ਕਵਿਤਾ, ਗੀਤ ਜਾਂ ਲੈਕਚਰ ਰਿਕਾਰਡ ਕਰਵਾਉਣਾ ਚਾਹੁੰਦੇ ਹਨ ਜਾਂ ਆਪਣੇ ਕਾਰੋਬਾਰ ਦੀ ਐਡ ਦੇਣਾ ਚਾਹੁੰਦੇ ਹਨ ਤਾਂ ਉਹ ਫੋਨ ਨੰਬਰ 639-590-4464 ਤੇ ਜਾਂ ਈ ਮੇਲ ਗੁਰਗਿਆਨ ਲਰਨਿੰਗ ਸੈਂਟਰ ਐਟ ਜੀਮੇਲ ਡੌਟ ਕੌਮ ਵੈੱਬਸਾਈਟ ਗੁਰਗਿਆਨ ਡੌਟ ਕੌਮ ਤੇ ਸੰਪਰਕ ਕਰ ਸਕਦੇ ਹਨ।





















## ਸੰਪਾਦਕੀ



ਸਦਭਾਵਨਾ ਤੇ ਸਾਂਝੀਵਾਲਤਾ ਨੂੰ ਅਲਵਿਦਾ, ਪਤਨ ਨੂੰ ਸੱਦਾ ਦੇਣਾ ਹੈ। -ਸੈਲੂਸਟ

# ਫਿਰਕੂ ਟਕਰਾਓ ਤੇ ਪੰਜਾਬੀ

ਪਟਿਆਲਾ ਵਿਖੇ ਪਿਛਲੇ ਦਿਨੀਂ ਦੋ ਧੜਿਆਂ ਵਿਚਾਲੇ ਜੋ ਟਕਰਾਓ ਵਧਿਆ ਉਸ ਨੇ ਨਿਸ਼ਚਿਤ ਹੀ ਪੰਜਾਬ ਦੇ ਲੋਕਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਕਿਉਂਕਿ ਸੂਬੇ ਦੇ ਲੋਕ ਸ਼ਾਂਤੀ ਅਤੇ ਅਮਨ ਚਾਹੁੰਦੇ ਹਨ। ਟਕਰਾਅ ਦੌਰਾਨ ਪੁਲਿਸ ਨੇ ਹਵਾ 'ਚ ਗੋਲੀ ਚਲਾਈ ਅਤੇ ਕਰਫਿਊ ਲਗਾਉਣਾ ਪਿਆ। ਇੱਕ ਨੌਜਵਾਨ ਦੇ ਗੋਲੀ ਲੱਗੀ ਅਤੇ ਪੁਲਿਸ ਕਰਮਚਾਰੀਆਂ ਸਮੇਤ ਹੋਰ ਕਈ ਜ਼ਖ਼ਮੀ ਹੋਏ। ਪੰਜਾਬ ਸਰਕਾਰ ਨੇ ਪਟਿਆਲਾ ਰੇਂਜ ਦੇ ਇੰਸਪੈਕਟਰ ਜਨਰਲ, ਜ਼ਿਲ੍ਹਾ ਪੁਲਿਸ ਮੁਖੀ (ਐੱਸਐੱਸਪੀ) ਅਤੇ ਐੱਸਪੀ (ਸਿਟੀ) ਨੂੰ ਬਦਲ ਦਿੱਤਾ ਹੈ। ਖ਼ਬਰਾਂ ਤੋਂ ਜਾਣਕਾਰੀ ਮਿਲੀ ਹੈ ਕਿ ਇਨ੍ਹਾਂ ਧੜਿਆਂ ਵਿਚਕਾਰ ਤਣਾਅ ਕਈ ਦਿਨਾਂ ਤੋਂ ਵਧ ਰਿਹਾ ਸੀ ਅਤੇ ਪੁਲਿਸ ਅਧਿਕਾਰੀਆਂ ਨੂੰ ਇਸ ਬਾਰੇ ਜਾਣਕਾਰੀ ਸੀ। ਇਹ ਵੀ ਸਪੱਸ਼ਟ ਹੈ ਕਿ ਉਨ੍ਹਾਂ ਮੁੱਦਿਆਂ 'ਤੇ ਤਣਾਅ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਨ੍ਹਾਂ ਦਾ ਪੰਜਾਬ ਦੇ ਲੋਕਾਂ ਨਾਲ ਕੋਈ ਲੈਣਾ ਦੇਣਾ ਨਹੀਂ ਅਤੇ ਨਾ ਹੀ ਲੋਕਾਂ ਦੇ ਮਨਾਂ ਵਿੱਚ ਉਨ੍ਹਾਂ ਬਾਰੇ ਕੋਈ ਕਸ਼ਮਕਸ਼ ਹੈ। ਪੰਜਾਬ ਵਿੱਚ ਕੋਈ ਸਿਆਸੀ ਧਿਰ ਖ਼ਾਲਿਸਤਾਨ ਦੀ ਹਮਾਇਤ ਨਹੀਂ ਕਰਦੀ। ਕਿਸੇ ਵਿਦੇਸ਼ੀ ਬੰਦੇ ਵਿਰੁੱਧ 'ਖ਼ਾਲਿਸਤਾਨ ਮੁਰਦਾਬਾਦ' ਮਾਰਚ ਕੱਢਣਾ ਅਜਿਹੇ ਮੁੱਦੇ ਨੂੰ ਲੋਕਾਂ ਦੇ ਧਿਆਨ ਵਿੱਚ ਲਿਆਉਣ ਦੀ ਕੋਸ਼ਿਸ਼ ਹੈ, ਜਿਸ ਨੂੰ ਉਨ੍ਹਾਂ ਨੇ ਪਹਿਲਾਂ ਹੀ ਅਸਵੀਕਾਰ ਕਰ ਦਿੱਤਾ ਹੈ।ਹਿੰਦੂ ਤੇ ਸਿੱਖ ਭਾਈਚਾਰਿਆਂ 'ਚ ਸਦੀਆਂ ਤੋਂ ਭਾਈਚਾਰਕ, ਸੱਭਿਆਚਾਰਕ ਤੇ ਸਮਾਜਿਕ ਸਾਂਝਾਂ ਹਨ। ਇਹ ਸਾਂਝ ਗੁਰੂ ਨਾਨਕ ਦੇਵ ਜੀ ਅਤੇ ਸਿੱਖ ਗੁਰੂਆਂ ਦੇ ਸਮਿਆਂ 'ਚ ਹੋਰ ਵਧੀ। ਲੱਖਾਂ ਹਿੰਦੂਆਂ ਨੇ ਸਿੱਖ ਧਰਮ ਅਪਣਾਇਆ ਤੇ ਵੱਡੀ ਗਿਣਤੀ ਵਿੱਚ ਹਿੰਦੂ ਸਿੰਧ, ਪੰਜਾਬ, ਅਫ਼ਗਾਨਿਸਤਾਨ, ਹਰਿਆਣਾ, ਦਿੱਲੀ, ਰਾਜਸਥਾਨ, ਕਰਨਾਟਕ, ਮਹਾਰਾਸ਼ਟਰ, ਬਿਹਾਰ, ਉੱਤਰ ਪ੍ਰਦੇਸ਼, ਉੜੀਸਾ, ਤਿਲੰਗਾਨਾ ਤੇ ਹੋਰ ਪ੍ਰਾਂਤਾਂ 'ਚ ਨਾਨਕਪੰਥੀ ਸੰਪਰਦਾਵਾਂ ਨਾਲ ਜੁੜੇ। ਗੁਰਦੁਆਰਿਆਂ ਦੇ ਦਰ ਸਿੱਖਾਂ ਦੇ ਨਾਲ ਨਾਲ ਹਿੰਦੂਆਂ, ਮੁਸਲਮਾਨਾਂ, ਈਸਾਈਆਂ ਤੇ ਹੋਰ ਸਭ ਧਰਮਾਂ ਦੇ ਲੋਕਾਂ ਲਈ ਵੀ ਖੁੱਲ੍ਹੇ ਹਨ। ਵੱਡੀ ਗਿਣਤੀ 'ਚ ਹਿੰਦੂ ਤੇ ਮੁਸਲਮਾਨ ਗੁਰਦੁਆਰਿਆਂ 'ਚ ਹਾਜ਼ਰੀ ਭਰਦੇ ਹਨ। ਵੰਡ ਤੋਂ ਬਾਅਦ ਚੜ੍ਹਦੇ ਪੰਜਾਬ 'ਚ ਮਾਂ ਬੋਲੀ ਦੇ ਸਵਾਲ ਉੱਠੇ ਅਤੇ 1980ਵਿਆਂ 'ਚ ਹਿੰਦੂ ਤੇ ਸਿੱਖ ਭਾਈਚਾਰਿਆਂ 'ਚ ਕੁੱਝ ਕੁੜੱਤਣ ਪੈਦਾ ਹੋਈ ਪਰ ਇਸ ਦੇ ਬਾਵਜੂਦ ਦੋਵਾਂ ਭਾਈਚਾਰਿਆਂ ਵਿਚਕਾਰ ਕਦੇ ਫ਼ਿਰਕੂ ਦੰਗੇ ਨਹੀਂ ਹੋਏ। ਦੋਵਾਂ ਭਾਈਚਾਰਿਆਂ ਵਿੱਚ ਸਮਾਜਿਕ ਏਕਤਾ ਤੇ ਸਾਂਝਾਂ ਦਾ ਸੰਸਾਰ ਇੰਨਾ ਵਿਆਪਕ ਹੈ ਕਿ ਜੇ ਭੜਕਾਊ ਤੱਤ ਦਖ਼ਲ ਨਾ ਦੇਣ ਤਾਂ ਇਹ ਆਪਣੇ ਆਪ ਵਿੱਚ ਮੌਲਦਾ ਤੇ ਸਾਂਝਾਂ ਨੂੰ ਵਧਾਉਂਦਾ ਰਹਿੰਦਾ ਹੈ। ਪ੍ਰਮੁੱਖ ਪ੍ਰਸ਼ਨ ਹੈ ਕਿ ਉਹ ਭੜਕਾਊ ਤੱਤ ਕਿਹੜੇ ਹਨ ਜਿਹੜੇ ਭਾਈਚਾਰਕ ਸਾਂਝ 'ਚ ਖਲਲ ਪਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕਿਹੜੀਆਂ ਤਾਕਤਾਂ ਦੀ ਸਰਪ੍ਰਸਤੀ ਹਾਸਿਲ ਹੈ? ਉਨ੍ਹਾਂ ਨੂੰ ਪੁਲਿਸ ਸੁਰੱਖਿਆ ਕਿਉਂ ਤੇ ਕਿਵੇਂ ਮਿਲਦੀ ਹੈ? ਕੀ ਇਹ ਸੋਚੀ ਸਮਝੀ ਸਾਜ਼ਿਸ਼ ਹੈ ਜਾਂ ਕੁੱਝ ਤੱਤ ਇਹ ਨੀਤੀ ਵਰਤਦੇ ਹਨ ਕਿ ਭੜਕਾਊ ਬਿਆਨ ਦੇ ਕੇ ਪਹਿਲਾਂ ਸਮਾਜਿਕ ਤਣਾਅ ਵਧਾਇਆ ਜਾਵੇ, ਫਿਰ ਪੁਲਿਸ ਸੁਰੱਖਿਆ ਹਾਸਿਲ ਕੀਤੀ ਜਾਵੇ ਅਤੇ ਫਿਰ ਪੁਲਿਸ ਸੁਰੱਖਿਆ ਦੇ ਸਿਰ 'ਤੇ ਗੁੰਡਾਗਰਦੀ ਕਰਨ ਦੇ ਨਾਲ ਨਾਲ ਭੜਕਾਊ ਬਿਆਨ ਦਿੱਤੇ ਜਾਣ। ਪੰਜਾਬ ਨੇ ਹੁਣੇ ਹੁਣੇ ਆਮ ਆਦਮੀ ਪਾਰਟੀ ਦੇ ਹੱਕ 'ਚ ਵੋਟਾਂ ਪਾਈਆਂ ਹਨ। ਚੋਣਾਂ ਵਿੱਚ ਪੰਜਾਬੀਆਂ ਨੇ ਵੋਟਾਂ ਧਰਮ, ਜਾਤ ਤੇ ਹੋਰ ਸਥਾਨਕ ਪਛਾਣਾਂ ਤੋਂ ਉੱਪਰ ਉੱਠ ਕੇ ਪਾਈਆਂ। ਉਨ੍ਹਾਂ ਨੇ ਸਥਾਪਿਤ ਸਿਆਸੀ ਧਿਰਾਂ ਪ੍ਰਤੀ ਆਪਣਾ ਗੁੱਸਾ ਤੇ ਰੋਹ ਜ਼ਾਹਿਰ ਕੀਤਾ। ਪੰਜਾਬ ਦਾ ਮਿਜ਼ਾਜ ਧਾਰਮਿਕ ਕੱਟੜਤਾ ਵਾਲਾ ਨਹੀਂ ਹੈ। ਸਾਂਝੇ ਪੰਜਾਬ ਨੇ ਮੁਸਲਿਮ ਲੀਗ ਨੂੰ ਵੀ ਹਰਾਇਆ ਸੀ। ਪੰਜਾਬ ਦੀ ਵੰਡ ਸਿਆਸੀ ਪਾਰਟੀਆਂ ਤੇ ਕੱਟੜਪੰਥੀ ਜਥੇਬੰਦੀਆਂ ਕਾਰਨ ਹੋਈ। ਪੰਜਾਬ 'ਚ ਸਿੱਖ ਗੁਰੂਆਂ, ਭਗਤੀ ਲਹਿਰ ਦੇ ਸੰਤਾਂ ਅਤੇ ਸੂਫ਼ੀਆਂ ਵੱਲੋਂ ਸੰਚਾਰਿਤ ਕੀਤੀ ਸਾਂਝੀਵਾਲਤਾ ਦੀ ਭਾਵਨਾ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਵਕਤੀ ਤੌਰ 'ਤੇ ਡਾਵਾਂਡੋਲ ਹੋਣ ਦੇ ਬਾਵਜੂਦ ਪੰਜਾਬੀ ਸਮਾਜ ਸਹਿਜ ਰੂਪ ਵਿੱਚ ਸਾਂਝੀਵਾਲਤਾ, ਸਮਾਜਿਕ ਏਕਤਾ ਤੇ ਸਮਤਾ ਦਾ ਮੁਦੱਈ ਹੈ। ਪੰਜਾਬੀ ਸਮਾਜ ਅੰਦਰ ਸਾਂਝੀਵਾਲਤਾ ਦੀਆਂ ਰਵਾਇਤਾਂ 'ਤੇ ਟੇਕ ਰੱਖਣ ਦੇ ਨਾਲ ਨਾਲ ਪੰਜਾਬ ਸਰਕਾਰ ਨੂੰ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿਖਾਈ ਅਣਗਹਿਲੀ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ। ਘਟਨਾਕ੍ਰਮ ਦੱਸਦਾ ਹੈ ਕਿ ਜੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਸਮੇਂ ਸਿਰ ਸਹੀ ਕਦਮ ਚੁੱਕਦੇ ਤਾਂ ਅਜਿਹੀਆਂ ਦੁਖਦਾਈ ਘਟਨਾਵਾਂ ਵਾਪਰ ਹੀ ਨਹੀਂ ਸਨ ਸਕਦੀਆਂ। ਅਸਮਾਜਿਕ ਤੱਤਾਂ ਨੂੰ ਸਰਕਾਰੀ ਸੁਰੱਖਿਆ ਦੇਣ ਦੇ ਵਿਸ਼ੇ 'ਤੇ ਵੀ ਵਿਚਾਰ ਹੋਣਾ ਚਾਹੀਦਾ ਹੈ।


**ਸੁਖਜਿੰਦਰ ਸਮਰਾ**
**ਮੋ. 95835-92000**

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਪੰਚਾਇਤਾਂ ਦਾ ਸਿਆਸੀਕਰਨ ਲੋਕਤੰਤਰੀ ਰਵਾਇਤਾਂ ਉਤੇ ਧੱਬਾ



**ਗੁਰਮੀਤ ਸਿੰਘ ਪਲਾਹੀ**


ਪੰਜਾਬ ਸਰਕਾਰ ਦੇ ਪੰਚਾਇਤੀ ਵਿਭਾਗ ਨੇ ਪੰਜਾਬ ਵਿੱਚ ਗ੍ਰਾਮ ਸਭਾਵਾਂਨੂੰ ਵਧੇਰੇ ਕਾਰਜਸ਼ੀਲ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਜੂਨ 2022 ਮਹੀਨੇ'ਚ ਪੰਜਾਬ ਦੀਆਂ ਸਮੁੱਚੀਆਂ ਪੰਚਾਇਤਾਂ ਦੇ ਇਜਲਾਸ ਹੋਣੇ ਹਨ। ਗ੍ਰਾਮਸਭਾ ਅਨੁਸਾਰ ਕਿਸੇ ਵੀ ਪਿੰਡ ਦਾ ਹਰੇਕ ਵੋਟਰ ਗ੍ਰਾਮ ਸਭਾ ਦਾ ਮੈਂਬਰ ਹੁੰਦਾਹੈ, ਜੋ ਆਪਣੇ ਵਿਚੋਂ ਹਰ ਪੰਜ ਸਾਲਾਂ ਬਾਅਦ ਗ੍ਰਾਮ ਪੰਚਾਇਤ ਚੁਣਦਾ ਹੈ।ਆਮ ਤੌਰ 'ਤੇਆਮ ਲੋਕਾਂ ਨੂੰ ਗ੍ਰਾਮ ਸਭਾ ਦੇ ਅਧਿਕਾਰਾਂ ਬਾਰੇ ਜਾਣਕਾਰੀ ਨਹੀਂਹੁੰਦੀ, ਇਸ ਕਰਕੇ ਇਹ ਸਭਾ ਬੱਸ ਪੰਚਾਇਤ ਚੁਣਨ ਤੱਕ ਸੀਮਤ ਹੋ ਕੇਰਹਿ ਜਾਂਦੀ ਹੈ।ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨੂੰ ਚੰਗਾ ਉੱਦਮ ਗਿਣਿਆ ਜਾਏਗਾ, ਅਗਰ ਸਚਮੁੱਚ ਉਹ ਸਹੀ ਢੰਗ ਨਾਲ ਗ੍ਰਾਮ ਸਭਾਵਾਂ ਦੇ ਇਜਲਾਸ ਕਰਨ'ਚ ਕਾਮਯਾਬ ਹੋ ਜਾਂਦੀ ਹੈ।ਪੰਚਾਇਤ ਸ਼ਬਦ ਭਾਰਤ ਦੇ ਲਈ ਨਵਾਂ ਨਹੀਂ ਹੈ। ਇਹ ਪ੍ਰਾਚੀਨ ਕਾਲਤੋਂ ਹੀ ਜਾਣਿਆਂ ਜਾਂਦਾ ਹੈ। ਜਦੋਂ ਵੀ ਕੋਈ ਢਾਂਚਾ ਤਿਆਰ ਕੀਤਾ ਜਾਂਦਾਹੈ ਤਾਂ ਉਸਦੇ ਉਦੇਸ਼ ਵੀ ਤਹਿ ਕੀਤੇ ਜਾਂਦੇ ਹਨ ਅਤੇ ਇਨ੍ਹਾ ਉਦੇਸ਼ਾਂ ਦੀਪੂਰਤੀ ਲਈ ਸੰਸਥਾ ਦਾ ਖਾਕਾ ਤਿਆਰ ਕਰਨਾ ਪੈਂਦਾ ਹੈ। ਪੰਚਾਇਤ ਕੇਵਲ ਇੱਕ ਸ਼ਬਦ ਹੀ ਨਹੀਂ ਹੈ, ਬਲਕਿ ਪਿੰਡ ਦੀ ਜੀਵਨ ਧਾਰਾ ਹੈ, ਜਿਸਵਿੱਚ ਬਰਾਬਰਤਾ ਦੀ ਭਾਵਨਾ ਅਤੇ ਕਤਾਰ ਵਿੱਚ ਆਖ਼ਰੀ ਵਿਅਕਤੀ ਨੂੰ ਆਦਰਸਤਿਕਾਰ ਨਾਲ ਖੜੇ ਹੋਣ ਦਾ ਇਹਸਾਸ ਹੁੰਦਾ ਹੈ। ਜੇਕਰ ਸਹੀ ਅਰਥਾਂਵਿੱਚ ਪੰਚਾਇਤੀ ਢਾਂਚੇ ਦੀ ਗੱਲ ਕੀਤੀ ਜਾਵੇ ਤਾਂ ਇਹ ਲੋਕਤੰਤਰਿਕਵਿਕੇਂਦਰੀਕਰਨ ਦੀ ਇੱਕ ਮੰਜ਼ਿਲ ਹੈ। ਸਮੂਹਿਕ ਭਾਈਚਾਰਕ ਵਿਕਾਸਇਸਦੀ ਨੀਂਹ ਹੈ।ਇਸਦੀ ਸ਼ੁਰੂਆਤ ਦੋ ਅਕਤੂਬਰ, 1952 ਨੂੰ ਹੋਈ ਸੀ।ਆਪਣੀ ਹੋਂਦ ਤੋਂ ਲੈਕੇ ਹੁਣ ਤੱਕ ਕੀਤੇ ਕਾਰਜਾਂ ਕਾਰਨ ਪੰਚਾਇਤੀ ਰਾਜਸਦਾ ਚੰਗੀ-ਮੰਦੀ ਚਰਚਾ 'ਚ ਰਿਹਾ ਹੈ।ਜਦਕਿ ਪੰਚਾਇਤਾਂ ਨੂੰ ਸਿਆਸੀਸਮੱਸਿਆਵਾਂ ਤੋਂ ਦੂਰ ਅਤੇ ਲੋਕ ਸਮੱਸਿਆਵਾਂ ਹੱਲ ਕਰਨ ਦਾ ਇੱਕ ਸਵਰੂਪਮੰਨਿਆ ਜਾਂਦਾ ਹੈ, ਪਰ ਅੱਜ ਪੰਚਾਇਤ ਸਿਆਸੀ ਲੋਕਾਂ ਦਾ ਹੱਥਾਂ ਠੋਕਾਬਣਕੇ ਆਪਣੇ ਅਸਲੀ ਅਰਥ ਹੀ ਗੁਆ ਬੈਠੀ ਹੈ।ਭਾਰਤ ਦੀ ਸੰਵਿਧਾਨ ਨੀਤੀ ਨਿਰਦੇਸ਼ਾਂ (ਡਾਇਰੈਕਟਿਵ ਪ੍ਰਿੰਸੀਪਲਜ਼)ਦੀ ਧਾਰਾ 40 ਅਨੁਸਾਰ ਪੰਚਾਇਤ ਦੇ ਗਠਨ ਦਾ ਅਧਿਕਾਰ ਸੂਬਿਆਂ ਨੂੰ ਦਿੱਤਾਗਿਆ ਸੀ। ਲੋਕਤੰਤਰਿਕ ਵਿਕੇਂਦਰੀਕਰਨ ਦੀ ਦ੍ਰਿਸ਼ਟੀ ਅਨੁਸਾਰ ਇਸਦਾਉਦੇਸ਼ ਪਿੰਡਾਂ ਨੂੰ ਸਮਾਜਿਕ-ਆਰਥਿਕ ਦ੍ਰਿਸ਼ਟੀ ਤੋਂ ਤਾਕਤਵਰ ਬਨਾਉਣਾ ਸੀ।ਇਸ ਮਾਮਲੇ 'ਚ ਪੰਚਾਇਤਾਂ ਕਿੰਨੀਆਂ ਕੁ ਸਫ਼ਲ ਹੋਈਆਂ ਹਨ, ਇਹਇੱਕ ਵੱਡਾ ਸਵਾਲ ਹੈ। ਪਰੰਤੂ ਲੱਖ ਟਕੇ ਦਾ ਇਕ ਸਵਾਲ ਹੈ ਇਹ ਹੈ ਕਿਜਿਸ ਪੰਚਾਇਤ ਨੂੰ ਸਭ ਤੋਂ ਥੱਲੇ ਦੇ ਲੋਕਤੰਤਰ ਦੀ ਮਜ਼ਬੂਤੀ ਦੇ ਰੱਖੀ ਸੀ,ਉਹ ਸਮੱਸਿਆਵਾਂ ਤੋਂ ਮੁਕਤ ਨਹੀਂ ਹੈ। ਅਸਲ 'ਚ ਪੰਚਾਇਤਾਂ ਵਿੱਤੀਸੰਕਟ ਦਾ ਸ਼ਿਕਾਰ ਹਨ। ਪੰਚਾਇਤਾਂ ਸਿਆਸੀ ਹੱਥ ਠੋਕਾ ਬਣਾ ਦਿੱਤੀਆਂਗਈਆਂ ਹਨ। ਪੰਚਾਇਤਾਂ ਮਰਦ ਪ੍ਰਧਾਨ ਸਮਾਜ ਦੇ ਹੱਥ ਆਈਆਂ ਹੋਈਆਂਹਨ, ਜਿਹੜੇ ਔਰਤਾਂ ਨੂੰ ਖੁਲ੍ਹਕੇ ਕੰਮ ਹੀ ਨਹੀਂ ਕਰਨ ਦੇ ਰਹੇ।

ਪੰਚਾਇਤਾਂ ਨੌਕਰਸ਼ਾਹੀ, ਬਾਬੂਸ਼ਾਹੀ ਨੇ ਆਪਣੀਆਂ ਬੇੜੀਆਂ 'ਚ ਜੱਕੜੀਆਂ ਹੋਈਆਂ ਹਨ। ਪੰਚਾਇਤਾਂ ਭ੍ਰਿਸ਼ਟਾਚਾਰੀ ਤਾਕਤਾਂ ਤੇ ਮਾਫੀਏ ਨੇ ਹਥਿਆਈਆਂ ਹੋਈਆਂ ਹਨ। ਬਾਵਜੂਦ ਇਸ ਸਭ ਕੁਝ ਦੇ ਭਾਰਤ ਵਿੱਚਪੰਚਾਇਤੀ ਰਾਜ ਪੰਚਾਇਤਾਂ ਦਾ ਕੋਈ ਬਦਲ ਨਹੀਂ ਹੈ।ਪੰਚਾਇਤੀ ਰਾਜ ਵਿਵਸਥਾ ਆਮ ਲੋਕਾਂ ਦੀ ਤਾਕਤ ਹੈ। ਬੀਤੇ ਤਿੰਨਦਹਾਕਿਆਂ ਵਿੱਚ ਪੰਚਾਇਤਾਂ ਬਦਲੀਆਂ ਹਨ। ਇਸ ਵਿੱਚ ਸਭ ਤੋਂ ਪ੍ਰਮੁੱਖ ਗੱਲਇਹ ਹੈ ਕਿ ਭਾਗੀਦਾਰੀ ਵਧੀ ਹੈ। ਪੰਚਾਇਤ ਇੱਕ ਇਹੋ ਜਿਹੀਸੰਸਥਾ ਹੈ ਜੋ ਚੰਗੇ ਸਾਸ਼ਨ ਨੂੰ ਅੱਗੇ ਵਧਾਉਣ ਲਈ ਮਹੱਤਵਪੂਰਨ ਭੂਮਿਕਾਨਿਭਾਉਂਦੀ ਹੈ। ਭਾਵੇਂ ਇਹ ਕਥਨ ਪੁਰਾਣਾ ਹੈ ਕਿ ਪਿੰਡ ਦੇ ਵਿਕਾਸਬਿਨ੍ਹਾਂ ਭਾਰਤ ਦੇਸ਼ ਦਾ ਵਿਕਾਸ ਸੰਭਵ ਨਹੀਂ ਹੈ, ਪਰ ਪਿੰਡ ਦੇ ਨਵੇਂਪਨ ਨਾਲਅੱਜ ਵੀ ਸਮੱਸਿਆਵਾਂ ਤੋਂ ਛੁਟਕਾਰਾ ਨਹੀਂ ਮਿਲ ਰਿਹਾ। ਅਸਲ ਵਿੱਚਪੰਚਾਇਤ ਤਾਂ ਉਹ ਹੀ ਹੈ, ਜਿਹੜੀ ਸਭ ਦੀ ਭਾਗੀਦਾਰੀ ਸੁਨਿਸ਼ਚਿਤਕਰੇ, ਸਮੱਸਿਆਵਾਂ ਨੂੰ ਸਮਝੇ, ਉਹਨਾ ਦਾ ਹੱਲ ਤਹਿ ਕਰੇ ਜਾਂ ਹੱਲ ਤਹਿ ਕਰਨਦਾ ਜ਼ਮੀਨੀ ਪੱਧਰ 'ਤੇ ਯਤਨ ਕਰੇ। ਪੰਚਾਇਤ ਅਤੇ ਚੰਗੇ ਸਾਸ਼ਨ ਦਾ ਗੂੜ੍ਹਾਰਿਸ਼ਤਾ ਹੈ। ਅਸਲ ਵਿੱਚ ਤਾਂ ਪੰਚਾਇਤਾਂ ਇੱਕ ਸੋਸ਼ਨ ਮੁਕਤ ਸਮਾਜ ਦਾਨਿਰਮਾਣ ਕਰਨ ਦਾ ਸਾਧਨ ਬਨਣ, ਇਹਨਾ 'ਚ ਚੰਗਾ ਪ੍ਰਬੰਧਕੀ ਪ੍ਰਭਾਵ ਮਿਲੇ,ਪੰਚਾਇਤੀ ਖੁਲ੍ਹਾਪਨ



ਅਤੇ ਅਨੁਸ਼ਾਸ਼ਨ ਮਿਲੇ ਅਤੇ ਪੰਚਾਇਤਾਂ ਨੂੰ 73ਵੀਂਸੰਵਿਧਾਨਿਕ ਸੋਧ ਅਨੁਸਾਰ 29 ਵਿਸ਼ੇ ਜੋ ਕੇਂਦਰ ਸਰਕਾਰ ਵਲੋਂ ਪੰਚਾਇਤਾਂ ਨੂੰਪ੍ਰਬੰਧਨ ਲਈ ਦਿੱਤੇ ਗਏ ਹਨ, ਉਹਨਾ ਨੂੰ ਲਾਗੂ ਕਰੇ। ਪਰ 2011 ਦੀਮਰਦਮਸ਼ੁਮਾਰੀ ਅਨੁਸਾਰ ਹਰ ਚੌਥਾ ਸਰਪੰਚ ਅਨਪੜ੍ਹ ਹੈ। ਉਹਨਾ ਨੂੰ ਪੰਚਾਇਤਦਾ ਲੇਖਾ-ਜੋਖਾ ਪੜ੍ਹਨ 'ਚ ਦਿੱਕਤ ਹੁੰਦੀ ਹੈ। ਸਾਲ 2015 'ਚ ਕੇਂਦਰਸਰਕਾਰ ਨੇ ਦੇਸ਼ 'ਚ ਡਿਜ਼ਟਲੀਕਰਨ ਕੀਤਾ ਹੈ। ਸਾਰੀਆਂ ਪੰਚਾਇਤਾਂਡਿਜ਼ੀਟਲ ਕਰਨ ਦਾ ਨਿਰਣਾ ਲਿਆ ਹੈ, ਪਰ ਹਾਲੀ ਤੱਕ ਵੀ ਲੱਖਾਂਪੰਚਾਇਤਾਂ ਡਿਜ਼ੀਟਲ ਨਹੀਂ ਹੋ ਸਕੀਆਂ। ਪਰ ਫਿਰ ਵੀ ਕਾਫੀ ਪੰਚਾਇਤਾਂਵਿੱਚ ਡਿਜ਼ਟਲ ਇੰਡੀਆ ਦੀ ਝਲਕ ਹੈ। ਫ਼ਸਲ ਬੀਮਾ ਯੋਜਨਾ, ਸਿਹਤ ਕਾਰਡ,ਜ਼ਮੀਨੀ ਦਸਤਾਵੇਜ ਆਦਿ ਦੀ ਵਰਤੋਂ ਹੋਣ ਲਗੀ ਹੈ। ਇਸ ਨਾਲ ਪਾਰਦਰਸ਼ਤਾਵਧੇਗੀ।ਪੰਚਾਇਤੀ ਰਾਜ ਵਿਵਸਥਾ ਆਮ ਲੋਕਾਂ ਦੀ ਤਾਕਤ ਹੈ। ਕੇਂਦਰੀ ਅਤੇਸੂਬਾ ਸਰਕਾਰਾਂ ਦੀ ਮੌਜੂਦਗੀ, ਲੋਕਤੰਤਰ ਲਈ ਕਾਫੀ ਨਹੀਂ ਹੈ। ਚੰਗੇਸਾਸ਼ਨ ਦੀ ਦ੍ਰਿਸ਼ਟੀ ਤੋਂ ਵੀ ਵੇਖਿਆ ਜਾਵੇ ਤਾਂ ਲੋਕਾਂ 'ਚ ਤਾਕਤਾਂ ਦੀ ਵੰਡਅਤੇ ਵਿਕੇਂਦਰੀਕਰਨ ਪੰਚਾਇਤਾਂ ਦੁਆਰਾ ਹੀ ਸੰਭਵ ਹੈ। ਲੋਕਤੰਤਰ ਵਿੱਚਉਂਜ ਇਹ ਵੀ ਜ਼ਰੂਰੀ ਹੈ ਸਥਾਨਕ ਮਸਲਿਆਂ ਅਤੇ ਸਮੱਸਿਆਵਾਂ ਦੇ ਹੱਲਲਈ ਇੱਕ ਚੁਣੀ ਹੋਈ ਸਰਕਾਰ ਹੋਵੇ, ਜੋ ਪੰਚਾਇਤਾਂ ਹੀ ਕਰਸਕਦੀਆਂ ਹਨ।ਭਾਰਤ ਦੇ ਕੁਲ ਮਿਲਾਕੇ 5 ਲੱਖ 80 ਹਜ਼ਾਰ ਪਿੰਡ ਹਨ। ਸਾਲ 2020 ਦੇਅੰਕੜਿਆਂ ਅਨੁਸਾਰ ਤਿੰਨ ਮਿਲੀਅਨ ਪੰਚਾਇਤੀ ਚੁਣੇ ਹੋਏ ਨੁਮਾਇੰਦੇਹਨ, ਜਿਹਨਾ ਵਿੱਚ 1.3 ਮਿਲੀਅਨ ਔਰਤਾਂ ਹਨ। ਇਹ ਚੁਣੀਆਂ ਪੰਚਾਇਤਾਂ99.6ਫੀਸਦੀ ਪੇਂਡੂ ਅਬਾਦੀ ਦੀ ਨੁਮਾਇੰਦਗੀ ਕਰਦੀਆਂ ਹਨ। ਸਮੇਂ-ਸਮੇਂ 'ਤੇ ਕੇਂਦਰੀ ਪੱਧਰ ਉਤੇ ਕੁਝ ਕਮੇਟੀਆਂ ਦਾ ਗਠਨ ਕੀਤਾ ਗਿਆ, ਜਿਹਨਾਨੇ ਪੰਚਾਇਤਾਂ ਨੂੰ ਦਿੱਤੇ ਜਾਣ ਵਾਲੇ ਅਧਿਕਾਰਾਂ, ਸ਼ਕਤੀਆਂ ਦੀ ਚਰਚਾਕੀਤੀ। ਬਲਵੰਤ ਰਾਏ ਮਹਿਤਾ ਕਮੇਟੀ (1957) ਨੇ ਸਥਾਨਕ ਵਿਕਾਸ ਨੂੰ ਪਹਿਲਦੇਣ ਦੀ ਗੱਲ ਕੀਤੀ ਅਤੇ ਬਲਾਕ ਸਮਿਤੀਆਂ ਬਨਾਉਣ 'ਤੇ ਜ਼ੋਰ ਦਿੱਤਾ। ਸਾਲ1977 'ਚ ਅਸ਼ੋਕ ਮਹਿਤਾ ਕਮੇਟੀ ਦਾ ਗਠਨ ਹੋਇਆ, ਜਿਸਨੇ ਜ਼ਿਲ ਪੱਧਰੀਯੋਜਨਾਵਾਂ ਦੇ ਨਾਲ ਜ਼ਿਲਾ ਪ੍ਰੀਸ਼ਦ ਬਨਾਉਣ ਦੀ ਸ਼ਿਫਾਰਸ਼ ਕੀਤੀ ਅਤੇ ਅਬਾਦੀਦੇ ਅਧਾਰ 'ਤੇ ਐਸ.ਸੀ ਅਤੇ ਐਸ.ਟੀ ਵਰਗ ਨੂੰ ਨੁਮਾਇੰਦਗੀ ਦੇਣ ਦੀ ਗੱਲਕੀਤੀ।ਸਾਲ 1985 ਵਿੱਚ ਜੀ ਵੀ ਕੇ ਰਾਓ ਕਮੇਟੀ ਦੀ ਸਥਾਪਨਾ ਹੋਈ,ਜਿਸ ਵਲੋਂ ਪੰਚਾਇਤੀ ਚੋਣਾਂ ਮਿਥੇ ਸਮੇਂ ਤੇ ਕਰਾਉਣ 'ਤੇ ਜ਼ੋਰ ਦਿੱਤਾਅਤੇ ਜ਼ਿਲਾ ਵਿਕਾਸ ਕਮਿਸ਼ਨਰ ਬਨਾਉਣਾ ਤਹਿ ਕੀਤਾ। ਸਾਲ 1986 ਵਿੱਚਐਲ.ਐਮ. ਸਿੰਘ ਵੀ ਨੇ ਪੰਚਾਇਤਾਂ ਨੂੰ ਸੰਵਿਧਾਨਿਕ ਮਾਨਤਾ ਪ੍ਰਦਾਨ ਕਰਨਅਤੇ ਵੱਧ ਤਾਕਤਾਂ ਦੇਣ ਦੀ ਗੱਲ ਕੀਤੀ। ਸਿੱਟੇ ਵਲੋਂ 64ਵਾਂ ਸੰਵਿਧਾਨਿਕਬਿੱਲ 1989 ਪੇਸ਼ ਕੀਤਾ ਗਿਆ। ਜੋ ਪਾਸ ਨਾ ਹੋ ਸਕਿਆ। ਫਿਰ 73ਵਾਂ ਸੋਧਬਿੱਲ ਪਾਸ ਹੋਇਆ, ਜਿਸ ਅਧੀਨ 1992 ਵਿੱਚ ਪੰਚਾਇਤਾਂ ਨੂੰ 29 ਖੇਤਰਾਂ 'ਚਵੱਡੇ ਅਧਿਕਾਰ ਦਿੱਤੇ ਗਏ, ਗ੍ਰਾਮ ਸਭਾਵਾਂ ਦਾ ਗਠਨ ਕਰਨ ਦਾ ਫ਼ੈਸਲਾ ਲਾਗੂਕੀਤਾ ਗਿਆ। ਪਰ ਅਸਲ ਅਰਥਾਂ 'ਚ ਦੇਸ਼ ਦੇ ਬਹੁਤੇ ਸੂਬਿਆਂ 'ਚ ਗ੍ਰਾਮ ਸਭਾਵਾਂਆਪਣੇ ਹੱਕ ਪ੍ਰਾਪਤ ਨਹੀਂ ਕਰ ਸਕੀਆਂ। ਭਾਵ ਬਾਵਜੂਦ ਮਿਲੇ ਹੱਕਾਂ ਦੇ ਗ੍ਰਾਮਸਭਾਵਾਂ ਦਾ ਜੋ ਮੰਤਵ ਤਹਿ ਕੀਤਾ ਗਿਆ ਸੀ, ਉਸਨੂੰ ਜ਼ਮੀਨੀ ਪੱਧਰ ਉਤੇਲਾਗੂ ਨਾ ਕੀਤਾ ਜਾ ਸਕਿਆ।ਬਿਨ੍ਹਾਂ ਸ਼ੱਕ ਪੰਚਾਇਤੀ ਰਾਜ, ਦੇਸ਼ ਭਾਰਤ ਦੀ ਰੀੜ ਦੀ ਹੱਡੀ ਹੈ,ਇਸਨੂੰ ਭਾਰਤੀ ਲੋਕਤੰਤਰੀ ਪ੍ਰੰਪਰਾਵਾਂ ਦੇ ਹਾਣ ਦਾ ਬਨਾਉਣ ਦੇ ਯਤਨ ਹੋਏ ਹਨ।ਪਰ ਜਿਵੇਂ ਕੇਂਦਰ ਸਰਕਾਰ ਨੇ ਸੂਬਾ ਸਰਕਾਰਾਂ ਦੇ ਅਧਿਕਾਰ ਹਥਿਆਉਣ ਦਾਸਮੇਂ-ਸਮੇਂ ਯਤਨ ਕੀਤਾ ਹੈ, ਉਵੇਂ ਹੀ ਸੂਬਾ ਸਰਕਾਰਾਂ ਨੇ ਪੰਚਾਇਤੀਸੰਸਥਾਵਾਂ ਜਿਹਨਾ ਵਿੱਚ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਸ਼ਾਮਲ ਹਨ, ਦੇ ਅਧਿਕਾਰਾਂ ਨੂੰ ਸਰਕਾਰੀ ਮਸ਼ੀਨਰੀ ਰਾਹੀਂ ਹਥਿਆਇਆ ਹੈਅਤੇ ਹਾਕਮ ਸਿਆਸੀ ਸਿਰ ਦਾ ਹੱਥ ਠੋਕਾ ਬਣਾ ਦਿੱਤਾ ਹੈ। ਪੰਚਾਇਤਾਂ,ਸਰਪੰਚਾਂ ਨੂੰ ਮਿਲੇ ਵਿੱਤੀ, ਨਿਆਇਕ ਅਧਿਕਾਰਾਂ ਪ੍ਰਤੀ ਸਰਪੰਚਾਂ ਦੇ ਹੱਥਬੰਨੇ ਹੋਏ ਹਨ। ਉਹ ਆਪਣੀ ਮਰਜ਼ੀ ਨਾਲ ਸਥਾਨਿਕ ਪੱਧਰ ਉਤੇ ਕੋਈਨਿਰਣੇ ਨਹੀਂ ਲੈ ਸਕਦੇ, ਜਿਸਦੇ ਅਧਿਕਾਰ ਉਹਨਾ ਨੂੰ ਮਿਲੇ ਹੋਏ ਹਨ।ਪੰਚਾਇਤ ਸੰਮਤੀਆਂ ਦੇ ਅਧਿਕਾਰੀ ਕਰਮਚਾਰੀ ਉਹਨਾ ਦੇ ਕੰਮਾਂ 'ਚਸਿੱਧੇ ਦਖ਼ਲ ਦਿੰਦੇ ਹਨ ਅਤੇ ਪੰਚਾਇਤਾਂ ਨੂੰ ਸਰਕਾਰਾਂ ਨੇ ਇਹਨਾ ਅਧਿਕਾਰੀਆਂ, ਕਰਮਚਾਰੀਆਂ ਰਾਹੀਂ ਪੰਗੂ ਬਣਾਕੇ ਰੱਖ ਦਿੱਤਾ ਹੋਇਆਹੈ।ਪੰਜਾਬ ਦੀ ਹੀ ਗੱਲ ਲੈ ਲਵੋ। ਸਥਾਨਕ ਹਾਕਮ ਧਿਰ ਵਲੋਂ ਦਬਾਅ 'ਚਪੰਚਾਇਤਾਂ ਦੇ ਮੁੱਖੀਆਂ ਨੂੰ ਆਪਣੇ ਹੱਕ 'ਚ ਵਰਤਣ ਦੀ ਪਿਰਤ ਹੈ। ਕੇਂਦਰਸਰਕਾਰ ਵਲੋਂ ਨੀਅਤ ਗ੍ਰਾਂਟ ਪੰਚਾਇਤ ਖਾਤਿਆਂ 'ਚ ਆਉਂਦੀਆਂ ਹਨ ਜਦਕਿਹਾਕਮ ਧਿਰ ਕਲੇਮ ਕਰ ਲੈਂਦੀ ਹੈ ਕਿ ਉਹਨਾ ਵਲੋਂ ਗ੍ਰਾਂਟਾਂ ਦਿੱਤੀਆਂਜਾਂਦੀਆਂ ਹਨ। ਬਹੁਤੇ ਸਰਪੰਚਾਂ ਨੂੰ ਆਪਣੇ ਹੱਕ 'ਚ ਕਰਨ ਲਈ ਸਥਾਨਕਥਾਣਿਆਂ 'ਚ ਸ਼ਕਾਇਤਾਂ ਦਾ ਡਰ ਦਿੱਤਾ ਜਾਂਦਾ ਰਿਹਾ ਹੈ।ਮੁਕੱਦਮੇ ਦਰਜ਼ਕੀਤੇ ਜਾਂਦੇ ਰਹੇ ਹਨ। ਪੰਚਾਇਤੀ ਜ਼ਮੀਨ ਉਤੇ ਰਸੂਖਵਾਨਾਂ ਦੇ ਵੱਡੇ ਕਬਜ਼ੇਹਨ, ਜੋ ਛੁਡਾਉਣ ਲਈ ਸਾਲਾਂ ਬੱਧੀ ਕੇਸ ਸਿਆਸੀ ਦਬਾਅ ਅਧੀਨ ਲੰਬਿਤ ਰੱਖੇ ਜਾਂਦੇ ਹਨ। ਕੁਝ ਪੰਚਾਇਤਾਂ ਨੂੰ ਕਰੋੜਾਂ ਦੀਆਂ ਗ੍ਰਾਂਟਾਂ ਦਿੱਤੀਆਂ ਜਾਂਦੀਆਂ ਹਨ, ਪਰ ਕੁਝ ਹਾਕਮ ਵਿਰੋਧੀ ਪੰਚਾਇਤਾਂ ਨੂੰ ਇਹਨਾ ਤੋਂ ਵੰਚਿਤਰੱਖਿਆ ਜਾਂਦਾ ਹੈ। ਇਹ ਸਭ ਕੁਝ ਪੰਚਾਇਤਾਂ ਦੇ ਅਧਿਕਾਰਾਂ ਨੂੰਹਥਿਆਉਣ ਦੇ ਯਤਨ ਵਜੋਂ ਹੈ।ਸਮੇਂ-ਸਮੇਂ ਪੰਚਾਇਤਾਂ ਨੂੰ ਤਾਕਤਵਰ ਬਨਾਉਣ ਲਈ ਬਣਾਏ ਗਏ ਕਾਨੂੰਨ,ਪੰਚਾਇਤਾਂ ਦਾ ਕੁਝ ਵੀ ਸੁਆਰ ਨਹੀਂ ਸਕੇ। ਪੰਚਾਇਤਾਂ ਦੇ ਅਧਿਕਾਰਾਂ ਨੂੰਸਿਆਸਤਦਾਨ ਅਤੇ ਸਰਕਾਰਾਂ ਹਥਿਆ ਰਹੀਆਂ ਹਨ। ਪੰਚਾਇਤਾਂ ਨੂੰਰਸੂਖਵਾਨ ਸਰਪੰਚਾਂ ਰਾਹੀਂ ਲਾਲਚ,ਦਬਾਅ ਦੀ ਰਾਜਨੀਤੀ ਰਾਹੀਂ ਆਪਣੀਕੁਰਸੀ ਪ੍ਰਾਪਤੀ ਲਈ ਸਿਆਸਤਦਾਨ ਵਰਤ ਰਹੇ ਹਨ ਅਤੇ ਸਰਕਾਰਾਂ ਆਪਣੇਹਿੱਤਾਂ ਦੀ ਪੂਰਤੀ ਲਈ। ਇਹ ਵਰਤਾਰਾ ਭਾਰਤੀ ਲੋਕਤੰਤਰੀ ਰਵਾਇਤਾਂਉਤੇ ਵੱਡਾ ਧੱਬਾ ਹੈ।

# ਵਿਸ਼ਵ ਵਿੱਚ ਹਰ ਸਾਲ ਕਰੋੜਾਂ ਟਨ ਖਾਧ ਪਦਾਰਥ ਬਰਬਾਦ ਕਰ ਦਿੱਤੇ ਜਾਂਦੇ ਹਨ



**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਮੋ. 9501100062**

ਸੰਨ 2020 ਦੌਰਾਨ ਪੂਰੀ ਦੁਨੀਆਂ ਵਿੱਚ ਕਰੀਬ 98 ਕਰੋੜ ਟਨ ਖਾਧ ਪਦਾਰਥ ਬਰਬਾਦ ਕੀਤੇ ਗਏ ਸਨਜਿਨ੍ਹਾਂ ਨਾਲ ਧਰਤੀ ਦੁਆਲੇ ਦੋ ਇੰਚ ਚੌੜੀ ਤੇ ਦੋ ਇੰਚ ਉੱਚੀ ਪੱਟੀ ਸੱਤ ਵਾਰ ਬਣਾਈ ਜਾ ਸਕਦੀ ਹੈ। ਇਸ ਬਰਬਾਦੀ ਵਿੱਚ ਭਾਰਤ ਵਰਗੇ ਗਰੀਬ ਦੇਸ਼ ਦਾ ਵੀ ਵੱਡਾ ਹਿੱਸਾ ਹੈ ਜੋ ਕਰੀਬ 7 ਕਰੋੜ ਟਨ ਬਣਦਾ ਹੈ। ਖਾਧ ਪਦਾਰਥਾਂਦੀ ਬਰਬਾਦੀ ਵਿੱਚ ਘਰਾਂ ਦੀ ਰਸੋਈ 61%, ਹੋਟਲ, ਢਾਬੇ ਅਤੇ ਮੈਰਿਜ ਪੈਲੇਸ 26%ਅਤੇ ਥੋਕ ਤੇ ਪ੍ਰਚੂਨ ਦੀਆਂ ਦੁਕਾਨਾਂ 13%ਹਿੱਸਾ ਪਾਉਂਦੀਆਂ ਹਨ। ਦੁਨੀਆਂ ਵਿੱਚ ਪੈਦਾ ਕੀਤੇ ਜਾਂਦੇ ਕੁੱਲ ਅਨਾਜ ਤੇ ਸਬਜ਼ੀਆਂ ਵਿੱਚੋਂ 18% ਬਰਬਾਦ ਹੋ ਜਾਂਦੇ ਹਨ ਜਿਸ ਨਾਲ 40 ਟਨ ਭਾਰ ਚੁੱਕਣ ਦੀ ਸਮਰਥਾ ਵਾਲੇ 2 ਕਰੋੜ 30 ਲੱਖ ਟਰੱਕ ਭਰੇ ਜਾ ਸਕਦੇ ਹਨ। ਸੰਸਾਰ ਦੇ ਖਾਧ ਪਦਾਰਥ ਬਰਬਾਦ ਕਰਨ ਵਾਲੇ ਚੋਟੀ ਦੇ ਦਸ ਦੇਸ਼ਾਂ ਵਿੱਚੋਂ ਚੀਨ (10 ਕਰੋੜ ਟਨ) ਪਹਿਲੇ ਅਤੇ ਭਾਰਤ (7 ਕਰੋੜ ਟਨ) ਦੂਸਰੇ ਸਥਾਨ 'ਤੇ ਹੈ। ਇਸ ਤੋਂ ਬਾਅਦ ਕ੍ਰਮਵਾਰ ਅਮਰੀਕਾ (2 ਕਰੋੜ ਟਨ), ਜਪਾਨ (82 ਲੱਖ ਟਨ), ਜਰਮਨੀ (64 ਲੱਖ ਟਨ), ਫਰਾਂਸ (57 ਲੱਖ ਟਨ), ਇੰਗਲੈਂਡ (52 ਲੱਖ ਟਨ), ਰੂਸ (50 ਲੱਖ ਟਨ), ਸਪੇਨ (40 ਲੱਖ ਟਨ) ਅਤੇ ਆਸਟਰੇਲੀਆ (30 ਲੱਖ ਟਨ) ਆਉਂਦੇ ਹਨ। ਇਹ ਅੰਕੜੇ ਘੋਖਣ ਤੋਂ ਬਾਅਦ ਇਹ ਹੈਰਾਨੀਜਨਕ ਤੱਥ ਸਾਹਮਣੇ ਆਉਂਦਾ ਹੈ ਕਿ ਜਿਸ ਦੇਸ਼ ਦੀ ਜਿੰਨੀ ਵੱਧ ਅਬਾਦੀ ਹੈ, ਉਸ ਦੀ ਖਾਧ ਪਦਾਰਥਾਂ ਦੀ ਬਰਬਾਦੀ ਵੀ ਉਨੀ ਹੀ ਜਿਆਦਾ ਹੈ। ਯੁਨਾਈਟੇਡ ਨੇਸ਼ਨਜ਼ ਵੱਲੋਂ ਕੀਤੇ ਗਏ ਇੱਕ ਸਰਵੇ ਮੁਤਾਬਕ ਸੰਸਾਰ ਵਿੱਚੋਂ ਭੁੱਖਮਰੀ ਮਿਟਾਉਣ ਲਈ ਹੋਰ ਅਨਾਜ਼ ਪੈਦਾ ਕਰਨ ਦੀ ਬਜਾਏ ਜੇ ਸਿਰਫ ਖਾਧ ਪਦਾਰਥਾਂਦੀ ਬਰਬਾਦੀ ਨੂੰ ਹੀ ਰੋਕ ਲਿਆ ਜਾਵੇ ਤਾਂ ਸੰਸਾਰ ਦਾ ਕੋਈ ਵੀ ਵਿਅਕਤੀ ਭੁੱਖਾ ਨਹੀਂ ਸੌਂਵੇਗਾ।

ਯੂ.ਐਨ.ਈ.ਪੀ (ਯੁਨਾਈਟਿਡ ਨੇਸ਼ਨਜ਼



ਐਨਵਾਇਰਮੈਂਟ ਪ੍ਰੋਗਰਾਮ) ਮੁਤਾਬਕ ਖਾਣੇ ਦੀ ਬਰਬਾਦੀ ਨਾਲ ਸਿਰਫ ਭੁੱਖਮਰੀ ਹੀ ਨਹੀਂ ਵਧਦੀ, ਸਗੋਂ ਇਸ ਦੇ ਦੂਰਰਸ ਵਾਤਾਵਰਣ ਸਬੰਧੀ, ਆਰਥਿਕ ਅਤੇ ਸਮਾਜਿਕ ਪ੍ਰਭਾਵ ਵੀ ਪੈਂਦੇ ਹਨ।ਸਾਡੀ ਧਰਤੀ ਹਰ ਸਾਲ ਗਰਮ ਹੁੰਦੀ ਜਾ ਰਹੀ ਹੈ। ਇਸ ਤਾਪਮਾਨ ਨੂੰ ਵਧਾਉਣ ਵਾਲੀਆਂ ਗਰੀਨ ਹਾਊਸ ਗੈਸਾਂ (ਕਾਰਬਨ ਡਾਇਆਕਸਾਈਡ, ਮੀਥੇਨ ਅਤੇ ਨਾਈਟਰਸ ਆਕਸਾਈਡ ਆਦਿ) ਦਾ 10 ਤੋਂ 12% ਉਤਪਾਦਨ ਗੰਦਗੀ ਦੇ ਢੇਰਾਂ 'ਤੇ ਪਏ ਸੜਦੇ ਗਲਦੇ ਖਾਧ ਪਦਾਰਥਾਂ ਤੋਂ ਹੁੰਦਾ ਹੈ। ਖਾਧ ਪਦਾਰਥਾਂ ਦੀ ਬਰਬਾਦੀ ਰੋਕਣ ਨਾਲ ਗਰੀਨ ਹਾਊਸ ਗੈਸਾਂ ਦੇ ਉਤਪਾਦਨ ਵਿੱਚ ਕਮੀ ਹੋਵੇਗੀ, ਕੁਦਰਤ ਦੀ ਬਰਬਾਦੀ ਧੀਮੀ ਹੋ ਜਾਵੇਗੀ, ਭੁੱਖਮਰੀ ਖਤਮ ਹੋਵੇਗੀ ਅਤੇ ਅਰਬਾਂ ਡਾਲਰ ਦੀ ਬਚਤ ਅਲੱਗ ਤੋਂ ਹੋਵੇਗੀ ।2019 ਦੌਰਾਨ ਸੰਸਾਰ ਵਿੱਚ 269 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋਏ ਸਨ ਤੇ ਕਰੋਨਾ ਦੇ ਵਾਰ ਵਾਰ ਹੋ ਰਹੇ ਪ੍ਰਕੋਪ ਕਾਰਨ ਇਹ ਗਿਣਤੀ 2022 ਵਿੱਚ ਕਈ ਗੁਣਾ ਵਧ ਜਾਣ ਦੀ ਆਸ਼ੰਕਾ ਹੈ। ਜੇ ਸਿਰਫ ਖਾਧ ਪਦਾਰਥਾਂ ਦੀ ਬਰਬਾਦੀ ਨੂੰ ਹੀ ਰੋਕ ਲਿਆ ਜਾਵੇ ਤਾਂ ਇਨ੍ਹਾਂ ਲੋਕਾਂ ਨੂੰ ਘੱਟੋ ਘੱਟ ਦੋ ਵਕਤ ਦਾ ਭਰ ਪੇਟਭੋਜਨ ਰੋਜ਼ਾਨਾ ਦਿੱਤਾ ਜਾ ਸਕਦਾ ਹੈ। ਲੰਬੇ ਸਮੇਂ ਤੱਕ ਇਹ ਹੀ ਸਮਝਿਆ ਜਾਂਦਾ ਰਿਹਾ ਸੀ ਕਿ ਖਾਧ ਪਦਾਰਥਾਂ ਦੀ ਬਰਬਾਦੀ ਸਿਰਫ ਅਮੀਰ ਦੇਸ਼ਾਂ ਦੀ ਸਮੱਸਿਆ ਹੈ। ਪਰ ਇਸ ਕੰਮ ਵਿੱਚ ਹੁਣ ਭਾਰਤ ਵਰਗੇ ਗਰੀਬ ਦੇਸ਼ ਕਿਤੇ ਅੱਗੇ ਲੰਘ ਗਏ ਹਨ। ਭਾਰਤ ਵਿੱਚ ਸਭ ਤੋਂ ਜਿਆਦਾ ਬਰਬਾਦੀ ਵਿਆਹਾਂ ਦੇ ਸੀਜ਼ਨ ਦੌਰਾਨ ਹੁੰਦੀ ਹੈ। ਰੋਜ਼ਾਨਾਂ ਲੱਖਾਂ ਟਨ ਬਚਿਆ ਹੋਇਆ ਖਾਣਾ ਗਰੀਬਾਂ ਵਿੱਚ ਵੰਡਣ ਦੀ ਬਜਾਏ ਕੂੜੇ ਦੇ ਢੇਰਾਂ 'ਤੇ ਸੁੱਟ ਦਿੱਤਾ ਜਾਂਦਾ ਹੈ।

ਭਾਰਤ ਵਿੱਚ ਵਿਆਹਾਂ ਦੌਰਾਨ 20 ਤੋਂ 30% ਖਾਣਾ ਬਰਬਾਦ ਹੁੰਦਾ ਹੈ।ਇੱਕ ਔਸਤ ਭਾਰਤੀ ਪਰਿਵਾਰ ਆਪਣੀ ਜ਼ਿੰਦਗੀ ਭਰ ਦੀ ਕਮਾਈ ਦਾ ਪੰਜਵਾਂ ਹਿੱਸਾ ਇੱਕ ਵਿਆਹ 'ਤੇ ਖਰਚ ਕਰ ਦਿੰਦਾ ਹੈ। ਕੈਟਰਿੰਗ ਕੰਪਨੀਆਂ ਨੇ ਪਿਛਲੇ ਵੀਹ ਸਾਲਾਂ ਵਿੱਚ ਪ੍ਰਤੀ ਪਲੇਟ ਖਾਣੇ ਦਾ ਰੇਟ 50 ਤੋਂ 60 ਗੁਣਾ ਤੱਕ ਵਧਾ ਦਿੱਤਾ ਹੈ। ਭਾਰਤ ਵਿੱਚ ਔਸਤਨ ਸਲਾਨਾ ਇੱਕ ਕਰੋੜ ਵਿਆਹ ਹੁੰਦੇ ਹਨ ਜਿਨ੍ਹਾਂ ਦੌਰਾਨ ਅਰਬਾਂ ਰੁਪਏ ਦਾ ਖਾਣਾ ਬਰਬਾਦ ਹੁੰਦਾ ਹੈ।ਬੰਗਲੌਰਐਗਰੀਕਲਚਰ ਯੂਨੀਵਰਸਿਟੀ ਨੇ 2020 ਵਿੱਚ ਇਸ ਸਬੰਧੀ ਇੱਕ ਸਰਵੇ ਕਰਵਾਇਆ ਤਾਂ ਚੌਂਕਾਉਣ ਵਾਲੇ ਅੰਕੜੇ ਸਾਹਮਣੇ ਆਏ। ਸਿਰਫ ਬੰਗਲੌਰ ਸ਼ਹਿਰ ਵਿੱਚ ਹੋਏ 85000 ਵਿਆਹਾਂ ਵਿੱਚ ਹੀ 943 ਮੀਟਰਿਕ ਟਨ ਖਾਣਾ ਕੂੜੇ ਵਿੱਚ ਸੁਟਿਆ ਗਿਆ। ਇਹ ਖਾਣਾ ਢਾਈ ਕਰੋੜ ਗਰੀਬਾਂ ਨੂੰ ਇੱਕ ਸਾਲ ਲਈ ਦੋ ਵਕਤ ਦਾ ਖਾਣਾ ਦੇਣ ਲਈ ਕਾਫੀ ਸੀ। ਵਿਆਹਾਂ ਵਿੱਚ ਅੱਠ ਦਸ ਡਿੱਸ਼ਾਂ ਨਾਲ ਵੀ ਸਰ ਸਕਦਾ ਹੈ, ਪਰ ਫੋਕੀ ਸ਼ਾਨ ਵਿਖਾਉਣ ਲਈ ਪੰਜਾਹ-ਪੰਜਾਹ ਡਿਸ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ। ਖਾਣੇ ਦੀ ਰੱਜ ਕੇ ਬਰਬਾਦੀ ਕੀਤੀ ਜਾਂਦੀ ਹੈ। ਜਿਹੜਾ ਸੌ ਗ੍ਰਾਮ ਨਹੀਂ ਖਾ ਸਕਦਾ, ਉਹ ਕਿੱਲੋ ਪਾ ਲੈਂਦਾ ਹੈ। ਜਦੋਂ ਖਾਧਾ ਨਹੀਂ ਜਾਂਦਾ ਤਾਂ ਪਲੇਟ ਸਮੇਤ ਡਸਟ ਬਿਨ ਵਿੱਚ ਸੁੱਟ ਦਿੱਤਾ ਜਾਂਦਾ ਹੈ।

ਖਾਣੇ ਦੀ ਬਰਬਾਦੀ ਵਿੱਚ ਅਮੀਰ ਦੇਸ਼ ਵੀ ਪਿੱਛੇ ਨਹੀਂ ਹਨ।ਅਮਰੀਕਾ ਵਿੱਚ ਹਰ ਸਾਲ ਕਰੀਬ 40 ਅਰਬਡਾਲਰ ਦੇ ਖਾਧ ਪਦਾਰਥ ਬਰਬਾਦ ਕੀਤੇ ਜਾਂਦੇ ਹਨ ਜੋ ਕੁੱਲ ਉਤਪਾਦਨ ਦਾ 30% ਬਣਦਾ ਹੈ। ਇਸ ਕਾਰਨ ਵਾਤਾਵਰਣ ਦੀ ਬਰਬਾਦੀਤਾਂ ਹੁੰਦੀ ਹੀ ਹੈ ਸਗੋਂਇਸ ਨੂੰ ਪੈਦਾ ਕਰਨ ਲਈ ਵਰਤਿਆ ਗਿਆ ਖਰਬਾਂ ਲੀਟਰ ਪਾਣੀ ਵੀ ਜਾਇਆ ਹੋ ਜਾਂਦਾ ਹੈ। ਉੱਤਰੀ ਅਤੇ ਦੱਖਣੀ ਅਮਰੀਕਾ ਵਿੱਚ ਜਿੰਨੇਖਾਧ ਪਦਾਰਥ ਬਰਬਾਦ ਹੁੰਦੇ ਹਨ, ਉਨ੍ਹਾਂ ਨਾਲ 30 ਕਰੋੜ ਲੋਕਾਂ ਦੀ ਭੁੱਖ ਮਿਟਾਈ ਜਾ ਸਕਦੀ ਹੈ। ਇੰਗਲੈਂਡ ਵਿੱਚ ਖਾਣੇ ਦੀ ਸਭ ਤੋਂ ਵੱਧ ਬਰਬਾਦੀ ਘਰਾਂਵਿੱਚ ਕੀਤੀ ਜਾਂਦੀ ਹੈ।ਖਰੀਦੇ ਗਏ ਕੁੱਲ 217 ਲੱਖ ਟਨ ਖਾਧ ਪਦਾਰਥਾਂ ਵਿੱਚੋਂ 67 ਲੱਖ ਟਨ(32%)ਸਿਰਫ ਇਸ ਲਈ ਖਰਾਬ ਹੋ ਜਾਂਦਾ ਹੈ ਕਿਉਂਕਿ ਜ਼ਰੂਰਤ ਤੋਂ ਵੱਧ ਖਰੀਦ ਲਿਆ ਜਾਂਦਾ ਹੈ ਤੇ ਚੰਗੀ ਤਰਾਂ ਸੰਭਾਲਿਆ ਨਹੀਂ ਜਾਂਦਾ। ਇੰਗਲੈਂਡ ਅਤੇ ਯੂਰਪ ਵਿੱਚ ਬਰਬਾਦ ਕੀਤੇ ਜਾ ਰਹੇ ਖਾਧ ਪਦਾਰਥਾਂਨਾਲ 20 ਕਰੋੜ ਲੋਕਾਂ ਨੂੰ ਖਾਣਾ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਆਸਟਰੇਲੀਆ ਵਿੱਚ 75 ਅਰਬ ਅਤੇ ਏਸ਼ੀਆ ਵਿੱਚ 112 ਖਰਬ ਡਾਲਰਦੇ ਖਾਧ ਪਦਾਰਥ ਹਰ ਸਾਲ ਬਰਬਾਦ ਹੋ ਜਾਂਦੇ ਹਨ। ਸਭ ਤੋਂ ਹੈਰਾਨੀਜਨਕ ਸਥਿੱਤੀ ਅਫਰੀਕਾ ਦੀ ਹੈ ਜਿੱਥੇ ਸੋਮਾਲੀਆ, ਚਾਡ, ਸੁਡਾਨ, ਮਾਲੀ, ਨਾਈਜ਼ੀਰੀਆ, ਇਥੋਪੀਆ ਅਤੇ ਸਹਾਰਾ ਰੇਗਸਤਾਨ ਦੇ ਅਨੇਕਾਂ ਦੇਸ਼ਾਂ ਦੀ ਕਰੋੜਾਂ ਅਬਾਦੀ ਭੁੱਖਮਰੀ ਨਾਲ ਜੂਝ ਰਹੀ ਹੈ। ਸਿਰਫ ਕੀਨੀਆਂ ਵਿੱਚ 950 ਲੱਖ ਲੀਟਰ ਅਤੇ ਤਨਜ਼ਾਨੀਆਂ ਵਿੱਚ 595 ਲੱਖ ਲੀਟਰ ਸਲਾਨਾ ਦੁੱਧ ਸੰਭਾਲਣ ਦੀਆਂ ਸਹੂਲਤਾਂ ਨਾ ਹੋਣ ਕਾਰਨ ਖਰਾਬ ਹੋ ਜਾਂਦਾ ਹੈ ਜੋ ਕੁੱਲ ਉਤਪਾਦਨ ਦਾ 30% ਬਣਦਾ ਹੈ। ਇਸੇ ਤਰਾਂ ਅਫਰੀਕਾ ਦਾ ਅਨਾਜ ਵੀ 20% ਦੇ ਕਰੀਬ ਖਰਾਬ ਹੋ ਜਾਂਦਾ ਹੈ ਜਿਸ ਨਾਲ ਉਸ ਦੀ 22% ਅਬਾਦੀ ਨੂੰ ਖਾਣਾ ਦਿੱਤਾ ਜਾ ਸਕਦਾ ਹੈ।

ਖਾਧ ਪਦਾਰਥਾਂਵਿੱਚ ਸਭ ਤੋਂ ਵੱਧ ਬਰਬਾਦੀ ਕ੍ਰਮਵਾਰ ਸਬਜ਼ੀਆਂ, ਫਲਾਂ, ਦੁੱਧ ਅਤੇ ਅਨਾਜ਼ ਦੀ ਹੁੰਦੀ ਹੈ।ਸਬਜ਼ੀਆਂ ਤੇ ਫਲ40 ਤੋਂ 50%, ਦੁੱਧ ਪਦਾਰਥ36%, ਮੀਟ ਅਤੇ ਮੱਛੀ32%, ਤੇਲ ਬੀਜ਼ 20% ਅਤੇ ਅਨਾਜ ਅਤੇ ਦਾਲਾਂ 30% ਦੇ ਕਰੀਬ ਬਰਬਾਦ ਹੋ ਜਾਂਦੇ ਹਨ। ਹਰ ਸਾਲ ਜਿੰਨੇਖਾਧ ਪਦਾਰਥ ਬਰਬਾਦ ਕੀਤਾ ਜਾ ਰਹੇ ਹਨ, ਉਹ ਅੱਧੇ ਅਫਰੀਕਾ ਮਹਾਂਦੀਪ ਦਾ ਢਿੱਡ ਭਰਨ ਲਈ ਕਾਫੀ ਹਨ। ਗਰੀਬ ਦੇਸ਼ਾਂ ਵਿੱਚ ਸਹੂਲਤਾਂ ਦੀ ਕਮੀ ਹੋਣ ਕਾਰਨ ਖਾਧ ਪਦਾਰਥਾਂ ਦੀ 40% ਬਰਬਾਦੀ ਉਤਪਾਦਨ ਅਤੇ ਪ੍ਰੋਸੈੱਸਿੰਗ ਸਮੇਂ ਹੁੰਦੀ ਹੈ, ਜਦੋਂ ਕਿ ਅਮੀਰ ਦੇਸ਼ਾਂ ਵਿੱਚ ਇਸ ਦੀ 40% ਬਰਬਾਦੀ ਸਟੋਰਾਂ ਅਤੇ ਵਿਕਣ ਤੋਂ ਬਾਅਦ ਘਰਾਂ ਵਿੱਚ ਹੁੰਦੀ ਹੈ।ਗਰੀਬ ਦੇਸ਼ਾਂ ਵਿੱਚ ਭੰਡਾਰਣ, ਡੱਬਾਬੰਦ ਕਰਨ ਅਤੇ ਦੁੱਧ ਸ਼ੀਤਲਕਰਣ ਵਰਗੀਆਂ ਸਹੂਲਤਾਂ ਨਾ ਹੋਣ ਕਾਰਨ ਬਰਬਾਦੀ ਹੋ ਰਹੀ ਹੈ ਤੇ ਅਮੀਰ ਦੇਸ਼ਾਂ ਵਿੱਚ ਲੋੜ ਤੋਂ ਵੱਧ ਖਾਣਾ ਖਰੀਦ ਲੈਣ ਕਾਰਨ।

ਪਾਣੀ, ਵਾਤਾਵਰਣ ਅਤੇ ਮਨੁੱਖੀ ਸਿਹਤ ਨੂੰ ਬਰਕਰਾਰ ਰੱਖਣ ਲਈ ਖਾਧ ਪਦਾਰਥਾਂ ਦੀ ਬਰਬਾਦੀ ਰੋਕਣੀ ਬਹੁਤ ਹੀ ਜਰੂਰੀ ਹੋ ਗਈ ਹੈ। ਕੁਝ ਸਾਲਾਂ ਤੋਂ ਯੂਰਪ, ਅਮਰੀਕਾ ਅਤੇ ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਿੱਚ ਜਗ੍ਹਾ ਜਗ੍ਹਾ 'ਤੇ ਫੂਡ ਬੈਂਕ ਬਣ ਗਏ ਹਨ ਜਿੱਥੇ ਸਟੋਰਾਂ - ਹੋਟਲਾਂ ਵਾਲੇ ਅਤੇ ਸਧਾਰਣ ਲੋਕ ਆਪਣੇ ਵਾਧੂ ਖਾਧ ਪਦਾਰਥ ਪਹੁੰਚਾ ਆਉਂਦੇ ਹਨ। ਉਥੋਂ ਇਹ ਖਾਣਾ ਗਰੀਬ ਲੋਕਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਕੁਝ ਦੇਰ ਤੋਂ ਭਾਰਤ ਵਿੱਚ ਵੀ ਕਈ ਸਮਾਜ ਸੇਵੀ ਸੰਸਥਾਵਾਂ ਨੇ ਇਹ ਸੇਵਾ ਸ਼ੁਰੂ ਕੀਤੀ ਹੋਈ ਹੈ। ਉਹ ਮੈਰਿਜ ਪੈਲਸਾਂ ਆਦਿ ਤੋਂ ਖਾਣਾ ਇਕੱਠਾ ਕਰ ਕੇ ਗਰੀਬਾਂ ਅਤੇ ਅਨਾਥਾਲਿਆਂ ਤੱਕ ਪਹੁੰਚਾ ਦਿੰਦੇ ਹਨ। ਕੈਟਰਿੰਗ ਵਾਲੇ ਅਤੇ ਅਮੀਰ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਵਿਆਹ ਅਤੇ ਹੋਰ ਸਮਾਗਮਾਂ ਦਾ ਵਧਿਆ ਹੋਇਆ ਖਾਣਾ ਕਿਸੇ ਚੰਗੀ ਸਮਾਜ ਸੇਵੀ ਸੰਸਥਾ ਨੂੰ ਦੇ ਦੇਣ ਤਾਂ ਜੋ ਕਿਸੇ ਗਰੀਬ ਦੇ ਕੰਮ ਆ ਸਕੇ।


ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ, ਨਾਟਕ ਦੀ ਪੇਸ਼ਕਾਰੀ ਅਤੇ ਗੁਰਬਚਨ ਚਿੰਤਕ ਦਾ ਸਨਮਾਨ

## ਗੁਰਤੇਜ ਕੋਹਾਰਵਾਲਾ ਅਤੇ ਸੁਰਿੰਦਰ ਗੀਤ ਨੇ ਮਹਿਮਾਨ ਸ਼ਾਇਰਾਂ ਵੱਜੋਂ ਕੀਤੀ ਸ਼ਿਰਕਤ

## "ਹੋਰਾਂ ਵਾਂਗੂੰ ਨੇਰ੍ਹਾ ਢੋਂਦੇ ਰਾਤ ਬਰਾਤੇ ਜੀਅ ਲੈਣਾ ਸੀ; ਦਿਲ ਨੂੰ ਜੇਕਰ ਅੱਗ ਨਾ ਲੱਗਦੀ, ਮੈ ਚਾਨਣ ਤੋਂ ਕਈ ਲੈਣਾ ਸੀ"





ਮੋਗਾ (ਪੰਜਾਬੀ ਅਖ਼ਬਾਰ ਬਿਊਰੋ) ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਵਲੋਂ ਸੁਤੰਤਰਤਾ ਸੰਗਰਾਮੀ ਭਵਨ ਵਿਚ ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ਾਲ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਦੇ ਨਾਮਵਰ ਸ਼ਾਇਰ ਗੁਰਤੇਜ ਕੋਹਾਰਵਾਲਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਕਨੇਡਾ ਰਹਿ ਰਹੀ ਸ਼ਾਇਰਾ ਸੁਰਿੰਦਰ ਗੀਤ ਸਮਾਗਮ ਦੇ ਵਿਸ਼ੇਸ਼ ਮਹਿਮਾਨ ਸਨ ਅਤੇ ਪ੍ਰਧਾਨਗੀ ਡਾ ਅਜੀਤਪਾਲ ਜਿਲਾ ਭਾਸ਼ਾ ਅਫਸਰ ਮੋਗਾ, ਮਨਜੀਤ ਪੁਰੀ ਜਿਲ੍ਹਾ ਭਾਸ਼ਾ ਅਫਸਰ ਫਰੀਦਕੋਟ, ਗੁਰਬਚਨ ਸਿੰਘ ਸੰਘਾ ਅਤੇ ਮੰਚ ਦੇ ਜਨਰਲ ਸਕੱਤਰ ਰਣਜੀਤ ਸਰਾਂਵਾਲੀ ਨੇ ਕੀਤੀ।

ਮਜ਼ਦੂਰ ਦਿਵਸ ਦੇ ਇਤਿਹਾਸ ਅਤੇ ਮਹੱਤਵ ਬਾਰੇ ਬੋਲਦਿਆਂ ਪ੍ਰਸਿੱਧ ਚਿੰਤਕ ਡਾ ਸੁਰਜੀਤ ਬਰਾੜ ਨੇ ਦੱਸਿਆ ਕਿ 4 ਮਈ 1886 ਨੂੰ ਸ਼ਿਕਾਗੋ ਦੀ ਹੇਅ ਮਾਰਕੀਟ ਵਿਚ ਆਪਣੀਆਂ ਹੱਕੀਂ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਮਜ਼ਦੂਰਾਂ ਨੂੰ ਪ੍ਰਸ਼ਾਸਨ ਵਲੋਂ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਲੰਮੇ ਸੰਘਰਸ਼ ਬਾਅਦ ਮਜ਼ਦੂਰਾਂ ਦੀਆਂ ਜਮਹੂਰੀ ਮੰਗਾਂ ਜਿਵੇਂ ਕਿ ਅੱਠ ਘੰਟੇ ਦਿਹਾੜੀ, ਹਫਤਾਵਾਰੀ ਛੁੱਟੀ ਆਦਿ ਪ੍ਰਵਾਨ ਹੋਈਆਂ ਸਨ। ਨਾਵਲਕਾਰ ਬਲਦੇਵ ਸਿੰਘ ਨੇ ਕਿਹਾ ਦੇਸ਼ ਵਿੱਚ ਵਧ ਰਹੀ ਕੱਟੜਤਾ ਖਤਰਨਾਕ ਹੈ। ਕਿਸੇ ਨੂੰ ਵੀ ਬਿਨਾਂ ਕੋਈ ਦੋਸ਼ ਦੇ ਫੜ ਕੇ ਜੇਲ੍ਹ 'ਚ ਤੁੰਨਿਆ ਜਾ ਰਿਹਾ ਹੈ।

ਨਾਮਵਰ ਸ਼ਾਇਰ ਗੁਰਤੇਜ ਕੋਹਾਰਵਾਲਾ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਲੇਖਕਾਂ ਸਿਰ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਸ਼ਬਦਾਂ ਅਤੇ ਕਲਮ ਰਾਹੀਂ ਜਾਗਦੇ ਰਹਿਣ ਦਾ ਹੋਕਾ ਦਿੰਦੇ ਰਹਿਣ। ਮਨਜੀਤ ਪੁਰੀ ਨੇ ਕਿਹਾ ਕਿ ਅਸੀਂ ਬਹੁਤ ਜਿਆਦਾ ਅਸਹਿਣਸ਼ੀਲ ਹੋ ਗਏ ਹਾਂ। ਲੋਕਾਂ ਅੰਦਰ ਮਰ ਰਹੀ ਸੰਵੇਦਨਾ ਨੂੰ ਜਗਾਉਣ ਲਈ ਅਤੇ ਝੰਜੋੜ ਕੇ ਜਗਾਉਣ ਲਈ ਸ਼ਾਇਰਾਂ ਨੂੰ ਆਪਣਾ ਫ਼ਰਜ਼ ਅਦਾ ਕਰਨ ਦੀ ਲੋੜ ਹੈ।

ਮੰਚ ਸੰਚਾਲਕ ਤੇ ਮਹਿੰਦਰ ਸਾਥੀ ਮੰਚ ਦੇ ਪ੍ਰਧਾਨ ਗੁਰਮੀਤ ਕੜਿਆਲਵੀ ਨੇ ਕਿਹਾ ਸਰਕਾਰਾਂ ਕਿਤਾਬ ਤੋਂ ਡਰਦੀਆਂ ਹਨ। ਰਣਜੀਤ ਸਰਾਂਵਾਲੀ ਨੇ ਕਿਹਾ ਕਿ ਲੋਕਾਂ ਦੇ ਹਾਣ ਦੀ ਸ਼ਾਇਰੀ ਹੀ ਉਹਨਾਂ ਨੂੰ ਝੰਜੋੜ ਸਕਦੀ ਹੈ। ਬੰਦ ਏ ਸੀ ਕਮਰਿਆਂ 'ਚ ਬਹਿਕੇ ਲਿਖੇ ਗੀਤ ਲੋਕਾਂ ਦੇ ਜ਼ਖਮਾਂ 'ਤੇ ਮਲ੍ਹਮ ਨਹੀਂ ਲਾ ਸਕਦੇ।

ਸੁਰਿੰਦਰ ਗੀਤ ਨੇ ਕਨੇਡਾ ਦੀ ਧਰਤੀ 'ਤੇ ਰਹਿੰਦਿਆਂ ਕਿਰਤ ਦੀ ਲੁੱਟ ਰੋਕਣ ਲਈ ਕੀਤੇ ਸੰਘਰਸ਼ ਬਾਰੇ ਦੱਸਿਆ। ਗੁਰਬਚਨ ਸਿੰਘ ਚਿੰਤਕ ਨੇ ਕਿਹਾ ਕਿ ਆਖਰ ਨੂੰ ਕਿਰਤ ਦੀ ਜਿੱਤ ਹੋਣੀ ਹੈ। ਜਿਲ੍ਹਾ ਭਾਸ਼ਾ ਅਫਸਰ ਮੋਗਾ ਡਾ ਅਜੀਤਪਾਲ ਨੇ ਆਪਣੀ ਬਾ-ਤਰੰਨਮ ਸ਼ਾਇਰੀ ਦੇ ਨਾਲ ਨਾਲ ਆਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਗੁਰਬਚਨ ਸੰਘਾ ਨੇ ਗੁਰਬਚਨ ਸਿੰਘ ਚਿੰਤਕ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ।

ਸ਼ਾਇਰੀ ਦੇ ਦੌਰ ਵਿੱਚ ਪ੍ਰੋ ਗੁਰਤੇਜ ਕੋਹਾਰਵਾਲਾ ਨੇ ਆਪਣੀਆਂ ਬਹੁਤ ਚਰਚਿਤ ਗ਼ਜ਼ਲਾਂ ਦੇ ਚੋਣਵੇਂ ਸ਼ੇਅਰ ਸਰੋਤਿਆਂ ਨਾਲ ਸਾਂਝੇ ਕੀਤੇ। "ਹੋਰਾਂ ਵਾਂਗੂੰ ਨੇਰ੍ਹਾ ਢੋਂਦੇ ਰਾਤ ਬਰਾਤੇ ਜੀਅ ਲੈਣਾ ਸੀ; ਦਿਲ ਨੂੰ ਜੇਕਰ ਅੱਗ ਨਾ ਲੱਗਦੀ, ਮੈ ਚਾਨਣ ਤੋਂ ਕਈ ਲੈਣਾ ਸੀ" ਨੇ ਟੁੰਬ ਲਿਆ। ਸੁਰਿੰਦਰ ਗੀਤ ਦੀਆਂ ਕਵਿਤਾਵਾਂ ਵੰਗਾਰ ਵਰਗੀਆਂ ਸਨ, "ਕਵੀ ਨੇ ਕਲਮ ਕੀ ਚੁੱਕੀ, ਸਮੇਂ ਵਿੱਚ ਜੋਸ਼ ਭਰ ਆਇਆ। ਕਵੀ ਦੀ ਕਲਮ ਹੀ ਗੂੰਗੇ ਸਮੇਂ ਦੇ ਜੀਭ ਲਾਉਂਦੀ ਹੈ।" ਮਨਜੀਤ ਪੁਰੀ ਦੀ ਗ਼ਜ਼ਲ "ਹਾਕਮ ਦੀ ਨਾ ਅੱਖ ਰੜਕੇ ਕੀ ਜਿਉਣਾ" ਨੇ ਕਿਸਾਨ ਅੰਦੋਲਨ ਦੇ ਸੰਘਰਸ਼ਮਈ ਦਿਨਾਂ ਦੀ ਯਾਦ ਤਾਜ਼ਾ ਕਰਵਾਈ।

ਰਣਜੀਤ ਸਰਾਂਵਾਲੀ ਨੇ ਕਿਰਤੀਆਂ ਨੂੰ ਸਮਰਪਿਤ ਕਵਿਤਾ "ਮੈਂ ਭਾਈ ਲਾਲੋ ਕਿਆਂ 'ਚੋਂ ਹਾਂ" ਨਾਲ ਹਾਜ਼ਰੀ ਲਵਾਈ। ਪ੍ਰੀਤ ਜੱਗੀ ਵਲੋਂ ਵਾਰ ਦੇ ਰੰਗ ਵਿਚ ਪੇਸ਼ ਕੀਤੀ ਕਵਿਤਾ ਨੇ ਵਾਹ ਵਾਹ ਖੱਟ ਲਈ। ਅਸ਼ੋਕ ਚਟਾਨੀ, ਗੁਰਦੇਵ ਸਿੰਘ ਦਰਦੀ, ਦਰਸ਼ਨ ਦੋਸਾਂਝ ਅਤੇ ਜਸਵਿੰਦਰ ਧਰਮਕੋਟ ਨੇ ਵੀ ਆਪਣੀਆਂ ਕਵਿਤਾਵਾਂ/ਗੀਤਾਂ ਨਾਲ ਭਰਵੀਂ ਹਾਜ਼ਰੀ ਲਵਾਈ। ਅਮਰਪ੍ਰੀਤ ਕੌਰ ਸੰਘਾ ਦੀ ਨਜ਼ਮ ਨੇ ਭਾਵਕ ਕਰ ਦਿੱਤਾ।

ਪਟਿਆਲੇ ਤੋਂ ਪਹੁੰਚੇ ਮਸ਼ਹੂਰ ਰੰਗ ਕਰਮੀ ਅਨਾਇਤ ਨੇ "ਸੁਪਨਿਆ ਦਾ ਕਤਲ" ਨਾਂ ਦਾ ਸੋਲੋ ਨਾਟਕ ਪੇਸ਼ ਕੀਤਾ ਜਿਸਨੇ ਸਾਰਿਆਂ ਦੀਆਂ ਅੱਖਾਂ ਸਿੱਲੀਆਂ ਕਰ ਦਿੱਤੀਆਂ।

ਗੁਰਬਚਨ ਚਿੰਤਕ ਦਾ ਸਨਮਾਨ ਪੱਤਰ ਮੀਡੀਆ ਕੁਆਰਡੀਨੇਟਰ ਅਮਰ ਘੋਲੀਆ ਨੇ, ਗੁਰਤੇਜ ਕੋਹਾਰਵਾਲਾ ਦਾ ਜਸਵਿੰਦਰ ਧਰਮਕੋਟ ਨੇ, ਸੁਰਿੰਦਰ ਗੀਤ ਦਾ ਸਨਮਾਨ ਪੱਤਰ ਗੁਰਮੀਤ ਕੜਿਆਲਵੀ ਨੇ ਅਤੇ ਮਨਜੀਤ ਪੁਰੀ ਦਾ ਮਾਣ ਪੱਤਰ ਧਾਮੀ ਗਿੱਲ ਨੇ ਪੜ੍ਹਿਆ। ਸਮਾਜ ਭਲਾਈ ਕਾਰਜਾਂ ਅਤੇ ਸਾਹਿਤਕ ਦੇਣ ਲਈ ਗੁਰਬਚਨ ਚਿੰਤਕ ਨੂੰ ਸਨਮਾਨਿਤ ਕੀਤਾ ਗਿਆ। ਮੰਚ ਵਲੋਂ ਸੇਵਾ ਮੁਕਤ ਹੋਣ ਦੇ ਬਾਅਦ ਵੀ ਪੜ੍ਹਾਉਣਾ ਜਾਰੀ ਰੱਖਣ ਵਾਲੇ ਕਰਮਸ਼ੀਲ ਅਧਿਆਪਕ ਗੁਰਮੇਲ ਬੌਡੇ ਨੂੰ ਮਜ਼ਦੂਰ ਦਿਵਸ 'ਤੇ ਵਿਸ਼ੇਸ਼ ਸਨਮਾਨ ਦਿੱਤਾ ਗਿਆ।

ਇਸ ਸਾਹਿਤਕ ਸਮਾਗਮ ਵਿਚ ਪ੍ਰਸਿੱਧ ਵਿਅੰਗਕਾਰ ਕੇ ਐਲ ਗਰਗ, ਕਹਾਣੀਕਾਰ ਜਸਬੀਰ ਕਲਸੀ, ਜਗਤਾਰ ਸਿੰਘ ਸੋਖੀ ਮੁੱਦਕੀ, ਦਿਲਬਾਗ ਸਿੰਘ ਬੁੱਕਣਵਾਲਾ, ਜਸਵਿੰਦਰ ਸੋਨੀ ਚੜਿਕ, ਸੋਨੀਆ ਸਿਮਰ, ਸਰਬਜੀਤ ਕੌਰ ਮਾਹਲਾ, ਪ੍ਰੋ ਕਰਮਜੀਤ ਕੌਰ, ਕਰਮਜੀਤ ਕੌਰ ਧਾਲੀਵਾਲ, ਗੁਰਮੀਤ ਸਿੰਘ ਮੱਲ੍ਹਾ, ਡਾ ਸਾਧੂ ਰਾਮ ਲੰਗੇਆਣਾ, ਕੰਵਲਜੀਤ ਭੋਲਾ ਲੰਡੇ, ਅਵਤਾਰ ਕਮਾਲ, ਗੁਰਮੀਤ ਰਖਰਾ ਕੜਿਆਲ, ਵਿਰਾਸਤ ਮੇਲਾ ਲਾਉਣ ਵਾਲੇ ਪਰਮਜੀਤ ਸਿੰਘ ਕੜਿਆਲ, ਕਿਰਪਾਲ ਸਿੰਘ ਸਿੰਘ ਸੰਧੂ ਜੇ ਈ, ਰਣਜੀਤ ਕੁਮਾਰ, ਜਗੀਰ ਖੋਖਰ, ਸ਼ਾਇਰ ਨਰਿੰਦਰ ਰੋਹੀ, ਚਰਨਜੀਤ ਸਮਾਲਸਰ, ਅਵਤਾਰ ਸਮਾਲਸਰ, ਜੋਗਿੰਦਰ ਮਾਹਲਾ, ਬਲਜੀਤ ਸਿੰਘ ਰਾਮੂਵਾਲੀਆ, ਸਰਬਜੀਤ ਸਿੰਘ ਦੌਧਰ, ਕਵੀਸ਼ਰ ਆਤਮਾ ਸਿੰਘ ਆਲਮਗੀਰ, ਗੁਰਬਖਸ਼ ਸਿੰਘ ਕੁੱਸਾ, ਤੀਰਥ ਸਿੰਘ ਕਬਰਵੱਛਾ, ਇੰਜ ਰਛਪਾਲ ਸਿੰਘ ਚੰਨੂਵਾਲਾ, ਕੁਲਵੰਤ ਸਿੰਘ ਧਾਲੀਵਾਲ ਮੋਗਾ, ਰਿਟਾ ਡੀ ਪੀ ਆਰ ? ਗਿਆਨ ਸਿੰਘ, ਗੁਰਜੀਤ ਕੌਰ, ਜਸਵਿੰਦਰ ਕੌਰ, ਰਾਵਿੰਦਰ ਕੌਰ ਮੋਗਾ, ਦਲਜੀਤ ਸਿੰਘ ਕੁੱਸਾ ਅਤੇ ਫਰੀਡਮ ਫਾਈਟਰ ਐਸੋਸੀਏਸ਼ਨ ਪੰਜਾਬ ਦੇ ਬਹੁਤ ਸਾਰੇ ਮੈਂਬਰ, ਅਜ਼ਾਦੀ ਘੁਲਾਟੀਏ ਪਰਿਵਾਰ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਸਨ। ਫਰੀਡਮ ਫਾਈਟਰ ਐਸੋਸੀਏਸ਼ਨ ਪੰਜਾਬ ਵਲੋਂ ਵੀ ਗੁਰਬਚਨ ਸਿੰਘ ਚਿੰਤਕ ਨੂੰ ਸਨਮਾਨਿਤ ਕੀਤਾ ਗਿਆ। ਚਿੰਤਕ ਦੀ ਲਿਖੀ ਪੁਸਤਕ "ਅਬਾਬੀਲ ਦੀ ਉਡਾਣ" ਪ੍ਰਧਾਨਗੀ ਮੰਡਲ ਅਤੇ ਸਾਹਿਤਕਾਰਾਂ ਵਲੋਂ ਲੋਕ ਅਰਪਣ ਕੀਤੀ ਗਈ। ਮੰਚ ਵਲੋਂ ਸੁਰਿੰਦਰ ਗੀਤ ਅਤੇ ਗੁਰਬਚਨ ਚਿੰਤਕ ਨੂੰ ਪੁਸਤਕਾਂ ਦੇ ਸੈੱਟ ਭੇਟ ਕੀਤੇ ਗਏ।

# ਹਰ ਸਾਲ 1 ਮੀਟਰ ਘੱਟ ਰਿਹੈ ਪੰਜਾਬ ਦਾ ਧਰਤੀ ਹੇਠਲੇ ਪਾਣੀ ਦਾ ਪੱਧਰ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਖੇਤੀ ਵਿਭਿੰਨਤਾ ਲਈ ਪੰਜਾਬ ਸਰਕਾਰ ਦੇ ਜ਼ੋਰ ਦਾ ਬਹੁਤ ਘੱਟ ਨਤੀਜਾ ਨਿਕਲਿਆ ਹੈ ਅਤੇ 20 ਸਾਲਾਂ ਦੇ ਪ੍ਰੀ-ਮੌਨਸੂਨ (ਜੂਨ) ਦੇ ਅੰਕੜੇ ਮੋਨੋਫਰੋਪਿੰਗ ਦੇ ਮਾੜੇ ਪ੍ਰਭਾਵ ਨੂੰ ਦਰਸਾਉਂਦੇ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ 1998 ਤੋਂ 2018 ਤੱਕ ਕੀਤੇ ਅਧਿਐਨ ਵਿੱਚ ਪਾਇਆ ਗਿਆ ਹੈ ਕਿ 22 ਵਿੱਚੋਂ 18 ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਇੱਕ ਮੀਟਰ ਤੋਂ ਵੱਧ ਹੇਠਾਂ ਜਾ ਰਿਹਾ ਹੈ।

ਰਾਜਨ ਅਗਰਵਾਲ, ਸਮਨਪ੍ਰੀਤ ਕੌਰ ਅਤੇ ਅਨਮੋਲ ਕੌਰ ਗਿੱਲ ਦੁਆਰਾ ਲਿਖਿਆ ਅਧਿਐਨ, ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਕਮੀ ਨੂੰ ਪੀਏਯੂ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਅਤੇ ਪਿਛਲੇ ਮਹੀਨੇ ਰਾਜ ਸਰਕਾਰ ਨੂੰ ਸੌਂਪਿਆ ਗਿਆ। ਅਧਿਐਨ ਵਿਚ ਪਾਇਆ ਗਿਆ ਕਿ ਜ਼ਮੀਨੀ ਪਾਣੀ ਜੋ ਤਿੰਨ ਤੋਂ 10 ਮੀਟਰ 'ਤੇ ਉਪਲਬਧ ਸੀ, ਦੋ ਦਹਾਕਿਆਂ ਵਿਚ 30 ਮੀਟਰ ਤੋਂ ਹੇਠਾਂ ਆ ਗਿਆ ਹੈ।

ਖੋਜ ਜਿਸ ਲਈ ਰਾਜ ਦੇ ਜਲ ਸਰੋਤ ਅਤੇ ਵਾਤਾਵਰਣ ਡਾਇਰੈਕਟੋਰੇਟ ਅਤੇ ਖੇਤੀਬਾੜੀ ਡਾਇਰੈਕਟੋਰੇਟ ਅਤੇ ਕੇਂਦਰੀ ਜ਼ਮੀਨੀ ਜਲ ਬੋਰਡ ਤੋਂ ਭੂਮੀਗਤ ਪਾਣੀ ਦੇ ਪੱਧਰ 'ਤੇ ਅੰਕੜੇ ਪ੍ਰਾਪਤ ਕੀਤੇ ਗਏ ਸਨ, ਜ਼ਿਲ੍ਹਿਆਂ ਦੇ ਹਰੇਕ ਬਲਾਕ ਅਤੇ ਪਾਣੀ ਦੇ ਟੇਬਲ ਦੀ ਸਥਿਤੀ ਨੂੰ ਸੂਚੀਬੱਧ ਕਰਦਾ ਹੈ।

**ਬਹੁਤੇ ਜ਼ਿਲ੍ਹਿਆਂ ਵਿੱਚ ਬਹੁਤ ਜ਼ਿਆਦਾ ਹੋਇਆ ਸ਼ੋਸ਼ਣ**

ਚਾਰ ਜ਼ਿਲ੍ਹਿਆਂ ਫਰੀਦਕੋਟ, ਫਿਰੋਜ਼ਪੁਰ, ਗੁਰਦਾਸਪੁਰ ਅਤੇ ਮੁਕਤਸਰ ਅਤੇ ਹੁਸ਼ਿਆਰਪੁਰ, ਨਵਾਂਸ਼ਹਿਰ, ਰੋਪੜ ਅਤੇ ਮਾਨਸਾ ਦੇ ਕੁਝ ਬਲਾਕਾਂ ਨੂੰ ਛੱਡ ਕੇ, ਰਾਜ ਦੇ ਹਰੇਕ ਜ਼ਿਲ੍ਹੇ ਵਿੱਚ ਧਰਤੀ ਹੇਠਲੇ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾ ਰਹੀ ਹੈ।

ਅਗਰਵਾਲ ਨੇ ਕਿਹਾ ਕਿ ਵਾਟਰ ਟੇਬਲ ਡਿਗਣ ਦੀ ਸਮੱਸਿਆ 1990 ਤੋਂ ਬਾਅਦ ਸ਼ੁਰੂ ਹੋਈ ਸੀ, ਪਰ 1998 ਤੋਂ ਬਾਅਦ ਇਹ ਗਿਰਾਵਟ ਵਧਦੀ ਗਈ। 2012 ਤੱਕ ਸਥਿਤੀ ਹੋਰ ਵਿਗੜ ਗਈ ਅਤੇ ਪੀਏਯੂ ਦੁਆਰਾ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਉਸ ਉਭਾਰ ਨੂੰ ਦਰਸਾਉਂਦੀਆਂ ਹਨ ਜਿੱਥੇ ਪਾਣੀ ਦਾ ਪੱਧਰ 20 ਮੀਟਰ ਤੋਂ ਹੇਠਾਂ ਚਲਾ ਗਿਆ ਹੈ। 2018 ਤੱਕ, ਰਾਜ ਦੇ ਕੇਂਦਰੀ ਜ਼ਿਲ੍ਹਿਆਂ ਵਿੱਚ ਸਥਿਤੀ ਵਿਗੜ ਗਈ ਅਤੇ ਪਾਣੀ ਦਾ ਪੱਧਰ 30 ਮੀਟਰ ਤੋਂ ਹੇਠਾਂ ਚਲਾ ਗਿਆ।

**ਨਹਿਰੀ ਸਿੰਚਾਈ ਤੋਂ ਟਿਊਬਵੈੱਲਾਂ ਵਿੱਚ ਤਬਦੀਲੀ**

ਅਗਰਵਾਲ, ਜੋ ਸਿੰਚਾਈ ਜਲ ਪ੍ਰਬੰਧਨ 'ਤੇ ਆਲ-ਇੰਡੀਆ ਕੋਆਰਡੀਨੇਟਿਡ ਰਿਸਰਚ ਪ੍ਰੋਜੈਕਟ (ਏਆਈਸੀਆਰਪੀ) ਦੇ ਮੁੱਖ ਵਿਗਿਆਨੀ ਹਨ, ਨੇ ਕਿਹਾ ਕਿ ਨਹਿਰੀ ਨੈਟਵਰਕ ਦੱਖਣ-ਪੱਛਮੀ ਪੰਜਾਬ ਵਿੱਚ ਮਜ਼ਬੂਤ, ਮੱਧ ਪੰਜਾਬ ਵਿੱਚ ਮੱਧਮ ਅਤੇ ਉੱਤਰ-ਪੂਰਬੀ ਪੰਜਾਬ ਵਿੱਚ ਕਮਜ਼ੋਰ ਸੀ।

ਉਸਨੇ ਕਿਹਾ ਕਿ ਹਾਲਾਂਕਿ, ਨਹਿਰੀ ਸਿੰਚਾਈ ਤੋਂ ਟਿਊਬਵੈੱਲਾਂ ਵਿੱਚ ਤਬਦੀਲੀ ਨੇ ਕਿਸਾਨ ਦੀ ਆਸਾਨ ਪਹੁੰਚ ਅਤੇ ਲੋੜ ਦੇ ਕਾਰਨ ਧਰਤੀ ਹੇਠਲੇ ਪਾਣੀ ਦੀ ਕਮੀ ਵਿੱਚ ਯੋਗਦਾਨ ਪਾਇਆ।

ਅਗਰਵਾਲ ਨੇ ਕਿਹਾ ਕਿ 1960-61 ਤੋਂ 1970-71 ਤੱਕ ਹਰੀ ਕ੍ਰਾਂਤੀ ਦੌਰਾਨ ਧਰਤੀ ਹੇਠਲੇ ਪਾਣੀ ਨਾਲ ਸਿੰਚਾਈ ਦਾ ਖੇਤਰ ਵਧਿਆ ਅਤੇ ਲਗਭਗ ਦੁੱਗਣਾ ਹੋ ਗਿਆ। ਪਰ 1990-91 ਅਤੇ 2000-01 ਦੇ ਵਿਚਕਾਰ ਸਿੰਚਾਈ ਲਈ ਜ਼ਮੀਨੀ ਪਾਣੀ ਦੀ ਨਿਰਭਰਤਾ ਵਿੱਚ ਇੱਕ ਵੱਡੀ ਛਾਲ ਸੀ। ਅਧਿਐਨ ਵਿੱਚ ਪਾਇਆ ਗਿਆ ਕਿ ਨਹਿਰੀ ਸਿੰਚਾਈ ਵਾਲੇ ਖੇਤਰ ਵਿੱਚ 2010-11 ਅਤੇ 2017-18 ਵਿੱਚ ਕ੍ਰਮਵਾਰ 27.4% ਤੋਂ 28.7% ਤੱਕ ਮਾਮੂਲੀ ਵਾਧਾ ਹੋਇਆ ਹੈ। ਪਿਛਲੇ ਛੇ ਦਹਾਕਿਆਂ ਵਿੱਚ, ਨਹਿਰੀ ਸਿੰਜਾਈ ਵਾਲਾ ਖੇਤਰ 58.4% ਤੋਂ ਘਟ ਕੇ 28% ਹੋ ਗਿਆ ਹੈ, ਜਦੋਂ ਕਿ ਟਿਊਬਵੈੱਲ-ਸਿੰਚਾਈ ਵਾਲਾ ਖੇਤਰ 41.1% ਤੋਂ ਵਧ ਕੇ 71.3% ਹੋ ਗਿਆ ਹੈ। ਇਸ ਤੋਂ ਇਲਾਵਾ, ਸ਼ੁੱਧ ਸਿੰਚਾਈ ਖੇਤਰ 54% ਤੋਂ ਵਧ ਕੇ 99.2% ਹੋ ਗਿਆ ਹੈ। ਇਸ ਕਾਰਨ ਜਲ ਸਰੋਤਾਂ ਅਤੇ ਖਾਸ ਕਰਕੇ ਧਰਤੀ ਹੇਠਲੇ ਪਾਣੀ 'ਤੇ ਬਹੁਤ ਜ਼ਿਆਦਾ ਤਣਾਅ ਸੀ। 1984 ਅਤੇ 2017 ਦੇ ਵਿਚਕਾਰ ਅਤਿ-ਸ਼ੋਸ਼ਣ ਵਾਲੇ ਬਲਾਕਾਂ ਦੀ ਗਿਣਤੀ 53 ਤੋਂ ਵੱਧ ਕੇ 109 ਹੋ ਗਈ, ਜਦੋਂ ਕਿ ਸੁਰੱਖਿਅਤ ਬਲਾਕਾਂ ਦੀ ਗਿਣਤੀ 36 ਤੋਂ ਘਟ ਕੇ 22 ਹੋ ਗਈ।

ਦੱਖਣੀ ਪੰਜਾਬ ਦੇ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹੇ- ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹੇ ਸੰਗਰੂਰ, ਬਰਨਾਲਾ ਅਤੇ ਪਟਿਆਲਾ ਹਨ, ਜਿੱਥੇ ਸਾਲਾਨਾ ਜ਼ਮੀਨੀ ਪਾਣੀ ਦਾ ਪੱਧਰ ਕ੍ਰਮਵਾਰ 106.5 ਸੈਂਟੀਮੀਟਰ, 103.3, 100.2 ਸੈਂਟੀਮੀਟਰ (1 ਮੀਟਰ ਦੀ ਸਾਲਾਨਾ ਗਿਰਾਵਟ) ਘਟਿਆ ਹੈ। ਮੁਹਾਲੀ, ਫਤਹਿਗੜ੍ਹ ਸਾਹਿਬ, ਜਲੰਧਰ, ਤਰਨਤਾਰਨ ਅਤੇ ਲੁਧਿਆਣਾ ਜ਼ਿਲ੍ਹਿਆਂ ਵਿੱਚ, ਪਾਣੀ ਦਾ ਪੱਧਰ ਕ੍ਰਮਵਾਰ 59.8 ਸੈਂਟੀਮੀਟਰ, 70.4, 68.4, 56.7 ਅਤੇ 56.1 ਸੈਂਟੀਮੀਟਰ ਸਾਲਾਨਾ ਡਿੱਗ ਰਿਹਾ ਹੈ

**ਅੰਮ੍ਰਿਤਸਰ, ਪਟਿਆਲਾ ਅਤੇ ਲੁਧਿਆਣੇ ਦਾ ਜ਼ਿਆਦਾ ਸ਼ੋਸ਼ਣ ਹੋਇਆ।**

ਅੰਮ੍ਰਿਤਸਰ, ਤਰਨਤਾਰਨ, ਲੁਧਿਆਣਾ, ਫਤਹਿਗੜ੍ਹ ਸਾਹਿਬ, ਬਰਨਾਲਾ, ਪਟਿਆਲਾ, ਕਪੂਰਥਲਾ, ਮੋਗਾ, ਜਲੰਧਰ ਅਤੇ ਸੰਗਰੂਰ ਸਮੇਤ ਜ਼ਿਲ੍ਹਿਆਂ ਦੇ ਸਾਰੇ ਬਲਾਕਾਂ ਦਾ ਜ਼ਿਆਦਾ ਸ਼ੋਸ਼ਣ ਕੀਤਾ ਜਾਂਦਾ ਹੈ। ਮੁਕਤਸਰ ਪੰਜਾਬ ਦਾ ਇਕਲੌਤਾ ਜ਼ਿਲ੍ਹਾ ਹੈ ਜਿਸ ਦੇ ਸਾਰੇ ਬਲਾਕ ਸੁਰੱਖਿਅਤ ਸ਼੍ਰੇਣੀ ਵਿੱਚ ਹਨ। ਵੱਖ-ਵੱਖ ਜ਼ਿਲ੍ਹਿਆਂ ਦੇ ਬਾਕੀ ਬਲਾਕਾਂ ਵਿੱਚ ਮਿਸ਼ਰਤ ਰੁਝਾਨ ਹੈ। ਅਗਰਵਾਲ ਨੇ ਕਿਹਾ ਕਿ ਫਰੀਦਕੋਟ, ਫਿਰੋਜ਼ਪੁਰ, ਗੁਰਦਾਸਪੁਰ ਅਤੇ ਮੁਕਤਸਰ ਨੂੰ ਛੱਡ ਕੇ ਬਾਕੀ ਸਾਰੇ ਜ਼ਿਲ੍ਹਿਆਂ ਨੇ 10 ਮੀਟਰ ਤੋਂ ਵੱਧ ਦੀ ਡੂੰਘਾਈ ਪਾਣੀ ਦੀ ਟੇਬਲ ਦਿਖਾਈ ਹੈ। ਮੁਕਤਸਰ ਵਿੱਚ ਕਿਸਾਨ ਸਿੰਚਾਈ ਲਈ ਧਰਤੀ ਹੇਠਲੇ ਪਾਣੀ ਦੀ ਬਜਾਏ ਨਹਿਰੀ ਪਾਣੀ ਦੀ ਵਰਤੋਂ ਕਰਦੇ ਹਨ ਕਿਉਂਕਿ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਖਾਰੀ ਹੈ।

ਉਸਨੇ ਕਿਹਾ ਤਲਹੱਟੀ ਜਾਂ ਕੰਢੀ ਖੇਤਰ ਦੇ ਜ਼ਿਲ੍ਹਿਆਂ ਦੀ ਵਿਸ਼ੇਸ਼ਤਾ ਬਹੁਤ ਜ਼ਿਆਦਾ ਬਾਰਿਸ਼ ਅਤੇ ਅਸਥਿਰ ਭੂਗੋਲ ਨਾਲ ਹੁੰਦੀ ਹੈ ਜਿਸ ਕਾਰਨ ਪਾਣੀ ਦੀ ਸਾਰਣੀ ਦਾ ਵਿਵਹਾਰ ਅਨਿਯਮਿਤ ਹੁੰਦਾ ਹੈ। ਜ਼ਮੀਨੀ ਪਾਣੀ ਦਾ ਸ਼ੋਸ਼ਣ ਵਿਅਕਤੀਗਤ ਕਿਸਾਨਾਂ ਲਈ ਗੈਰ-ਆਰਥਿਕ ਹੈ।

# ਪੰਜਾਬ ਮੰਤਰੀ ਮੰਡਲ ਵੱਲੋਂ ਅਹਿਮ ਫ਼ੈਸਲੇ ਖ਼ਾਲੀ ਪਈਆਂ 26,454 ਅਸਾਮੀਆਂ ਭਰੀਆਂ ਜਾਣਗੀਆਂ




ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 'ਆਪ' ਦੀ ਕੈਬਨਿਟ ਨੇ ਘਰ ਘਰ ਕਣਕ ਸਕੀਮ ਨੂੰ ਅੱਜ ਮਨਜ਼ੂਰੀ ਦੇ ਦਿੱਤੀ ਹੈ, ਇਸ ਸਕੀਮ ਨਾਲ 1.54 ਕਰੋੜ ਲੋਕਾਂ ਨੂੰ ਰਾਹਤ ਮਿਲੇਗੀ। ਇਹ ਸਕੀਮ ਪਹਿਲੀ ਅਕਤੂਬਰ ਤੋਂ ਅਮਲ ਵਿਚ ਆ ਜਾਵੇਗੀ। ਇਸ ਨਾਲ ਸਰਕਾਰੀ ਖਜ਼ਾਨੇ 'ਤੇ 670 ਕਰੋੜ ਦਾ ਬੋਝ ਪਵੇਗਾ। ਇਸ ਸਕੀਮ ਤਹਿਤ ਲਾਭਪਾਤਰੀ ਨੂੰ ਪ੍ਰਤੀ ਮਹੀਨਾ ਪੰਜ ਕਿਲੋ ਕਣਕ ਪਿਸਾ ਕੇ ਘਰ ਪਹੁੰਚਾਈ ਜਾਵੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਪੰਜਾਬ ਮੰਤਰੀ ਮੰਡਲ ਵਿੱਚ ਸੂਬੇ ਦੇ ਵੱਖ-ਵੱਖ ਵਿਭਾਗਾਂ ਵਿੱਚ 26454 ਅਸਾਮੀਆਂ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੰਤਰੀ ਮੰਡਲ ਦੀ ਮੀਟਿੰਗ ਵਿੱਚ ਇਕ ਵਿਧਾਇਕ, ਇਕ ਪੈਨਸ਼ਨ ਦੇ ਨੋਟੀਫਿਕੇਸ਼ਨ ਦੀ ਸਕੀਮ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਪੰਜਾਬ ਮੰਤਰੀ ਮੰਡਲ ਨੇ ਮੁਕਤਸਰ ਜ਼ਿਲ੍ਹੇ ਵਿਚ ਨਰਮੇ ਦੀ ਖਰਾਬ ਹੋਈ ਫ਼ਸਲ ਲਈ 41.89 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਵਿੱਚੋਂ 38.08 ਕਰੋੜ ਕਿਸਾਨਾਂ ਲਈ ਅਤੇ 3.81 ਕਰੋੜ ਰੁਪਏ ਖੇਤ ਮਜ਼ਦੂਰਾਂ ਲਈ ਰਾਖਵੇਂ ਰੱਖੇ ਗਏ ਹਨ। ਇਸ ਤੋਂ ਇਲਾਵਾ ਸੂਬੇ ਦੇ ਛੋਟੇ ਟਰਾਂਸਪੋਰਟਰਾਂ ਨੂੰ ਫ਼ੀਸ ਜਮ੍ਹਾਂ ਕਰਵਾਉਣ ਲਈ 3 ਮਹੀਨੇ ਦਾ ਸਮਾਂ ਵਧਾ ਦਿੱਤਾ ਹੈ, ਜਦੋਂਕਿ ਕਿਸ਼ਤਾਂ 'ਚ ਫ਼ੀਸ ਜਮ੍ਹਾਂ ਕਰਵਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਅਨੁਸਾਰ ਅਸਾਮੀਆਂ ਗਰੁੱਪ ਏ, ਬੀ ਅਤੇ ਸੀ ਨਾਲ ਸਬੰਧਤ ਹਨ। ਇਸ ਪ੍ਰਕਿਰਿਆ ਵਿੱਚ ਮੁੱਖ ਤੌਰ 'ਤੇ ਗ੍ਰਹਿ ਮਾਮਲੇ, ਸਕੂਲ ਸਿੱਖਿਆ, ਸਿਹਤ, ਬਿਜਲੀ ਅਤੇ ਤਕਨੀਕੀ ਸਿੱਖਿਆ ਵਿਭਾਗ ਸ਼ਾਮਿਲ ਹੋਣਗੇ। ਮੰਤਰੀ ਮੰਡਲ ਨੇ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਨੂੰ ਪਾਰਦਰਸ਼ੀ, ਨਿਰਪੱਖ ਅਤੇ ਸਮਾਂਬੱਧ ਭਰਤੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਗਰੁੱਪ-ਸੀ ਦੀਆਂ ਅਸਾਮੀਆਂ ਦੀ ਭਰਤੀ ਲਈ ਇੰਟਰਵਿਊ ਨਹੀਂ ਲਈ ਜਾਵੇਗੀ। ਇਹ ਫੈਸਲਾ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਸਹਾਈ ਹੋਵੇਗਾ। ਇਸ ਤੋਂ ਇਲਾਵਾ ਇਹ ਕਦਮ ਸਰਕਾਰੀ ਵਿਭਾਗਾਂ ਦੇ ਕੰਮਕਾਜ ਨੂੰ ਵੀ ਬੇਹਤਰ ਕਰੇਗਾ ਕਿਉਂਕਿ ਉਹ ਜਿੱਥੇ ਇਹ ਇੱਕ ਪਾਸੇ ਲੋੜੀਂਦੇ ਮਨੁੱਖੀ ਸਰੋਤ ਨਾਲ ਕੰਮ ਕਰਨਾ ਸ਼ੁਰੂ ਕਰਨਗੇ, ਉਥੇ ਦੂਜੇ ਪਾਸੇ ਰਾਜ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰਨਗੇ। 'ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਸੁਵਿਧਾ ਰੈਗੂਲੇਸ਼ਨ) ਐਕਟ, 1977' ਦੀ ਧਾਰਾ 3(1) ਵਿੱਚ ਸੋਧ ਨੂੰ ਮਨਜ਼ੂਰੀ -ਇੱਕ ਹੋਰ ਮਹੱਤਵਪੂਰਨ ਫੈਸਲੇ ਵਿੱਚ ਮੰਤਰੀ ਮੰਡਲ ਨੇ ਪੰਜਾਬ ਵਿਧਾਨ ਸਭਾ ਦੇ ਵਿਧਾਇਕਾਂ ਨੂੰ ਇੱਕ ਪੈਨਸ਼ਨ (ਭਾਵੇਂ ਜਿੰਨੀ ਵਾਰ ਵੀ ਮੈਂਬਰ ਰਹਿ ਚੁੱਕੇ ਹੋਣ) ਦੇਣ ਲਈ 'ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਸੁਵਿਧਾ ਰੈਗੂਲੇਸ਼ਨ) ਐਕਟ, 1977' ਦੀ ਧਾਰਾ 3(1) ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਪੰਜਾਬ ਵਿਧਾਨ ਸਭਾ ਦੇ ਵਿਧਾਇਕਾਂ ਨੂੰ ਮੌਜੂਦਾ ਉਪਬੰਧ ਅਨੁਸਾਰ ਪਹਿਲੀ ਟਰਮ ਲਈ 15000 ਰੁਪਏ ਪੈਨਸ਼ਨ ਪ੍ਰਤੀ ਮਹੀਨਾ (ਸਮੇਤ ਮਹਿੰਗਾਈ ਭੱਤਾ, ਜੋ ਪੰਜਾਬ ਸਰਕਾਰ ਦੇ ਪੈਨਸ਼ਨਰਾਂ 'ਤੇ ਲਾਗੂ ਹੁੰਦਾ ਹੈ) ਅਤੇ ਬਾਅਦ ਵਾਲੀ ਹਰੇਕ ਟਰਮ ਲਈ 10000 ਰੁਪਏ ਪੈਨਸ਼ਨ ਪ੍ਰਤੀ ਮਹੀਨਾ (ਸਮੇਤ ਮਹਿੰਗਾਈ ਭੱਤਾ, ਜੋ ਪੰਜਾਬ ਸਰਕਾਰ ਦੇ ਪੈਨਸ਼ਨਰਾਂ 'ਤੇ ਲਾਗੂ ਹੁੰਦਾ ਹੈ) ਦੀ ਬਜਾਏ ਸਿਰਫ ਇੱਕ ਪੈਨਸ਼ਨ (ਟਰਮਾਂ ਦੀ ਗਿਣਤੀ ਕੀਤੇ ਬਗੈਰ) ਨਵੀਂ ਦਰ ਅਨੁਸਾਰ (60,000 ਰੁਪਏ ਪ੍ਰਤੀ ਮਹੀਨਾ + ਮਹਿੰਗਾਈ ਭੱਤਾ (ਜੋ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਤੇ ਲਾਗੂ ਹੁੰਦਾ ਹੈ) ਦਿੱਤੀ ਜਾਵੇਗੀ। ਇਸ ਸੋਧ ਹੋਣ ਨਾਲ ਪੰਜਾਬ ਸਰਕਾਰ ਨੂੰ ਸਾਲਾਨਾ ਲਗਭਗ 19.53 ਕਰੋੜ ਰੁਪਏ ਦੀ ਬੱਚਤ ਹੋਵੇਗੀ।

**ਵਪਾਰਕ ਵਾਹਨ ਚਾਲਕਾਂ ਤੋਂ ਮੋਟਰ ਵਹੀਕਲ ਟੈਕਸ ਵਸੂਲਣ ਲਈ 6 ਮਈ ਤੋਂ 5 ਅਗਸਤ, 2022 ਤੱਕ ਮੁਆਫੀ ਸਕੀਮ ਨੂੰ ਮਨਜ਼ੂਰੀ**

ਵਪਾਰਕ ਵਾਹਨ ਚਾਲਕਾਂ ਨੂੰ ਲੋੜੀਂਦੀ ਰਾਹਤ ਦੇਣ ਲਈ ਮੰਤਰੀ ਮੰਡਲ ਨੇ 6 ਮਈ ਤੋਂ 5 ਅਗਸਤ, 2022 ਤੱਕ ਵਪਾਰਕ ਵਾਹਨ ਜੁਰਮਾਨੇ ਤੋਂ ਮੋਟਰ ਵਾਹਨ ਟੈਕਸ ਵਸੂਲਣ ਲਈ ਰਾਜ ਟਰਾਂਸਪੋਰਟ ਵਿਭਾਗ ਦੀ ਮੁਆਫੀ (ਐਮਨੈਸਟੀ) ਸਕੀਮ ਨੂੰ ਹਰੀ ਝੰਡੀ ਦੇ ਦਿੱਤੀ ਹੈ। ਹਾਲਾਂਕਿ, ਵਿਭਾਗ ਫਿਟਨੈਸ ਸਰਟੀਫਿਕੇਟ ਜਾਰੀ ਕਰਨ ਸਮੇਂ ਨਾ ਤਾਂ ਵਿਆਜ ਅਤੇ ਨਾ ਹੀ ਲੇਟ ਫੀਸ ਵਸੂਲੇਗਾ। ਗੌਰਤਲਬ ਹੈ ਕਿ ਕੋਵਿਡ-19 ਕਾਰਨ ਲਗਾਏ ਗਏ ਲੌਕਡਾਊਨ ਨੇ ਸੂਬੇ ਭਰ ਦੇ ਟਰਾਂਸਪੋਰਟ ਸੈਕਟਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਨਤੀਜੇ ਵਜੋਂ, ਕਈ ਵਪਾਰਕ ਵਾਹਨ ਚਾਲਕ ਸਮੇਂ ਸਿਰ ਮੋਟਰ ਵਹੀਕਲ ਟੈਕਸ ਜਮ੍ਹਾ ਨਹੀਂ ਕਰਵਾ ਸਕੇ, ਜਿਸ ਕਾਰਨ ਇਨ੍ਹਾਂ ਚਾਲਕਾਂ ਨੂੰ ਫਿਟਨੈਸ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾ ਸਕਿਆ ਕਿਉਂਕਿ ਫਿਟਨੈਸ ਸਰਟੀਫਿਕੇਟ ਸਿਰਫ ਉਨ੍ਹਾਂ ਵਾਹਨਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਦਾ ਮੋਟਰ ਵਹੀਕਲ ਟੈਕਸ ਸਮੇਂ ਸਿਰ ਜਮ੍ਹਾਂ/ਜਮਾ ਕਰਵਾਇਆ ਜਾਂਦਾ ਹੈ।

# ਸੁਪਰੀਮ ਕੋਰਟ ਦਾ ਕੇਂਦਰ ਸਰਕਾਰ ਨੂੰ ਨਿਰਦੇਸ਼ ਬਲਵੰਤ ਸਿੰਘ ਰਾਜੋਆਣਾ ਦੀ ਅਪੀਲ 'ਤੇ 2 ਮਹੀਨਿਆਂ 'ਚ ਲਿਆ ਜਾਵੇ ਫ਼ੈਸਲਾ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕੇਂਦਰ ਸਰਕਾਰ ਨੂੰ ਬਲਵੰਤ ਸਿੰਘ ਰਾਜੋਆਣਾ ਦੀ ਉਸ ਪਟੀਸ਼ਨ 'ਤੇ 2 ਮਹੀਨਿਆਂ ਅੰਦਰ ਫ਼ੈਸਲਾ ਲੈਣ ਦਾ ਨਿਰਦੇਸ਼ ਦਿੱਤਾ, ਜਿਸ 'ਚ ਉਸ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ 1995 'ਚ ਹੋਏ ਕਤਲ ਮਾਮਲੇ 'ਚ ਖ਼ੁਦ ਨੂੰ ਸੁਣਾਈ ਗਈ ਮੌਤ ਨੂੰ ਲਗਭਗ 26 ਸਾਲ ਤੋਂ ਜੇਲ੍ਹ 'ਚ ਕੈਦ ਹੋਣ ਦੇ ਆਧਾਰ 'ਤੇ ਉਮਰ ਕੈਦ 'ਚ ਬਦਲਣ ਦੀ ਅਪੀਲ ਕੀਤੀ ਹੈ। ਜੱਜ ਉਦੇ ਉਮੇਸ਼ ਲਲਿਤ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਕਿਹਾ ਕਿ ਮਾਮਲੇ 'ਚ ਸੁਪਰੀਮ ਕੋਰਟ 'ਚ ਹੋਰ ਸਹਿ-ਦੋਸ਼ੀਆਂ ਦੀਆਂ ਅਪੀਲਾਂ ਦਾ ਪੈਂਡਿੰਗ ਹੋਣਾ ਰਾਜੋਆਣਾ ਦੀ ਪਟੀਸ਼ਨ 'ਤੇ ਫ਼ੈਸਲਾ ਲੈਣ 'ਚ ਰੁਕਾਵਟ ਨਹੀਂ ਪਾਏਗਾ। ਪੰਜਾਬ ਪੁਲਿਸ ਦੇ ਸਾਬਕਾ ਕਾਂਸਟੇਬਲ ਰਾਜੋਆਣਾ ਨੂੰ 31 ਅਗਸਤ, 1995 ਨੂੰ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਹੋਏ ਇਕ ਧਮਾਕੇ 'ਚ ਸ਼ਾਮਲ ਹੋਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਸ ਵਿਸਫ਼ੋਟ 'ਚ ਬੇਅੰਤ ਸਿੰਘ ਅਤੇ 16 ਹੋਰ ਲੋਕਾਂ ਦੀ ਮੌਤ ਹੋ ਗਈ ਸੀ। ਸਰਵਉੱਚ ਅਦਾਲਤ ਰਾਜੋਆਣਾ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ, ਜਿਸ 'ਚ ਉਸ ਨੇ ਇਸ ਆਧਾਰ 'ਤੇ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲਣ ਦੀ ਅਪੀਲ ਕੀਤੀ ਹੈ ਕਿ ਉਹ 26 ਸਾਲ ਤੋਂ ਜੇਲ੍ਹ 'ਚ ਹੈ। ਜੁਲਾਈ, 2007 'ਚ ਇਕ ਵਿਸ਼ੇਸ਼ ਅਦਾਲਤ ਨੇ ਬੇਅੰਤ ਸਿੰਘ ਕਤਲ ਮਾਮਲੇ 'ਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਦੱਸ ਦੇਈਏ ਕਿ ਸਾਬਕਾ ਕੇਂਦਰੀ ਮੰਤਰੀ ਅਤੇ ਕਾਂਗਰਸੀ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਬਲਵੰਤ ਸਿੰਘ ਰਾਜੋਆਣਾ ਨੂੰ ਜੇਲ੍ਹ ਤੋਂ ਰਿਹਾਅ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਸਾਬਕਾ ਮੁੱਖ ਮੰਤਰੀ ਦੇ ਕਤਲ ਕੇਸ ਵਿੱਚ ਦੋਸ਼ੀ ਕਰਾਰ ਦਿੱਤੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਜਾਵੇ। ਇਸ ਤੋਂ ਪਹਿਲਾਂ ਪੰਜਾਬ ਤੋਂ ਕਾਂਗਰਸੀ ਸਾਂਸਦ ਰਵਨੀਤ ਸਿੰਘ ਬਿੱਟੂ ਨੇ ਰਾਜੋਆਣਾ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਜ਼ੋਰਦਾਰ ਵਿਰੋਧ ਜਤਾਇਆ ਸੀ।

**ਸੁਖਬੀਰ ਬਾਦਲ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ 'ਤੇ ਅਦਾਲਤੀ ਫ਼ੈਸਲੇ ਦਾ ਸਵਾਗਤ**

ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਬਲਵੰਤ ਸਿੰਘ ਰਾਜੋਆਣਾ ਦੀ ਮੁਆਫ਼ੀ ਪਟੀਸ਼ਨ 'ਤੇ ਦੋ ਮਹੀਨਿਆਂ ਵਿੱਚ ਫ਼ੈਸਲਾ ਕਰਨ ਲਈ ਕਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਸ. ਬਾਦਲ ਨੇ ਟਵੀਟ ਕਰਦਿਆਂ ਕਿਹਾ ਕਿ 'ਭਾਰਤ ਸਰਕਾਰ ਵੱਲੋਂ ਸਿੱਖ ਮਸਲਿਆਂ ਨੂੰ ਹੱਲ ਕਰਨ ਦੀ ਗੱਲ ਸੁਣ ਕੇ ਬਹੁਤ ਚੰਗਾ ਲੱਗਾ। ਅੱਜ ਦਾ ਸਭ ਤੋਂ ਵੱਡਾ ਸਿੱਖ ਮਸਲਾ ਸ: ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਰਾਜੋਆਣਾ ਸਣੇ ਬੰਦੀ ਸਿੰਘਾਂ ਦੀ ਰਿਹਾਈ ਹੈ। ਉਹ ਆਪਣੀ ਸਜ਼ਾ ਤੋਂ ਵੱਧ ਸਾਲ ਜੇਲ੍ਹ ਵਿੱਚ ਬਿਤਾ ਚੁੱਕੇ ਹਨ ਅਤੇ ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਹਰ ਕੋਈ ਇਹ ਵੀ ਉਮੀਦ ਕਰਦਾ ਹੈ ਕਿ ਭਾਰਤ ਸਰਕਾਰ ਸਿੱਖ ਲੋਕਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਜਿਵੇਂ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਦੇਣ ਦੀਆਂ ਕੋਝੀਆਂ ਸਾਜ਼ਿਸ਼ਾਂ ਨੂੰ ਰੋਕੇਗੀ।'

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਕਰਤਾਰਪੁਰ ਸਾਹਿਬ ਦਾ 'ਅੰਮ੍ਰਿਤ ਜਲ' ਪੈਸਿਆਂ ਬਦਲੇ ਵੇਚਿਆ ਜਾ ਰਿਹੈ




ਕਰਤਾਰਪੁਰ ਸਾਹਿਬ (ਪੰਜਾਬੀ ਅਖਬਾਰ ਬਿਊਰੋ)–ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਵਿੱਚ ਸਥਿਤ ਹੈ ਅਤੇ ਭਾਰਤ ਦੀ ਸਰਹੱਦ ਤੋਂ ਚਾਰ ਕਿੱਲੋਮੀਟਰ ਦੂਰ ਹੈ।ਪਾਕਿਸਤਾਨ ਦੇ ਕਰਤਾਰਪੁਰ ਸਾਹਿਬ 'ਚ ਗੁਰਦੁਆਰਾ ਦਰਬਾਰ ਸਾਹਿਬ ਵਿਖੇ ਸਥਿਤ ਇਤਿਹਾਸਕ ਖੂਹ ਦਾ 'ਅੰਮ੍ਰਿਤ ਜਲ' ਹੁਣ ਕਥਿਤ ਤੌਰ 'ਤੇ ਪੈਸਿਆਂ ਲਈ ਵੇਚੇ ਜਾਣ ਦਾ ਇਲਜ਼ਾਮ ਹੈ।ਦਿ ਟਾਈਮਜ਼ ਆਫ ਇੰਡੀਆ ਦੀ ਖ਼ਬਰ ਮੁਤਾਬਕ, ਸਿੱਖ ਵਿਦਵਾਨ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਬੁੱਧਵਾਰ ਨੂੰ ਇਲਜ਼ਾਮ ਲਗਾਇਆ ਕਿ ਗੁਰਦੁਆਰਾ ਦਰਬਾਰ ਸਾਹਿਬ ਅਤੇ ਕਰਤਾਰਪੁਰ ਲਾਂਘੇ ਦੇ ਪ੍ਰਬੰਧ ਲਈ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ) ਅਧੀਨ ਗਠਿਤ ਵਿਭਾਗ ਪ੍ਰੋਜੈਕਟ ਮੈਨੇਜਮੈਂਟ ਯੂਨਿਟ (ਪੀਐੱਮਯੂ) ਦੇ ਅਧਿਕਾਰੀ ਕਥਿਤ ਤੌਰ 'ਤੇ ਦੁਨੀਆ ਭਰ ਵਿੱਚ ਵੱਸਦੀ ਸਿੱਖ ਸੰਗਤ ਨੂੰ ਇਹ ਅੰਮ੍ਰਿਤ ਜਲ ਕਥਿਤ ਤੌਰ 'ਤੇ 100 ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਵੇਚ ਰਹੇ ਹਨ।ਪਹਿਲਾਂ ਇਸ ਜਲ ਨੂੰ ਪਾਕਿਸਤਾਨ ਵੱਲੋਂ ਦੁਨੀਆ ਭਰ ਵਿੱਚ ਵਸਦੀਆਂ ਸਿੱਖ ਸੰਗਤਾਂ ਨੂੰ 'ਬਰਾਮਦ' (ਭੇਜਿਆ) ਕੀਤਾ ਜਾ ਰਿਹਾ ਸੀ।ਸਰਚਾਂਦ ਸਿੰਘ ਨੇ ਕਿਹਾ, 'ਪੀਐੱਮਯੂ ਦੀ ਹਰਕਤ ਨੇ ਸਿੱਖ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਅਤੇ ਅਸੀਂ ਇਸ ਦੀ ਨਿੰਦਾ ਕਰਦੇ ਹਾਂ।' ਉਨ੍ਹਾਂ ਕਿਹਾ ਕਿ ਇਹ ਮੰਨਿਆ ਜਾਂਦਾ ਹੈ ਕਿ ਇਹ ਖੂਹ ਸਿੱਖਾਂ ਦੇ ਪਹਿਲੇ ਗੁਰੂ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਦੌਰਾਨ ਬਣਾਇਆ ਗਿਆ ਸੀ।ਇਹ ਦੱਸਦਿਆਂ ਕਿ 'ਅੰਮ੍ਰਿਤ ਜਲ' ਦੀ ਸਿੱਖਾਂ ਬਹੁਤ ਧਾਰਮਿਕ ਮਹੱਤਤਾ ਹੈ, ਉਨ੍ਹਾਂ ਇਲਜ਼ਾਮ ਲਾਇਆ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਈਟੀਬੀਪੀ ਬੋਰਡ ਦੇ ਕੁਝ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਇਹ ਪਵਿੱਤਰ ਜਲ ਸਿੱਖ ਸੰਗਤਾਂ ਨੂੰ ਵੇਚਿਆ ਜਾ ਰਿਹਾ ਹੈ।ਇਸ ਤੋਂ ਪਹਿਲਾਂ 2017 ਵਿੱਚ ਈਟੀਪੀਬੀ ਦੇ ਤਤਕਾਲੀ ਚੇਅਰਮੈਨ ਸਦੀਕ ਉਲ ਫਾਰੂਕ ਨੇ 'ਅੰਮ੍ਰਿਤ ਜਲ' ਨੂੰ ਬਰਾਮਦ ਕਰਨ ਦਾ ਫੈਸਲਾ ਲਿਆ ਸੀ, ਜੋ ਕਿ ਦੁਨੀਆ ਭਰ ਵਿੱਚ ਰਹਿੰਦੇ ਸਿੱਖ ਸ਼ਰਧਾਲੂਆਂ ਲਈ ਉਸੇ ਤਰ੍ਹਾਂ ਪੱਵਿਤਰ ਹੈ ਜਿਵੇਂ ਮੁਸਲਮਾਨ ਸ਼ਰਧਾਲੂਆਂ ਲਈ 'ਆਬ-ਏ-ਜ਼ਮਜ਼ਮ' ਹੈ।ਉਨ੍ਹਾਂ ਨੇ ਹੀ ਗੁਰਦੁਆਰਾ ਦਰਬਾਰ ਸਾਹਿਬ ਦੇ ਇਸ ਇਤਿਹਾਸਕ ਖੂਹ ਦੀ ਮੁਰੰਮਤ ਵੀ ਕਰਵਾਈ ਸੀ ਅਤੇ ਵਾਟਰ ਪਿਊਰੀਫਾਇਰ ਲਗਵਾਇਆ ਸੀ।

# ਲੋਕ ਗਾਇਕ ਸੋਮੀ ਤੁੰਗਵਾਲੀਆ ਫਿਰ ਤੋਂ "ਖੁਸ਼ੀਆਂ" ਗੀਤ ਨਾਲ ਗਾਇਕੀ ਦੇ ਖੇਤਰ ਵਿੱਚ ਸਰਗਰਮ ਹੋਣ ਲੱਗਾ ਐ !




ਬਠਿੰਡਾ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਲੰਬੇ ਅਰਸੇ ਦੇ ਖਲਾਅ ਤੋਂ ਬਾਅਦ ਆਪਣੀ ਸਾਫ ਸੁਥਰੀ ਗਾਇਕੀ ਦੀ ਗੱਡੀ ਨੂੰ ਦੁਬਾਰਾ ਤੋਂ ਸੈਲਫ ਮਾਰਕੇ ਲੀਹ ਤੇ ਚੜਾਉਣ ਦੇ ਯਤਨ ਨਾਲ ਇਸ ਖੇਤਰ ਵਿੱਚ ਫਿਰ ਤੋਂ ਸਰਗਰਮ ਹੋ ਰਿਹਾ ਹੈ ਸੁਰਿੰਦਰ ਸੋਮੀ ਤੁੰਗਵਾਲੀਆ।ਇਸ ਵਾਰ ਸੋਮੀ ਨੂੰ ਪੰਜਾਬ ਦੀ ਬਹੁਤ ਹੀ ਮਸ਼ਹੂਰ ਅਤੇ ਅਨੇਕਾਂ ਗਾਇਕਾਂ ਨੂੰ ਕਾਮਯਾਬ ਕਰਨ ਵਾਲੀ ਕੰਪਨੀ "ਪੀ ਐਸ ਐਫ ਗੁਣ ਗਾਵਾਂ" ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਆਉਣ ਵਾਲੇ ਕੁੱਝ ਦਿਨਾਂ ਵਿੱਚ ਹੀ ਕੰਪਨੀ ਵੱਲੋਂ ਸੋਮੀ ਦੇ ਧਾਰਮਿਕ ਗੀਤ "ਖੁਸ਼ੀਆਂ" ਨਾਲ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਗੀਤ ਨੂੰ ਗੁਰਮੀਤ ਲੇਲੇਵਾਲੀਆ ਅਤੇ ਸੋਮੀ ਦੁਆਰਾ ਮਿਲਕੇ ਲਿਖਿਆ ਗਿਆ ਹੈ।ਇਸ ਗੀਤ ਨੂੰ ਸੰਗੀਤਬੱਧ ਕੀਤਾ ਹੈ ਪਰੀਤਮ ਸਟੂਡੀਉ ਲੁਧਿਆਣਾ ਵੱਲੋਂ ਅਤੇ ਵੀਡੀਉ ਹਰਪਰੀਤ ਸਿੰਘ ਵਾਲੀਆ ਵੱਲੋਂ ਤਿਆਰ ਕੀਤਾ ਗਿਆ ਹੈ। ਪੰਜਾਬੀ ਅਖ਼ਬਾਰ ਨਾਲ ਗੱਲ ਬਾਤ ਦੌਰਾਨ ਸੋਮੀ ਨੇ ਦੱਸਿਆ ਕਿ ਕੰਪਨੀ ਦੇ ਨਿਰਮਾਤਾ ਸ੍ ਜਸਵਿੰਦਰ ਸਿੰਘ ਵਾਲੀਆ ਜੀ ਦੀ ਪਾਰਖੂ ਅੱਖ ਨੇ ਉਸਦੇ ਹੁਨਰ ਨੂੰ ਪਛਾਣਕੇ ਉਸਦੀ ਬਾਂਹ ਫੜੀ ਹੈ।ਉਹ ਜਿੱਥੇ ਪਰਮਾਤਮਾ ਦਾ ਕੋਟਿਨ ਕੋਟ ਸ਼ੁਕਰਗੁਜਾਰ ਹੈ,ਉਥੇ ਵਾਲੀਆ ਸਾਹਿਬ ਦਾ ਵੀ ਧੰਨਵਾਦ ਕਰਦਾ ਨਹੀਂ ਥੱਕਦਾ।ਉਹਨਾਂ ਦੱਸਿਆ ਕਿ ਗੀਤ ਰਿਲੀਜ ਹੋਣ ਦੇ ਨਾਲ ਹੀ ਫਿਦਾ ਚੈਨਲ ਦੇ ਸਵੇਰ ਸਮੇਂ ਦੇ ਪਰੋਗਰਾਮ ਗੁਣ ਗਾਵਾਂ ਵਿੱਚ ਵੀ ਦਰਸ਼ਕ ਦੇਖ ਸਕਦੇ ਹਨ ਜੋ ਕਿ ਫਾਸਟਵੇ ਕੇਬਲ ਉਪਰ 331 ਨੰਬਰ ਤੇ ਚਲਦਾ ਹੈ ਅਤੇ ਕੰਪਨੀ ਦਾ ਆਪਣਾ ਚੈਨਲ ਹੈ। ਜਾਵੇਗਾ।ਵਰਨਣਯੋਗ ਹੈ ਕਿ ਸੋਮੀ ਤੁੰਗਵਾਲੀਆ ਨੇ ਆਪਣੀ ਗਾਇਕੀ ਦੀ ਸੁਰੂਆਤ 1988 ਵਿੱਚ "ਧੀਆਂ ਨੂੰ ਮਾਰਣ ਵਾਲਿਓ" ਨਾਂ ਦੀ ਕੈਸੇਟ ਦੇ ਜ਼ਰੀਏ ਕੀਤੀ ਸੀ ।ਫਿਰ ਅਤਰੋ ਚਤਰੋ ਨਾਲ "ਨਾਨਕਾ ਮੇਲ" "ਪੁੱਤ ਹੀਰੇ ਵਰਗਾ" ਨਾਂ ਦੀਆਂ ਪਰਿਵਾਰਕ ਪੇਸ਼ਕਾਰੀਆਂ ਕੀਤੀਆਂ ਹੁਣ ਫਿਰ ਲੰਮੇ ਅਰਸੇ ਬਾਦ ਖੁਸ਼ੀ ਭਰੀ ਖ਼ਬਰ ਇਹ ਹੈ ਕਿ ਉਹ ਖੁਸ਼ੀਆਂ ਗੀਤ ਦੇ ਜ਼ਰੀਏ ਮੁੜ ਗਾਇਕੀ ਦੇ ਪਿੜ ਵਿੱਚ ਨਿਤਰਿਆ ਹੈ। ਉਮੀਦ ਹੈ ਕਿ ਇਸ ਗੀਤ ਨੂੰ ਸਰੋਤਿਆਂ ਵੱਲੋਂ ਪਿਆਰ ਭਰੇ ਭਰਪੂਰ ਹੁੰਗਾਰੇ ਨਾਲ ਨਿਵਾਜਿਆ

# ਅੰਮ੍ਰਿਤਸਰ ਵਿਕਾਸ ਮੰਚ ਨੇ ਪ੍ਰੈਸ਼ਰ ਹਾਰਨ ਬੰਦ ਕਰਾਉਣ ਲਈ ਟਰਾਂਸਪੋਰਟ ਮੰਤਰੀ ਦਾ ਦਖ਼ਲ ਮੰਗਿਆ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ) ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ (ਰਜਿ.) ਨੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੂੰ ਬੱਸਾਂ, ਟਰੱਕਾਂ, ਸਕੂਲੀ ਬੱਸਾਂ ਅਤੇ ਹੋਰ ਗੱਡੀਆਂ ਦੇ ਪ੍ਰੈਸ਼ਰ ਹਾਰਨ ਬੰਦ ਕਰਾਉਣ ਲਈ ਸਖ਼ਤ ਹਦਾਇਤਾਂ ਜਾਰੀ ਕਰਨ ਦੀ ਅਪੀਲ ਕੀਤੀ ਹੈ । ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਟਰਾਂਸਪੋਰਟ ਮੰਤਰੀ ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ ਹੈ ਕਿ ਚੰਡੀਗੜ੍ਹ ਵਿੱਚ ਟ੍ਰੈਫ਼ਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ ਜੋ ਕਿ ਕੇਂਦਰੀ ਪ੍ਰਸ਼ਾਸ਼ਿਤ ਸ਼ਹਿਰ ਹੈ ਪਰ ਪੰਜਾਬ ਵਿੱਚ ਟ੍ਰੈਫ਼ਿਕ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਵਿਧਾਇਕਾਂ ਤੇ ਮੰਤਰੀਆਂ ਨੂੰ ਸਵਿਧਾਨ ਅਨੁਸਾਰ ਕੰਮ ਕਰਨ ਦੀ ਸੌਂਹ ਚੁਕਾਈ ਜਾਂਦੀ ਹੈ।ਸਵਿਧਾਨ ਵਿਚ ਪ੍ਰੈਸ਼ਰ ਹਾਰਨਾਂ ਦੀ ਮਨਾਹੀ ਹੈ ਇਸ ਲਈ ਵਧਾਇਕਾਂ ਨੂੰ ਚਾਹੀਦਾ ਹੈ ਕਿ ਉਹ ਆਪੋ ਆਪਣੇ ਇਲਾਕੇ ਵਿਚ ਪ੍ਰੈਸ਼ਰ ਹਾਰਨ ਵਰਤੋਂ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ, ਉਲਟਾ ਉਨ੍ਹਾਂ ਦੀਆਂ ਮਾਲਕੀ ਵਾਲੀਆਂ ਗੱਡੀਆਂ ਵਿੱਚ ਵੀ ਇਹ ਪ੍ਰੈਸ਼ਰ ਹਾਰਨ ਲੱਗੇ ਹੋਏ ਹਨ।ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਤਾਂ ਸਰਕਾਰ ਦੇ ਕੰਟਰੋਲ ਵਿੱਚ ਹਨ,ਉਨ੍ਹਾਂ ਵਿਚ ਵੀ ਪ੍ਰੈਸ਼ਰ ਹਾਰਨ ਲੱਗੇ ਹੋਇ ਹਨ, ਜੋ ਨਹੀਂ ਚਾਹੀਦੇ। ਇਨ੍ਹਾਂ ਦੇ ਬੁਰੇ ਪ੍ਰਭਾਵ ਤੋਂ ਸਭ ਤੋਂ ਜ਼ਿਆਦਾ ਟ੍ਰੈਫ਼ਿਕ ਪੁਲੀਸ ਵਾਲੇ ਪ੍ਰਭਾਵਿਤ ਹੋ ਰਹੇ ਹਨ ਕਿਉਂਕਿ ਉਹ ਸਾਰਾ ਸਮਾਂ ਇਨ੍ਹਾਂ ਪ੍ਰੈਸ਼ਰ ਹਾਰਨਾਂ ਦੀ ਮਾਰ ਹੇਠ ਰਹਿੰਦੇ ਹਨ। ਜੇ ਕੁਝ ਟ੍ਰੈਫ਼ਿਕ ਕਰਮਚਾਰੀਆਂ ਦੇ ਨਮੂਨੇ ਵਜੋਂ ਕੰਨਾਂ ਦਾ ਟੈਸਟ ਕਰਵਾਇਆ ਜਾਵੇ ਤਾਂ ਪਤਾ ਲੱਗੇਗਾ ਕਿ ਉਹ ਕਿਨੇਂ ਬੋਲੇਪਣ ਦਾ ਸ਼ਿਕਾਰ ਹਨ। ਇਸ ਲਈ ਜਿੱਥੇ ਪ੍ਰੈਸ਼ਰ ਹਾਰਨ ਬੰਦ ਕਰਾਉਣੇ ਆਮ ਜਨਤਾ ਲਈ ਲਾਹੇਵੰਦ ਬੰਦ ਹਨ, ਉੱਥੇ ਟ੍ਰੈਫ਼ਿਕ ਪੁਲੀਸ ਦੇ ਕਰਮਚਾਰੀਆਂ ਲਈ ਵੀ ਫਾਇਦੇਮੰਦ ਹਨ।

# ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਵੱਲੋਂ ਕਾਹਨੇਕੇ ਪਿੰਡ ਇਕਾਈ ਦੀ ਚੋਣ



ਪੱਖੋ ਕਲਾਂ (ਸੁਖਜਿੰਦਰ ਸਮਰਾ) ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਬਿੱਟੂ ਦੀ ਅਗਵਾਈ ਵਿੱਚ ਪਿੰਡ ਕਾਹਨੇਕੇ ਵਿਖੇ ਕਿਸਾਨਾਂ ਦੀ ਇਕੱਤਰਤਾ ਹੋਈ ਜਿਸ ਵਿੱਚ ਪਿੰਡ ਇਕਾਈ ਦੀ ਚੋਣ ਕੀਤੀ ਗਈ। ਇਸ ਮੌਕੇ ਰਣਜੀਤ ਸਿੰਘ ਸੂਬੇਦਾਰ ਨੂੰ ਸਰਪ੍ਰਸਤ, ਪ੍ਰਧਾਨ ਸਤਨਾਮ ਸਿੰਘ , ਮੀਤ ਪ੍ਰਧਾਨ ਸੁਖਦੇਵ ਸਿੰਘ , ਖਜਾਨਚੀ ਅਵਤਾਰ ਸਿੰਘ , ਬਹਾਦਰ ਸਿੰਘ ਸੀ।ਮੀਤ ਪ੍ਰਧਾਨ, ਲਖਵਿੰਦਰ ਸਿੰਘ ਤੇ ਜਗਤਾਰ ਸਿੰਘ ਸਹਾਇਕ ਖਜਾਨਚੀ,ਕੁਲਵਿੰਦਰ ਸਿੰਘ ਸਕੱਤਰ ਅਤੇ ਪ੍ਰਗਟ ਸਿੰਘ ਜਨਰਲ ਸਕੱਤਰ ਚੁਣੇ ਗਏ। ਚੁਣੇ ਹੋਏ ਆਗੂਆਂ ਨੇ ਵਿਸਵਾਸ਼ ਦਿਵਾਇਆ ਕਿ ਕਿਸਾਨੀ ਦੀ ਬਿਹਤਰੀ ਲਈ ਜਥੇਬੰਦੀ ਦੇ ਆਗੂਆਂ ਦਾ ਡਟ ਕੇ ਸਾਥ ਦੇਣਗੇ। ਇਸ ਸਮੇਂ ਉਨ੍ਹਾਂ ਨਾਲ ਸੁਖਵਿੰਦਰ ਸਿੰਘ, ਰਾਜ ਸਿੰਘ, ਚਮਕੌਰ ਸਿੰਘ, ਗੁਰਪਿਆਰ ਸਿੰਘ ,ਰੂਪ ਸਿੰਘ, ਤਰਲੋਕ ਸਿੰਘ , ਬਲਜੀਤ ਸਿੰਘ , ਅਰਸ਼ਦੀਪ ਸਿੰਘ, ਬੱਗਾ ਸਿੰਘ, ਗੁਰਚਰਨ ਸਿੰਘ ਪੱਖੋ, ਸੇਵਕ ਸਿੰਘ ਢਿੱਲੋਂ , ਪਿੰਦਰ ਸਿੰਘ ਅਤੇ ਬਲਜੀਤ ਸਿੰਘ ਬੱਲ੍ਹੀ ਆਦਿ ਹਾਜਰ ਸਨ ।

# ਆਹ ਤਿੰਨ ਸਰਦਾਰ ! ਪੰਜਾਬੀ ਸੰਗੀਤ ਦਾ ਸ਼ਿੰਗਾਰ


ਸੁਰਿੰਦਰ ਸੋਮੀ ਤੁੰਗਵਾਲੀਆ

ਪੰਜਾਬੀ ਗੀਤ-ਸੰਗੀਤ ਵਿਚ ਅਨੇਕਾਂ ਤਰ੍ਹਾਂ ਦੀਆਂ ਲਹਿਰਾਂ ਚੱਲੀਆਂ ਤੇ ਚੱਲ ਰਹੀਆਂ ਹਨ । ਕੁਝ ਗਾਇਕ ਗੀਤਕਾਰ ਇਸ ਤਰ੍ਹਾਂ ਦੇ ਵੀ ਹੋਏ ਤੇ ਹੁਣ ਹਨ ਜਿਹਨਾਂ ਨੇ ਹਥਿਆਰਾਂ, ਸ਼ਰਾਬਾਂ, ਸ਼ਬਾਬਾਂ, ਹਾਊਮੈਂ , ਉਤੇਜਿਤ ਭਾਵਾਂ ਆਦਿ ਤੋਂ ਹੱਟਕੇ ਵੱਖਰੇ ਕਿਸਮ ਦੇ ਗੀਤ ਲਿਖੇ ਤੇ ਗਾਏ। ਇਹਨਾਂ ਵੱਖਰੇ ਕਿਸਮ ਦੇ ਗੀਤ ਲਿਖਣ ਤੇ ਗਾਉਣ ਵਾਲਿਆਂ ਵਿੱਚੋਂ ਇੱਕ ਹਨ ਗੁਰ ਗਾਡੀ ਰਾਹ ਮਿਊਜ਼ੀਕਲ ਗਰੁੱਪ ਦੇ ਸਰਦਾਰ ਮੁੰਡੇ ਹਰਪ੍ਰੀਤ ਸਿੰਘ, ਤਜ਼ਿੰਦਰ ਸਿੰਘ ਤੇ ਹਰਪ੍ਰੀਤ ਸਿੰਘ ਵਾਲੀਆ । ਇਹਨਾਂ ਦਾ ਮਕਸਦ ਹੀ ਸਾਫ਼- ਸੁਥਰਾ ਤੇ ਅਰਥ ਭਰਪੂਰ ਪੰਜਾਬੀ ਗੀਤ-ਸੰਗੀਤ ਹੈ । ਇਹ ਰਾਤੋ-ਰਾਤ ਮਸ਼ਹੂਰ ਹੋਣ ਲਈ ਕਿਸੇ ਕਿਸਮ ਦਾ ਟਰੈਂਡੀ ਜਾਂ ਗਲਤ ਹੱਥਕੰਡਾ ਨਹੀਂ ਅਪਣਾਉਂਦੇ । ਇਹਨਾਂ ਮੁੰਡਿਆਂ ਨੂੰ ਪੰਜਾਬੀ ਗੀਤ-ਸੰਗੀਤ ਦੇ ਖੇਤਰ ਵਿਚ ਆਇਆਂ ਪੂਰਾ ਇੱਕ ਦਹਾਕਾ ਹੋ ਚੁੱਕਾ ਹੈ । ਇਹਨਾਂ ਨੇ ਭਾਰਤ ਵਿੱਚ ਆਸਨਸੋਲ, ਕਲਕੱਤਾ, ਪਾਨਾਗੜ੍ਹ ਤੇ ਬਰਨਪੁਰ ਬੰਗਾਲ ਦੀ ਧਰਤੀ ਤੋਂ ਇਲਾਵਾ ਚੰਡੀਗੜ੍ਹ, ਦਿੱਲੀ, ਝਾਰਖੰਡ ਦੇ ਜਮਸ਼ੇਦਪੁਰ ਵਿੱਚ , ਉੜੀਸਾ ਦੇ ਰੌੜ ਕਿਲਾ ਵਿਚ, ਫਰੀਦਾਬਾਦ , ਸਿਰਸਾ, ਹਿਸਾਰ ਆਦਿ ਤੇ ਪੰਜਾਬ ਦੇ ਕਈ ਸ਼ਹਿਰਾਂ ਪਿੰਡਾਂ ਵਿਚ ਆਪਣੇ ਵਿਲੱਖਣ ਕਿਸਮ ਦੇ ਗੀਤ ਸੰਗੀਤ ਨੂੰ ਪੇਸ਼ ਕੀਤਾ ਹੈ । ਇਹਨਾਂ ਸਰਦਾਰ ਮੁੰਡਿਆਂ ਦੇ ਕੁੱਝ ਗੀਤ ਰਿਕਾਰਡ ਵੀ ਹੋ ਚੁੱਕੇ ਹਨ । ਸਰੋਤਿਆਂ ਨੇ ਜਿਹਨਾਂ ਨੂੰ ਭਰਪੂਰ ਰੂਪ ਵਿਚ ਹੁੰਗਾਰਾ ਵੀ ਦਿੱਤਾ ਹੈ । ਸਿੰਘ




ਸਰਦਾਰ, ਮਨ ਤੂੰ ਜੋਤ ਸਰੂਪ, ਬੇਅਦਬੀ, ਛੇੜ ਮਰਦਾਨਿਆਂ ਰਬਾਬ, ਪਿੰਡ ਦੀਆਂ ਗਲੀਆਂ , ਕੈਨੇਡਾ, ਲਾਸਟ ਚਾਬੀ, ਰੰਗ ਬੰਦੇ ਦੇ ਆਦਿ ਗੀਤਾਂ ਦੀ ਸਫਲਤਾ ਤੋਂ ਬਾਅਦ ਹੁਣ 1 ਮਈ 2022 ਨੂੰ ਇਹ ਕਲਾਕਾਰ ਸਰੋਤਿਆਂ ਦੀ ਕਚਿਹਰੀ ਵਿੱਚ ਪਰੈਜ਼ੈਂਟ ਲਾਈਫ਼ਓਮਪ ਗੀਤ ਲੈਣ ਕੇ ਹਾਜ਼ਿਰ ਹੋਏ ਹਨ । ਇਹ ਗੀਤ ਤੁਸੀਂ PSF Records 'ਤੇ ਦੇਖ ਤੇ ਸੁਣ ਸਕਦੇ ਹੋ । ਵਰਤਮਾਨ ਵਿਚ ਪੰਜਾਬ ਦੀ ਪੂਰੀ ਤਸਵੀਰ ਨੂੰ ਪੇਸ਼ ਕਰਦਾ ਇਹ ਬਹੁਤ ਖ਼ੂਬਸੂਰਤ ਗੀਤ ਹੈ । ਜਿਸਨੂੰ ਪਰਮਜੀਤ ਅਨਾੜੀ (ਪ੍ਰੀਤਮ ਸਟੂਡੀਓਜ਼) ਨੇ ਸੰਗੀਤ ਨਾਲ ਸ਼ਿੰਗਾਰਿਆ ਹੈ । ਹਰਪ੍ਰੀਤ ਸਿੰਘ ਵਾਲੀਆ ਨੇ ਇਸ ਗੀਤ ਦੀ ਵੀਡੀਓ ਡਾਇਰੈਕਟ ਕੀਤੀ ਹੈ । ਇਸ ਗੀਤ ਦੇ ਪ੍ਰੋਡਿਊਸਰ ਸ੍. ਜਸਵਿੰਦਰ ਸਿੰਘ ਵਾਲੀਆ ਜੀ ਹਨ । ਇਸ ਗੀਤ ਲਈ ਵਿਸ਼ੇਸ਼ ਸਹਿਯੋਗ ਸੁਰਿੰਦਰ ਸਿੰਘ ਸ਼ੇਰਗਿੱਲ ਯੂ.ਐਸ.ਏ ਜੀ ਨੇ ਦਿੱਤਾ ਹੈ । ਇਸ ਗੱਲ ਦਾ ਦਾਅਵਾ ਕੀਤਾ ਜਾ ਸਕਦਾ ਹੈ ਕਿ,ਇਹ ਹੋ ਹੀ ਨਹੀਂ ਸਕਦਾ ਕਿ ਇਹ ਗੀਤ ਤੁਹਾਨੂੰ ਪਸੰਦ ਨਾ ਆਵੇ । ਇਸ ਵੇਲੇ ਫਰਇਸਏਨਟ ਲ਼ਿਡਏ ਗੀਤ PSF Recordz You Tube ਚੈਨਲ 'ਤੇ ਉਪਲੱਬਧ ਹੈ । ਆਉਣ ਵਾਲੇ ਸਮੇਂ ਵਿੱਚ ਇਸੇ ਸਾਫ਼-ਸੁਥਰੇ ਪੰਜਾਬੀ ਗੀਤ ਸੰਗੀਤ ਦੀ ਲੜੀ ਤਹਿਤ , ਆਪਣੀ ਰਾਖੀ, ਪਿਸਟਲ, ਕੌਮ, ਵਕਤ , ਰਮਜ਼ਾਂ, ਲੰਮੀ ਛਾਲ ਆਦਿ ਬਹੁਤ ਖ਼ੂਬਸੂਰਤ ਗੀਤ ਸਰੋਤਿਆਂ ਦੇ ਦਿਲਾਂ ਦੀ ਦਹਿਲੀਜ਼ 'ਤੇ ਦਸਤਕ ਦੇਣਗੇ । ਦੋਸਤੋ ਆਪਣਾ ਪਿਆਰ ਬਣਾਈ ਰੱਖਿਓ ।

## ਵਿੱਤ ਮੰਤਰੀ ਚੀਮਾ ਦਾ ਐਲਾਨ 'ਲੋਕ 'ਖ਼ੁਦ' ਬਣਾਉਣਗੇ ਪੰਜਾਬ ਦਾ ਬਜਟ, ਪੋਰਟਲ ਕੀਤਾ ਲਾਂਚ'

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਭਗਵੰਤ ਮਾਨ ਸਰਕਾਰ ਵੱਲੋਂ ਵੱਡਾ ਐਲਾਨ ਕਰਦੇ ਹੋਏ ਸਪੱਸ਼ਟ ਕੀਤਾ ਗਿਆ ਹੈ ਕਿ ਪੰਜਾਬ ਦੇ ਲੋਕ ਹੁਣ ਆਪਣਾ ਬਜਟ ਆਪ ਬਣਾਉਣਗੇ। ਕਿਹੜੇ ਵਿਭਾਗ ਵਿਚ ਕਿੰਨਾ ਪੈਸਾ ਦਿੱਤਾ ਜਾਵੇ, ਇਸ ਲਈ ਸੁਝਾਅ ਦਿੱਤਾ ਜਾ ਸਕਦਾ ਹੈ। ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਇਹ ਇਤਿਹਾਸਕ ਫੈਸਲਾ ਲਿਆ ਜਾ ਰਿਹਾ ਹੈ। ਇਸੇ ਤਹਿਤ ਪੰਜਾਬ ਸਰਕਾਰ ਵੱਲੋਂ 'ਜਨਤਾ ਦਾ ਬਜਟ' ਪੋਰਟਲ ਲਾਂਚ ਕੀਤਾ ਜਾ ਰਿਹਾ ਹੈ। ਇਸ ਪੋਰਟਲ 'ਤੇ ਪੰਜਾਬ ਦੇ ਲੋਕ ਬਜਟ ਸਬੰਧੀ ਸੁਝਾਅ ਦੇ ਸਕਦੇ ਹਨ ਤੇ ਜੋ ਸੁਝਾਅ ਚੰਗੇ ਹਨ, ਉਨ੍ਹਾਂ ਨੂੰ ਬਜਟ 'ਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਸਿਹਤ, ਸਿੱਖਿਆ ਜਾਂ ਜ਼ਰੂਰੀ ਖੇਤਰਾਂ ਵਿਚ ਕਿੰਨਾ-ਕਿੰਨਾ ਬਜਟ ਰੱਖਿਆ ਜਾਵੇ ਜਾਂ ਸਕੂਲਾਂ, ਹਸਪਤਾਲਾਂ, ਸੜਕਾਂ ਲਈ ਬਜਟ ਉਹ ਕਿਵੇਂ ਦਾ ਹੋਵੇ, ਇਸ ਲਈ ਆਮ ਲੋਕ ਸੁਝਾਅ ਦੇ ਸਕਦੇ ਹਨ ਤੇ ਉਸ ਤੋਂ ਬਾਅਦ ਹੀ ਪੰਜਾਬ ਦਾ ਬਜਟ ਪੇਸ਼ ਕੀਤਾ ਜਾਵੇਗਾ। ਭਗਵੰਤ ਮਾਨ ਦੀ ਸਰਕਾਰ ਜਦੋਂ ਤੋਂ ਸੱਤਾ ਵਿਚ ਆਈ ਹੈ, ਉਦੋਂ ਤੋਂ ਕਈ ਵੱਖ ਤਰ੍ਹਾਂ ਦੇ ਫੈਸਲੇ ਸੂਬਾ ਸਰਕਾਰ ਵੱਲੋਂ ਲਏ ਗਏ ਹਨ। ਇਸ ਤੋਂ ਪਹਿਲਾਂ ਮਾਨ ਸਰਕਾਰ ਨੇ ਵਨ-ਵਿਧਾਇਕ-ਵਨ ਪੈਨਸ਼ਨ ਦਾ ਫੈਸਲਾ ਲੋਕਾਂ ਦੇ ਹਿੱਤ ਲਈ ਲਿਆ ਗਿਆ ਤੇ ਹੁਣ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦੇ ਬਜਟ ਵਿਚ ਆਮ ਲੋਕਾਂ ਦੀ ਵੀ ਰਾਏ ਲਈ ਜਾ ਰਹੇ ਹੈ ਤੇ ਸੁਝਾਅ ਤੋਂ ਬਾਅਦ ਉਸ ਮੁਤਾਬਕ ਪੰਜਾਬ ਦਾ ਬਜਟ ਪੇਸ਼ ਕੀਤਾ ਜਾਵੇਗਾ।

# ਥਾਣਾ ਰੂੜੇਕੇ ਕਲਾਂ ਦੀ ਪੁਲਸ ਨੇ ਸਭ ਧਰਮ ਦੇ ਲੋਕਾਂ ਨਾਲ ਮਿਲ ਕੇ ਮਨਾਇਆ ਈਦ ਦਾ ਤਿਉਹਾਰ


ਥਾਣਾ ਰੂੜੇਕੇ ਕਲਾਂ ਵਿਖੇ ਈਦ ਮੌਕੇ ਇੱਕ ਦੂਜੇ ਨੂੰ ਮਠਿਆਈ ਖਵਾ ਰਹੇ ਸਭ ਧਰਮਾਂ ਦੇ ਨੁੰਮਾਇੰਦੇ

ਪੱਖੋ ਕਲਾਂ (ਸੁਖਜਿੰਦਰ ਸਮਰਾ) ਥਾਣਾ ਰੂੜੇਕੇ ਕਲਾਂ ਦੇ ਮੁਖੀ ਸੁਖਜੀਤ ਸਿੰਘ ਦੀ ਅਗਵਾਈ ਵਿੱਚ ਸਮੁੱਚੇ ਸਟਾਫ ਨੇ ਨਿਵੇਕਲੀ ਪਿਰਤ ਪਾਉਂਦਿਆਂ ਸਭ ਧਰਮਾਂ ਦੇ ਲੋਕਾਂ ਨਾਲ ਮਿਲ ਕੇ ਈਦ ਦਾ ਤਿਉਹਾਰ ਮਨਾਇਆ । ਇਸ ਸਮੇਂ ਮਠਿਆਈਆਂ ਵੰਡ ਕੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ ਗਿਆ । ਥਾਣਾ ਮੁਖੀ ਸੁਖਜੀਤ ਸਿੰਘ ਨੇ ਕਿਹਾ ਕਿ ਸਾਨੂੰ ਸਾਡੇ ਰਹਿਬਰਾਂ ਨੇ ਸਿੱਖਿਆ ਦਿੱਤੀ ਹੈ ਕਿ ਸਾਰੀ ਮਨੁੱਖ ਜਾਤੀ ਇੱਕ ਨੂਰ ਦੀ ਜੋਤ ਹੈ ਅਤੇ ਸਾਨੂੰ ਆਪਸ ਵਿਚ ਮਿਲ ਕੇ ਪਿਆਰ ਨਾਲ ਰਹਿਣਾ ਚਾਹੀਦਾ । ਉਨ੍ਹਾਂ ਕਿਹਾ ਕਿ ਉਹ ਹਮੇਸ਼ਾਂ ਯਤਨਸ਼ੀਲ ਹਨ ਕਿ ਹਰ ਇੱਕ ਨੂੰ ਬਿਨਾਂ ਕਿਸੇ ਭੇਦਭਾਵ ਤੋਂ ਇਨਸਾਫ ਦਿੱਤਾ ਜਾਵੇ ਅਤੇ ਇਲਾਕੇ ਵਿੱਚ ਸਾਂਤੀ ਅਤੇ ਅਮਨ ਕਾਨੂੰਨ ਨੂੰ ਹਰ ਹੀਲੇ ਬਰਕਰਾਰ ਰੱਖਿਆ ਜਾਵੇ।

ਇਸ ਮੌਕੇ ਮੌਲਵੀ ਮੁਹੰਮਦ ਮਨਜੂਰ ਆਲਮ , ਸਿਕੰਦਰ ਖਾਂ , ਰੋਹਿਤ ਕੁਮਾਰ ਪ੍ਰਧਾਨ ਸ੍ਰੀ ਕ੍ਰਿਸ਼ਨ ਮੰਦਰ , ਖਜਾਨਚੀ ਰਾਮ ਲਾਲ , ਮੋਹਨ ਲਾਲ, ਅਸ਼ੋਕ ਕੁਮਾਰ, ਪ੍ਰੇਮ ਕੁਮਾਰ , ਪਰਮਜੀਤ ਸਿੰਘ ਪੰਮਾ ਜਿਲ੍ਹਾ ਮੀਤ ਪ੍ਰਧਾਨ ਕਿਸਾਨ ਵਿੰਗ, ਗੁਰਸੇਵਕ ਸਿੰਘ ਧੂਰਕੋਟ, ਜਗਸੀਰ ਸਿੰਘ, ਗੁਰਜੰਟ ਸਿੰਘ ਬਦਰਾ, ਮਨਜੀਤ ਸਿੰਘ ਬਦਰਾ , ਸਮੁੱਚੀ ਮੁਸਲਿਮ ਬਰਾਬਰੀ ਰੂੜੇਕੇ ਕਲਾਂ , ਏਐਸਆਈ ਮਨਜੀਤ ਸਿੰਘ ਸਮੇਤ ਸਮੂਹ ਸਟਾਫ ਥਾਣਾ ਰੂੜੇਕੇ ਕਲਾਂ ਹਾਜਰ ਸੀ।

# ਸੁਰ ਮਿਲੇ ਨਾ ਮਿਲੇ ਪਰ ਪ੍ਰਸ਼ਾਂਤ ਕਿਸ਼ੋਰ ਦੇ ਸੁਝਾਵਾਂ 'ਤੇ ਖ਼ੁਦ ਹੀ ਅਮਲ ਕਰ ਲਵੇਗੀ ਕਾਂਗਰਸ !

ਜਲੰਧਰ (ਪੰਜਾਬੀ ਅਖਬਾਰ ਬਿਊਰੋ)-: ਭਾਵੇਂ ਸਿਆਸੀ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੇ ਸੁਰ ਅਜੇ ਕਾਂਗਰਸ ਨਾਲ ਨਾ ਮਿਲੇ ਹੋਣ ਪਰ ਕਾਂਗਰਸ ਉਨ੍ਹਾਂ ਦੇ ਉਹ ਸੁਝਾਅ ਅਜੇ ਵੀ ਲਾਗੂ ਕਰਨ ਦੀ ਕੋਸ਼ਿਸ਼ ਕਰੇਗੀ ਜੋ ਉਨ੍ਹਾਂ ਨੇ ਬੈਠਕਾਂ ਦੌਰਾਨ ਹਾਈਕਮਾਨ ਦੇ ਵੱਡੇ ਨੇਤਾਵਾਂ ਨਾਲ ਸਾਂਝੇ ਕੀਤੇ ਸਨ। ਪਾਰਟੀ ਦੇ ਉੱਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਕਾਂਗਰਸ 2024 ਦੀਆਂ ਚੋਣਾਂ ਤੋਂ ਪਹਿਲਾਂ ਬਿਹਤਰ ਐਨਾਲਿਟਿਕਸ ਤੇ ਡਾਟਾ ਜਨਰੇਸ਼ਨ 'ਤੇ ਧਿਆਨ ਕੇਂਦਰਤ ਕਰਨਾ ਚਾਹੁੰਦੀ ਹੈ। ਹਾਈਕਮਾਨ ਅਜਿਹੇ ਪੇਸ਼ੇਵਰਾਂ ਨੂੰ ਨਿਯੁਕਤ ਕਰ ਸਕਦੀ ਹੈ, ਜੋ ਚੋਣਾਂ ਤੋਂ ਪਹਿਲਾਂ ਅਜਿਹਾ ਕਰਨ 'ਚ ਮਦਦ ਕਰ ਸਕਣ। ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਭਾਵੇਂ ਪ੍ਰਸ਼ਾਂਤ ਕਿਸ਼ੋਰ ਵੱਲੋਂ ਫਿਲਹਾਲ ਕਾਂਗਰਸ ਦਾ ਕੰਮ ਕਰਨ ਦਾ ਮਸਲਾ ਟਲ ਗਿਆ ਹੋਵੇ ਪਰ ਉਨ੍ਹਾਂ ਨਾਲ ਗੁਜਰਾਤ ਚੋਣਾਂ ਤੋਂ ਬਾਅਦ ਮੁੜ ਗੱਲਬਾਤ ਦੀ ਸੰਭਾਵਨਾ ਖਤਮ ਨਹੀਂ ਹੋਈ।

**ਚਿਦਾਂਬਰਮ ਨੇ ਵੀ ਕੀਤੀ ਡਾਟਾ ਦੀ ਪ੍ਰਸ਼ੰਸਾ**



ਰਿਪੋਰਟ ਵਿਚ ਸਾਬਕਾ ਵਿੱਤ ਮੰਤਰੀ ਪੀ. ਚਿਦਾਂਬਰਮ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਪ੍ਰੈਜ਼ੈਂਟੇਸ਼ਨ ਤੋਂ ਪਤਾ ਲੱਗਦਾ ਹੈ ਕਿ ਚੋਣ ਰਣਨੀਤੀਕਾਰ ਕੋਲ ਚੰਗਾ ਡਾਟਾ ਤੇ ਵਿਸ਼ਲੇਸ਼ਣ ਸੀ। ਉਨ੍ਹਾਂ ਕਿਹਾ ਕਿ ਕਈ ਬਿੰਦੂ ਕਾਰਵਾਈ ਯੋਗ ਸਨ ਅਤੇ ਅਸੀਂ ਅਜਿਹਾ ਕਰਨ ਦਾ ਇਰਾਦਾ ਰੱਖਦੇ ਹਾਂ। ਚਿਦਾਂਬਰਮ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਪਾਰਟੀ ਕੁਝ ਸੁਧਾਰਾਂ ਨੂੰ ਲਾਗੂ ਕਰੇਗੀ। ਉਨ੍ਹਾਂ ਸਿਰਫ ਪੀ. ਕੇ. ਵੱਲੋਂ ਦਿੱਤੇ ਗਏ ਕੁਝ ਸੁਝਾਵਾਂ ਨੂੰ ਵੇਖਿਆ ਹੈ, ਜੋ ਪਬਲਿਕ ਡੋਮੇਨ ਵਿਚ ਹਨ। ਕਾਂਗਰਸ ਡਾਟਾ ਐਨਾਲਿਟਿਕਸ ਵਿਭਾਗ ਦੇ ਮੁਖੀ ਪ੍ਰਵੀਨ ਚਕਰਵਰਤੀ ਨੇ ਕਿਹਾ ਕਿ ਪ੍ਰਸ਼ਾਂਤ ਕਿਸ਼ੋਰ ਸਿਆਣੇ ਲੱਗਦੇ ਹਨ। ਉਨ੍ਹਾਂ ਕਿਹਾ ਕਿ ਮੈਂ ਇਸ ਗੱਲ ਨਾਲ ਵੀ ਸਹਿਮਤ ਹਾਂ ਕਿ ਪਾਰਟੀ ਦੇ ਨੇਤਾਵਾਂ ਨੂੰ ਡਾਟਾ ਦੀ ਜ਼ਿਆਦਾ ਨਿਰਪੱਖ ਢੰਗ ਨਾਲ ਵਰਤੋਂ ਕਰਨੀ ਚਾਹੀਦੀ ਹੈ, ਨਾ ਕਿ ਸਿਰਫ ਚੋਣਵੇਂ ਤੌਰ 'ਤੇ ਜਦੋਂ ਇਹ ਉਨ੍ਹਾਂ ਦੇ ਅਨੁਕੂਲ ਹੋਵੇ। ਹੋਰ ਨੇਤਾਵਾਂ ਦਾ ਕਹਿਣਾ ਹੈ ਕਿ ਇਹ ਮੰਨਣਾ ਗਲਤ ਹੈ ਕਿ ਕਿਸ਼ੋਰ ਨੇ ਕਾਂਗਰਸ ਨੂੰ ਠੁਕਰਾ ਦਿੱਤਾ ਹੈ। ਤ੍ਰਿਣਮੂਲ ਦੇ ਨੇਤਾ ਅਤੇ ਕਿਸ਼ੋਰ ਦੇ ਨਜ਼ਦੀਕੀ ਪਵਨ ਵਰਮਾ ਨੇ ਕਿਹਾ ਕਿ ਕਾਂਗਰਸ ਨੂੰ ਹੋਰ ਜ਼ਿਆਦਾ ਤਬਦੀਲੀ 'ਚ ਨਿਵੇਸ਼ ਕਰਨ ਦੀ ਲੋੜ ਸੀ ਅਤੇ ਸ਼ਾਇਦ ਉਸ ਨੂੰ ਲੱਗਾ ਕਿ ਕਿਸ਼ੋਰ ਦਾ ਪਾਰਟੀ ਵਿਚ ਸ਼ਾਮਲ ਹੋਣਾ ਜ਼ਰੂਰੀ ਨਹੀਂ ਸੀ।

**ਕੀ ਸੀ ਕਿਸ਼ੋਰ ਦੀ ਪ੍ਰੈਜ਼ੈਂਟੇਸ਼ਨ 'ਚ**

ਮੀਡੀਆ 'ਚ ਛਪੀ ਇਕ ਰਿਪੋਰਟ ਮੁਤਾਬਕ ਕਿਸ਼ੋਰ ਦੀਆਂ ਬੈਠਕਾਂ ਵਿਚ ਹਿੱਸਾ ਲੈ ਚੁੱਕੇ 2 ਵਿਅਕਤੀਆਂ ਵਿਚੋਂ ਇਕ ਨੇ ਦੱਸਿਆ ਕਿ ਉਨ੍ਹਾਂ ਨੂੰ ਪ੍ਰੈਜ਼ੈਂਟੇਸ਼ਨ ਵਿਚ ਜਿਹੜੀ ਇਕ ਸਲਾਈਡ ਵਿਖਾਈ ਗਈ, ਉਸ ਵਿਚ ਕਿਸ਼ੋਰ ਨੇ ਸਾਨੂੰ ਦੱਸਿਆ ਕਿ ਕਾਂਗਰਸ ਨੇ ਇਕੋ ਸੀਟ ਤੋਂ 3 ਵਾਰ ਹਾਰਨ ਵਾਲੇ 170 ਉਮੀਦਵਾਰਾਂ ਨੂੰ ਟਿਕਟ ਦਿੱਤੀ ਸੀ। ਵਿਅਕਤੀ ਨੇ ਕਿਹਾ ਕਿ ਆਪਣੇ ਸੂਬੇ ਬਾਰੇ ਇਹ ਜਾਣ ਸਕਦਾ ਹਾਂ ਪਰ ਇਹ ਜਾਣਕਾਰੀ ਹੁਣ ਪਾਰਟੀ ਵਿਚ ਕਿਸੇ ਕੋਲ ਪੂਰੇ ਦੇਸ਼ ਵਿਚ ਵੀ ਨਹੀਂ ਹੋਵੇਗੀ। ਇਸ ਵਿਅਕਤੀ ਨੇ ਕਿਹਾ ਕਿ ਕਾਂਗਰਸ ਅਜਿਹੇ ਲੋਕਾਂ ਨੂੰ ਕੰਮ 'ਤੇ ਲਾਉਣ ਦੀ ਕੋਸ਼ਿਸ਼ ਕਰੇਗੀ, ਜੋ ਇਸ ਤਰ੍ਹਾਂ ਦੇ ਡਾਟਾ ਨਾਲ ਉਸ ਦੀ ਮਦਦ ਕਰ ਸਕਦੇ ਹਨ ਕਿਉਂਕਿ ਇਕੋ ਜਿਹਾ ਡਾਟਾਬੇਸ ਬਣਾਉਣ 'ਚ ਘੱਟੋ-ਘੱਟ ਕੁਝ ਸਾਲ ਤਾਂ ਲੱਗਣਗੇ ਹੀ।






# ‘ਹਨੇਰੇ ਰਾਹ’ ਨਾਵਲ: ਇੱਕ ਗ਼ੈਰ-ਰਸਮੀ ਵਿਸ਼ਲੇਸ਼ਣ



ਸਤਵੰਤ ਸ. ਦੀਪਕ,
ਵੈਨਕੂਵਰ, ਬੀ ਸੀ, ਕੈਨੇਡਾ
Satwantdeepak@gmail.com; Phone (604) 910 9953


‘ਹਨੇਰੇ ਰਾਹ’ ਨਾਵਲ (ਨਵੰਬਰ 2021) ਕੈਨੇਡਾ ਦੇ ਪ੍ਰਸਿੱਧ ਪੰਜਾਬੀ ਗਲਪਕਾਰ ਹਰਪ੍ਰੀਤ ਸੇਖਾ ਦਾ ਪਲੇਠਾ ਨਾਵਲ ਹੈ। ਉਂਝ ਉਹ ‘ਬੀ ਜੀ ਮੁਸਕਰਾ ਪਏ’ (2006, ਕਹਾਣੀ-ਸੰਗਹਿ੍), ‘ਟੈਕਸੀਨਾਮਾ’ (2012, ਵਾਰਤਕ), ‘ਬਾਰਾਂ ਬੂਹੇ’ (2013, ਕਹਾਣੀ-ਸੰਗਹਿ੍), ‘ਪ੍ਰਿਜ਼ਮ’ (2017, ਕਹਾਣੀ-ਸੰਗਹਿ੍), ‘ਕਿਲੇ ਦੇ ਮੋਤੀ’ (2017, ਅਨੁਵਾਦ), ‘ਬਰਫ਼ਖੋਰ ਹਵਾਏਂ’ (2017, ਹਿੰਦੀ ਕਹਾਣੀ ਸੰਗਹਿ੍ ਅਨੁਵਾਦ), ‘ਡੱਗੀ’ (2020, ਸਾਰੀਆਂ ਕਹਾਣੀਆਂ) ਆਦਿ ਲਿਖਤਾਂ ਨਾਲ਼ ਇੱਕ ਸਮਰੱਥ ਕਹਾਣੀਕਾਰ, ਵਾਰਤਕ ਲੇਖਕ ਅਤੇ ਅਨੁਵਾਦਕ ਦੇ ਤੌਰ ’ਤੇ ਪੰਜਾਬੀ ਸਾਹਿਤ ਜਗਤ ਵਿੱਚ ਸਥਾਪਤ ਹੋ ਚੁੱਕਾ ਹੈ। 2018 ਵਿੱਚ ਉਹ ‘ਢਾਹਾਂ ਟ੍ਰਸਟ ਸਾਹਿਤ ਸਨਮਾਨ’ ਨਾਲ਼ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਹ੍ਰਪਰੀਤ ਸੇਖਾ ਨੇ 2012 ਵਿੱਚ ਡਰਾਈਵਰੀ ਪੇਸ਼ੇ ਨਾਲ਼ ਸਬੰਧਿਤ ਵਾਰਤਕ ‘ਟੈਕਸੀਨਾਮਾ’ ਲਿਖਿਆ ਸੀ, ਜਿਸ ਵਿੱਚ ਟੈਕਸੀ ਕਿੱਤੇ ਨਾਲ਼ ਸਬੰਧਿਤ ਸਮੱਸਿਆਵਾਂ, ਅਤੇ ਟੈਕਸੀ ਕਾਰੋਬਾਰ ਨਾਲ਼ ਜੁੜੇ ਅੰਕੜਿਆਂ ਦਾ ਵਰਣਨ ਸੀ। ਹੁਣ (ਨਵੰਬਰ 2021) ਉਸਦਾ ਪਲੇਠਾ ਨਾਵਲ ‘ਹਨੇਰੇ ਰਾਹ’ (144 ਪੰਨੇ, ਪ੍ਰਕਾਸ਼ਕ: ਪੀਪਲਜ਼ ਫ਼ੋਰਮ, ਬਰਗਾੜੀ, ਪੰਜਾਬ) ਪ੍ਰਕਾਸ਼ਿਤ ਹੋਇਆ ਹੈ। ਨਾਵਲ ਵਿੱਚ ਲੇਖਕ ਨੇ ਕੈਨੇਡਾ ਵਿੱਚਲੇ ਦੋ ਵਿਆਪਕ ਤੇ ਵਿਸ਼ਾਲ ਮੁੱਦਿਆਂ ਨੂੰ ਕੇਂਦਰੀ ਧੁਰਾ ਬਣਾ ਕੇ ਨਾਵਲ ਦੀ ਕਹਾਣੀ ਬੁਣੀ ਹੈ: ਐੱਲ. ਐੱਮ. ਆਈ. ਏ., ਭਾਵ Labour Market Impact Assessment (LMIA) ਜਰ੍ਹੀਏ ਵਰਕ ਪਰਮਿਟ ਲੈਣ ਖ਼ਾਤਰ ਟਰੱਕ-ਚਾਲਕਾਂ; ਅਤੇ ਸਟੂਡੈਂਟ ਵੀਜ਼ੇ ’ਤੇ ਆਏ ਵਿਦਿਆਰਥੀਆਂ ਦਾ ਟਰੱਕ-ਮਾਲਕਾਂ, ਬੈਂਕੁਇਟ ਹਾਲ-ਮਾਲਕਾਂ, ਇਮੀਗ੍ਰੇਸ਼ਨ ਕੰਨਸਲਟੈਂਟਾਂ ਅਤੇ ਮਿਡਲ-ਮੈਨਾਂ (ਦਲਾਲਾਂ) ਵੱਲੋਂ ਆਰਥਿਕ ਅਤੇ ਮਾਨਸਿਕ ਸ਼ੋਸ਼ਣ। ਇਹ ਦੋਨੋ ਕਹਾਣੀਆਂ ਨਾਲ਼ੋ ਨਾਲ਼ ਚੱਲਦੀਆਂ ਹਨ।

ਬਹੁਤ ਸਾਰੇ ਵਿਦੇਸ਼ੀ ਟਰੱਕ ਡਰਾਈਵਰਾਂ ਦਾ ਸੁਪਨਾ ਹੈ ਕਿ ਉਹ ਕੈਨੇਡਾ ਆ ਕੇ ਟਰੱਕ ਚਲਾਉਣ। ਇਸ ਦਾ ਸੰਬੰਧ ਸ਼ਾਇਦ ਇੱਕ ਪਾਸੇ ਦੇਸ਼ ਦੀ ਵਿਸ਼ਾਲਤਾ ਅਤੇ ਦੂਜੇ ਪਾਸੇ ਕੈਨੇਡਾ ਦੀ ਅੰਤਰਰਾਸ਼ਟਰੀ ਪੱਧਰ ’ਤੇ ਬਹੁਤ ਚੰਗੀ ਸਾਖ਼ ਨਾਲ਼ ਹੈ। ਲੌਂਗ ਹਾਲ ਟਰੱਕ-ਚਾਲਕਾਂ ਦੀ ਵੱਡੀ ਡਿਮਾਂਡ ਅਤੇ ਨੌਕਰੀ ਦੀਆਂ ਅਸਾਮੀਆਂ ਕੈਨੇਡੀਅਨ ਟਰਾਂਸਪੋਰਟੇਸ਼ਨ ਸੈਕਟਰ ਲਈ ਇੱਕ ਨਿਰੰਤਰ ਚੁਣੌਤੀ ਬਣੀਆਂ ਹੋਈਆਂ ਹਨ। ਸਰਕਾਰੀ ਨੀਤੀਆਂ ਇਸ ਕਿੱਤੇ ਵਿੱਚ ਕੈਨੇਡਾ ਵਿੱਚ ਨੌਕਰੀਆਂ ਦੀ ਤਲਾਸ਼ ਕਰ ਰਹੇ ਯੋਗਤਾ ਪ੍ਰਾਪਤ ਵਿਦੇਸ਼ੀ ਕਾਮਿਆਂ ਨੂੰ ਕੈਨੇਡਾ ਦੇ ਵਰਕ ਵੀਜ਼ੇ ਦੀ ਪੇਸ਼ਕਸ਼ ਕਰਦੀਆਂ ਹਨ। ਕੈਨੇਡੀਅਨ ਟਰਾਂਸਪੋਰਟੇਸ਼ਨ ਸੈਕਟਰ ਨੂੰ 2024 ਤੱਕ 48,000 ਤੱਕ ਲੌਂਗ ਹਾਲ ਟਰੱਕ ਡਰਾਈਵਰਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸਦਾ ਮਤਲਬ ਹੈ ਕਿ ਕੈਨੇਡਾ ਇਮੀਗ੍ਰੇਸ਼ਨ ਅਭਿਲਾਸ਼ੀਆਂ ਵਾਸਤੇ ਇੱਕ ਸ਼ਾਨਦਾਰ ਮੌਕਾ ਹੈ।

ਸਭ ਤੋਂ ਪਹਿਲਾਂ LMIA ਬਾਰੇ ਵਿਸਥਾਰ ਵਿੱਚ ਜਾਣਨਾ ਪ੍ਰਸੰਗਕ ਹੋਵੇਗਾ। LMIA, ਕੈਨੇਡਾ ਸਰਕਾਰ (Services Canada) ਵੱਲੋਂ ਜਾਰੀ ਕੀਤਾ ਗਿਆ ਇੱਕ ਦਸਤਾਵੇਜ਼ ਹੈ ਜੋ ਕੈਨੇਡੀਅਨ ਰੁਜ਼ਗਾਰਦਾਤਾਵਾਂ ਨੂੰ ਕਿਸੇ ਵਿਦੇਸ਼ੀ ਕਾਮੇ ਨੂੰ ਆਪਣੀ ਕੰਪਨੀ ਵਾਸਤੇ ਕੰਮ ਕਰਨ ਲਈ ਲਿਆਉਣ ਵਾਸਤੇ ਹਰੀ ਝੰਡੀ ਦਿੰਦਾ ਹੈ। LMIA ਜਾਰੀ ਕਰਨ ਦਾ ਮਤਲਬ ਇਹ ਹੈ ਕਿ ਕੈਨੇਡੀਅਨ ਰੁਜ਼ਗਾਰਦਾਤਾ ਨੇ ਸਫ਼ਲਤਾਪੂਰਵਕ Services Canada ਨੂੰ ਜਚਾ ਦਿੱਤਾ ਹੈ ਕਿ ਉਹਨਾਂ ਨੂੰ ਸੱਚਮੁੱਚ ਇੱਕ ਕਾਮੇ ਦੀ ਲੋੜ ਹੈ, ਜਿਸਨੂੰ ਉਹ ਕੈਨੇਡਾ ਵਿੱਚੋਂ ਭਰਤੀ ਕਰਨ ਦੇ ਯੋਗ ਨਹੀਂ ਸਨ ਅਤੇ ਇਹ ਕਿ ਕਿਸੇ ਵਿਦੇਸ਼ੀ ਕਾਮੇ ਨੂੰ ਕੈਨੇਡਾ ਲਿਆਉਣ ਦਾ ਸਥਾਨਕ ਲੇਬਰ ਮਾਰਕਿਟ ’ਤੇ ਉਸਾਰੂ ਜਾਂ ਨਿਰਪੱਖ ਅਸਰ ਪੈਣ ਦੀ ਸੰਭਾਵਨਾ ਹੈ। ਇੱਕ ਵਾਰ ਜਦੋਂ ਉਹਨਾਂ ਦੇ ਕੈਨੇਡੀਅਨ ਰੁਜ਼ਗਾਰਦਾਤਾ ਉਹਨਾਂ ਵਾਸਤੇ LMIA ਹਾਸਲ ਕਰ ਲੈਂਦੇ ਹਨ ਤਾਂ ਵਿਦੇਸ਼ੀ ਕਾਮਿਆਂ ਨੂੰ ਕੈਨੇਡਾ ਵਿੱਚ ਕਾਨੂੰਨੀ ਤੌਰ ’ਤੇ ਕੰਮ ਕਰਨ ਲਈ ਅਧਿਕਾਰਿਤ ਹੋਣ ਤੋਂ ਪਹਿਲਾਂ ਵਰਕ ਪਰਮਿਟਾਂ ਵਾਸਤੇ ਅਰਜ਼ੀ ਦੇਣੀ ਹੁੰਦੀ ਹੈ। ਬੱਸ ਇਹ LMIA ਹੀ ਸਾਰੇ ਪੁਆੜੇ ਦੀ ਜੜ੍ਹ ਹੈ, ਇਹ ਹੀ ਚੋਰ-ਮੋਰੀ ਹੈ, ਇਸ ਦੇ ਜਰ੍ਹੀਏ ਵਿਦੇਸ਼ੀ ਕਾਮਿਆਂ ਨੂੰ ਪੱਕੇ ਕਰਵਾਉਣ ਲਈ LMIA ਜਾਰੀ ਕਰਨ ਵਾਲ਼ੀਆਂ ਕੰਪਨੀਆਂ ਜਾਂ ਮਾਲਕ, ਇਮੀਗ੍ਰੇਸ਼ਨ ਕਨਸਲਟੈਂਟਾਂ ਅਤੇ ਮਿਡਲ-ਮੈਨਾਂ (ਦਲਾਲਾਂ) ਦੀ ਮਿਲ਼ੀ ਭੁਗਤ ਨਾਲ਼ ਉਹ ਕੈਨੇਡਾ ਵਿੱਚ ਪੱਕੇ ਤੌਰ ’ਤੇ ਸੈੱਟ ਕਰਾਉਣ ਲਈ ਅਭਿਲਾਸ਼ੀ ਕਾਮਿਆਂ ਦਾ ਸ਼ੋਸ਼ਣ ਕਰਦੇ ਹਨ। ਬਦਕਿਸਮਤੀ ਨਾਲ਼ ਇਸ ਸ਼ੋਸ਼ਣ ਵਿੱਚ ਪੰਜਾਬੀ ਸਭ ਤੋਂ ਅੱਗੇ ਹਨ। ਕੈਨੇਡਾ ਵਿੱਚ ਛਪਦਾ ਕੋਈ ਪੰਜਾਬੀ ਅਖ਼ਬਾਰ ਪੜ੍ਹ ਲਵੋ, ਕੋਈ ਪੰਜਾਬੀ ਰੇਡੀਓ ਸੁਣ ਲਵੋ, ਹਰ ਥਾਂ ਵਪਾਰਕ ਸੰਦੇਸ਼ਾਂ ਵਿਚ ਅਕਸਰ ਸੁਣਦੇ ਹਾਂ ਫਲਾਣੀ ਟਰੱਕਿੰਗ ਕੰਪਨੀ ਨੂੰ ਕੰਮ ਕਰਨ ਲਈ ਐਨੇ ਡਰਾਈਵਰਾਂ ਦੀ ਫ਼ੌਰਨ ਲੋੜ ਹੈ, LMIA ਵੀ ਉਪਲੱਬਤ ਹੈ। ਜਿਸਦਾ ਮਤਲਬ ਹੈ ਕਿ ਮਾਲਕ ਲੁਕਵੇਂ ਢੰਗ ਨਾਲ਼ ਨੌਕਰੀ ਪ੍ਰਾਪਤ ਕਰਨ ਵਾਲ਼ਿਆਂ ਅੱਗੇ ਚੋਗਾ ਖਿਲਾਰਦੇ ਹਨ। LMIA ਵਾਲ਼ੇ ਧੰਦੇ ਵਿੱਚ ਟਰੱਕਿੰਗ ਕੰਪਨੀਆਂ, ਬੈਂਕੁਇਟ ਹਾਲ, ਰੈਸਟੋਰੈਂਟ, ਫ਼ਾਰਮ-ਮਾਲਕ, ਮੈਨੂਫ਼ੈਕਚਰਿੰਗ, ਹਾਊਸਿੰਗ ਇੰਡਸਟਰੀ, ਲੰਬਰ-ਮਿੱਲਾਂ, ਇਥੋਂ ਤੱਕ ਕਿ ਕਈ ਫ਼ਰਜ਼ੀ ਗੁਰਦਵਾਰਾ ਸੁਸਾਇਟੀਆਂ ਵੀ ਸ਼ਾਮਲ ਹਨ। *$91 ਵਾਲ਼ੀ ਇਸ ਪੌੜੀ ਜਰ੍ਹੀਏ ਕੈਨੇਡਾ ਆਉਣ ਲਈ ਹਰ ਕੋਈ ਬੋਰੀਆ-ਬਿਸਤਰਾ ਬੰਨ੍ਹੀ ਫਿਰਦਾ ਹੈ। ਬਹੁਤ ਸਾਰੇ ਕੇਸਾਂ ਵਿੱਚ ਜਾਅਲੀ *$91 ਪੈਦਾ ਕੀਤੀਆਂ ਜਾਂਦੀਆਂ ਹਨ, ਜਿਸ ਨੂੰ ਕਾਨੂੰਨੀ ਤੌਰ ’ਤੇ ਚੁਣੌਤੀ ਦੇਣਾ ਮੁਸ਼ਕਲ ਹੁੰਦਾ ਹੈ। Trucknews.com, October 15, 2020 ਅਨੁਸਾਰ ਇਹ ਸ਼ੋਸ਼ਣ ਟਰੱਕਿੰਗ ਉਦਯੋਗ ਵਿੱਚ ਵਿਆਪਕ ਪੱਧਰ ’ਤੇ ਫ਼ੈਲਿਆ ਹੋਇਆ ਹੈ, ਜਿਸ ਵਿੱਚ ਪਿਛਲੇ ਕੁੱਝ ਸਾਲਾਂ ਦੌਰਾਨ ਡਰਾਈਵਰਾਂ ਦੀ ਤੀਬਰ ਕਮੀ ਆਈ ਹੈ, ਜਿੱਥੇ ਛੋਟੀਆਂ ਵੱਡੀਆਂ ਟਰੱਕਿੰਗ-ਫ਼ਲੀਟ ਕੰਪਨੀਆਂ ਸੰਭਾਵੀ ਕਾਮਿਆਂ ਤੋਂ ਇੱਕ ਇੱਕ LMIA ਵਾਸਤੇ 15,000 ਤੋਂ 60,000 ਡਾਲਰ ਚਾਰਜ ਕਰਦੀਆਂ ਹਨ। ਕਿਸੇ ਕਾਗਜ਼ੀ ਕਾਰਵਾਈ ਤੋਂ ਬਗ਼ੈਰ ਇਹ ਸਭ (ਅੰਦਰਖਾਤੇ) ਨਕਦ ਭੁਗਤਾਨ ਕੀਤਾ ਜਾਂਦਾ ਹੈ।

ਇਸ ਹਕੀਕਤ ਨੂੰ ਨਾਵਲਕਾਰ ਨੇ ਪੰਨਾ 74 ’ਤੇ ਇੱਕ ਸੱਚੇ-ਸੁੱਚੇ, ਈਮਾਨਦਾਰ ਇਮੀਗ੍ਰੇਸ਼ਨ ਸਲਾਹਕਾਰ ਹਰਵੀਰ ਰਾਹੀਂ ਬਿਆਨਿਆ ਹੈ ...ਸਾਡੇ ਲੋਕਾਂ ਨੇ ਇਹ ਨਵਾਂ ਰਾਹ ਲੱਭ ਲਿਐ। ਸਰਕਾਰ ਕੋਲ਼ ਝੂਠ ਬੋਲਦੇ ਐ ਕਿ ਸਾਨੂੰ ਕਨੇਡਾ ’ਚ ਇਸ ਕੰਮ ਲਈ ਢੁਕਵਾਂ ਉਮੀਦਵਾਰ ਨਹੀਂ ਮਿਲ਼ਦਾ, ਸਾਨੂੰ ਕਿਸੇ ਵਿਦੇਸ਼ੀ ਨੂੰ ਜੌਬ ਦੇਣ ਦੀ ਮਨਜ਼ੂਰੀ ਦਿੱਤੀ ਜਾਵੇ। ਇਹ ਮਨਜ਼ੂਰੀ ਲੈਣ ਲਈ ਪ੍ਰੌਸਿਸ ’ਤੇ ਵੱਧ ਤੋਂ ਵੱਧ ਦੋ ਹਜ਼ਾਰ ਖਰਚ ਆਉਂਦੈ। ਥੋੜੇ ਸਾਹਮਣੇ ਐ ਕਿ ਕਿੰਨੇ ਕਿੰਨੇ ਦੀ ਵੇਚਦੇ ਆ। ਵੇਖੋ, ਜੇ ਕਿਸੇ ਇੰਪਲਾਇਰ ਨੂੰ ਸੱਚੀਂ ਵਿਦੇਸ਼ੀ ਕਾਮਾ ਚਾਹੀਦਾ ਹੈ ਤਾਂ ਉਹ ਆਪ ਸਰਕਾਰ ਦੀ ਫ਼ੀਸ ਭਰੇ ਤੇ ਮਨਜ਼ੂਰੀ ਲੈ ਕੇ ਕਾਮਾ ਰੱਖ ਲਵੇ। ਪਰ ਨਹੀਂ, ਇਹ ਇੱਕ ਧੰਦਾ ਬਣ ਗਿਐ। ਇੰਪਲਾਇਰ ਪਹਿਲਾਂ ਕਿਸੇ ਜੌਬ ਲਈ ਝੂਠੀ ਐਡਵਰਟਾਈਜ਼ਮੈਂਟ ਕਰਦੇ ਆ। ਕਈ ਵਿਚਾਰੇ ਲੋੜਵੰਦ ਉਸ ਜੌਬ ਲਈ ਅਪਲਾਈ ਕਰ ਦਿੰਦੇ ਆ। ਕਿਸੇ ਨਾ ਕਿਸੇ ਤਰੀਕੇ ਇੰਟਰਵਿਊਆਂ ’ਤੇ ਵੀ ਜਾਂਦੇ ਆ ਪਰ ਉਨ੍ਹਾਂ ਨੂੰ ਕੀ ਪਤਾ ਹੁੰਦੈ ਕਿ ਇਹ ਜੌਬ ਤਾਂ ਸਰਕਾਰ ਦੀਆਂ ਅੱਖਾਂ ’ਚ ਘੱਟਾ ਪਾਉਣ ਲਈ ਐਡਵਰਟਾਈਜ਼ ਕੀਤੀ ਹੈ.....ਇਸ ਸਾਰੇ ਵਰਤਾਰੇ ਨੂੰ ਵੇਖ ਕੇ ਕੋਫਤ ਹੁੰਦੀ ਐ। ਆਪਣੇ ਆਪ ਨੂੰ ਪੰਜਾਬੀ ਅਖਵਾਉਦਿਆਂ ਸ਼ਰਮ ਆਉਂਦੀ ਐ....

ਨਾਵਲ ਦਾ ਆਰੰਭ ਕੈਨੇਡਾ ਵਿੱਚ ਵੱਸਦੇ ਆਪਣੇ ਟਰੱਕ-ਚਾਲਕ ਜੀਜੇ ਦੀ ਟਰੱਕ ਹਾਦਸੇ ਵਿੱਚ ਹੋਈ ਅਚਾਨਕ ਮੌਤ ਕਰਕੇ ਸਸਕਾਰ ’ਤੇ ਪਹੁੰਚਣ ਦੇ ਬਹਾਨੇ ਕੈਨੇਡਾ ਵਿੱਚ ਪੱਕੇ ਹੋਣ ਖ਼ਾਤਰ ਗੁਰਸੀਰ ਅਤੇ ਉਸਦੇ ਵੱਡੇ ਭਰਾ ਬਲਵੀਰ ਵਿੱਚ ਕਸ਼ਮਕਸ਼ ਨਾਲ਼ ਹੁੰਦਾ ਹੈ। ਸਮਾਜਿਕ ਰਿਸ਼ਤਿਆਂ ਦੀ ਕਿਨੀ ਤ੍ਰਾਸਦਿਕ ਵਿਡੰਬਨਾ ਹੈ ਕਿ ਜੀਜੇ ਦੀ ਸ਼ਮਸ਼ਾਨ ਵਾਲ਼ੀ ਸੀੜੀ (ਪੌੜੀ) ਰਾਹੀਂ




ਉਹ ਕੈਨੇਡਾ ਨੂੰ ਪੌੜੀ ਲਾਉਣ ਦੀ ਤਾਕ ਵਿੱਚ ਹਨ। ਗੁਰਸੀਰ ਸਮਝਦਾ ਹੈ ਕਿ ਉਸਨੂੰ ਕੈਨੇਡਾ ਜਾਣ ਦੀ ਬਲਵੀਰ ਨਾਲ਼ੋਂ ਵੱਧ ਲੋੜ ਹੈ ਕਿਉਂਕਿ ਉਸ ਕੋਲ਼ ਡੁਬਾਈ ਵਗ਼ੈਰਾ ਮੁਲਕਾਂ ਵਿੱਚ ਕੰਮ ਕਰਨ ਕਰ ਕੇ ਟਰੈਵਲ ਹਿਸਟਰੀ ਹੋਣ ਕਰ ਕੇ ਉਸਦਾ ਕੰਮ ਆਸਾਨੀ ਨਾਲ਼ ਬਣ ਸਕਦਾ ਹੈ, ਜਦ ਕਿ ਬਲਵੀਰ ਦੀ ਕੋਈ ਟਰੈਵਲ ਹਿਸਟਰੀ ਨਹੀਂ, ਅਤੇ ਉਸ ਕੋਲ਼ ਤਾਂ ਸਕੂਲ ਅਧਿਆਪਕ ਦੀ ਪੱਕੀ ਨੌਕਰੀ ਹੈ। ਆਖ਼ਰ ਫ਼ੈਸਲਾ ਗੁਰਸੀਰ ਦੇ ਪੱਖ ਵਿੱਚ ਹੋ ਜਾਂਦਾ ਹੈ। ਇਸ ਤੋਂ ਅੱਗੇ ਗੁਰਸੀਰ ਦੇ ਕੈਨੇਡਾ ਵਿੱਚ ਟਰੱਕ-ਚਾਲਕ ਬਣਨ ਦੀ ਕਹਾਣੀ ਨਾਵਲਕਾਰ ਦੇ ਆਪਣੇ ਸ਼ਬਦਾਂ ਵਿੱਚ (ਪੰਨਾ 31) ...ਸਸਕਾਰ ’ਤੇ ਵਿਨੀਪੈੱਗ ਆਏ ਗੁਰਸੀਰ ਨੇ ਟਰੱਕ ਦਾ ਲਾਈਸੈਂਸ ਲੈ ਲਿਆ ਸੀ। ਗੁਰਸੀਰ ਕੋਲ਼ ਦੁਬਈ ’ਚ ਦੋ ਸਾਲ ਟਰੱਕ ਚਲਾਉਣ ਦਾ ਤਜਰਬਾ ਸੀ। ਇਸ ਲਈ ਉਸ ਨੂੰ ਆਸਾਨੀ ਨਾਲ਼ ਹੀ ਲਾਈਸੈਂਸ ਮਿਲ਼ ਗਿਆ ਸੀ। ਦੁਬਈ ਤੋਂ ਇੰਡੀਆ ਉਹ ਵਿਆਹ ਕਰਵਾਉਣ ਹੀ ਗਿਆ ਸੀ, ਜਦੋਂ ਉਸਦੇ ਜੀਜੇ ਦੀ ਮੌਤ ਦੀ ਖ਼ਬਰ ਪਹੁੰਚ ਗਈ ਸੀ। ਸਸਕਾਰ ’ਤੇ ਆਏ ਨੂੰ ਐੱਲ. ਐੱਮ. ਆਈ. ਏ. ਨਹੀਂ ਮਿਲ਼ੀ ਤਾਂ ਇੰਡੀਆ ਮੁੜ ਗਿਆ ਸੀ। ਕੈਨੇਡਾ ’ਚ ਪੱਕੇ ਹੋਣ ਦਾ ਰਾਹ ਦਿਸਦਾ ਹੋਣ ਕਰ ਕੇ ਉਸ ਨੇ ਦੁਬਈ ਨਾ ਮੁੜਨ ਦਾ ਫ਼ੈਸਲਾ ਕਰ ਲਿਆ। ਉਸਦੇ ਇਮੀਗ੍ਰੇਸ਼ਨ ਸਲਾਹਕਾਰ ਨੇ ਕਿਹਾ ਸੀ, ਐਸ ਵਕਤ ਮੇਰੇ ਹੱਥ ਕੋਈ ਐੱਲ. ਐੱਮ. ਆਈ. ਏ. ਨਹੀਂ ਹੈ। ਤੁਹਾਨੂੰ ਵੀ ਛੇ ਮਹੀਨੇ ਹੋਣ ਵਾਲ਼ੇ ਐ ਕਨੇਡਾ ਆਇਆਂ। ਇਉਂ ਕਰੋ ਇੰਡੀਆ ਵਾਪਸ ਚਲੇ ਜਾਓ। ਜਿਉਂ ਹੀ ਮੈਨੂੰ ਕੋਈ ਐੱਲ. ਐੱਮ. ਆਈ. ਏ. ਲੱਭੀ ਮੈਂ ਤੁਹਾਨੂੰ ਫੋਨ ਕਰ ਦੇਵਾਂਗਾ। ਤੁਸੀਂ ਮੁੜ ਆਇਓ ਨਾਲ਼ੇ ਇੰਡੀਆ ਜਾ ਕੇ ਪੈਸੇ ਦਾ ਪ੍ਰਬੰਧ ਕਰ ਲਿਓ।

ਗੁਰਸੀਰ ਕੈਨੇਡਾ ਪੁਜ ਕੇ ਟਰੱਕ-ਮਾਲਕ ਸ਼ਮਿੰਦਰ ਦੀਆਂ ਹਦਾਇਤਾਂ ਅਨੁਸਾਰ ‘ਉਸਤਾਦ’ ਡਰਾਈਵਰ ਨਾਲ਼ ਟਰੱਕ ਚਲਾਉਣਾ ਸ਼ੁਰੂ ਕਰਦਾ ਹੈ। ਉਸਤਾਦ ਵੀ ਗੁਰਸੀਰ ਵਾਂਗ ਟਰੱਕ-ਮਾਲਕਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਇਆ ਵਿਅਕਤੀ ਹੈ, ਪਰ ਉਹ ਆਪਣਾ ਗੁੱਸਾ ਗੁਰਸੀਰ ’ਤੇ ਕੱਢਦਾ ਹੈ। ਆਪਣੀ ਖਿਝ ਕਾਰਨ ਉਹ ਗੁਰਸੀਰ ਨਾਲ਼ ਲਾਪਰਵਾਹੀ ਨਾਲ਼ ਪੇਸ਼ ਆਉਂਦਾ ਹੈ। ਉਸਤਾਦ ਕਦੇ ਸਮੇਂ ਸਿਰ ਨਹੀਂ ਪੁਜਦਾ, ਗੁਰਸੀਰ ਨੂੰ ਪ੍ਰਤਿ ਦਿਨ ਕਈ ਘੰਟੇ ਖੱਜਲ਼-ਖ਼ੁਆਰ ਕਰਦਾ ਹੈ। ਆਪਣੀ ਲਾਪਰਵਾਹੀ ਅਤੇ ਖ਼ੁੰਧਕ ਨਾਲ਼ ਓਵਰ-ਸਪੀਡ ਕਰ ਦੂਸਰੇ ਟਰੱਕਾਂ ਨੂੰ ਓਵਰਟੇਕ ਕਰਨ ਦੇ ਦੋਸ਼ ਵਜੋਂ ਪੁਲੀਸ ਵੱਲੋਂ ਕੀਤੇ 300 ਡਾਲਰ ਜੁਰਮਾਨੇ ਅਤੇ ਛੇ ਪੈਨਲਟੀ ਪੁਆਇੰਟਾਂ ਦਾ ਦੋਸ਼ ਵੀ ਉਹ ਗੁਰਸੀਰ ਸਿਰ ਮੜ੍ਹਦਾ ਹੈ। ਉਸਤਾਦ ਦੀ ਲਾਪਰਵਾਹੀ ਕਾਰਨ ਟਰੇਲਰ ਦੀਆਂ ਲਾਈਟਾਂ ਠੀਕ ਨਾ ਹੋਣ ਕਰ ਕੇ ਗੁਰਸੀਰ ਨੂੰ ਵੀ 180 ਡਾਲਰ ਦਾ ਚੂਨਾ ਲੱਗ ਜਾਂਦਾ ਹੈ। ਟਰੱਕ-ਮਾਲਕ ਸ਼ਮਿੰਦਰ ਹਿਸਾਬ ਕਰਦਿਆਂ ਗੁਰਸੀਰ ਦੀਆਂ ਬਣਦੀਆਂ ਮੀਲਾਂ ਵਿੱਚ ਹੇਰਾ-ਫੇਰੀ, ਟਰਾਲੇ ਦੇ ਨੁਕਸਾਨ ਦਾ ਹਰਜਾਨਾ, ਇਮੀਗ੍ਰੇਸ਼ਨ ਕਨਸਲਟੈਂਟ ਦੀ ਫ਼ੀਸ ਪਾ ਕੇ ਉਲਟਾ ਗੁਰਸੀਰ ਸਿਰ ਹਜ਼ਾਰ ਡਾਲਰ ਨਿੱਕਲਦੇ ਦਿਖਾਉਂਦਾ ਹੈ।

ਨਾਵਲ ਵਿੱਚ ਕੈਨੇਡਾ ਦੇ ਨੈਸ਼ਨਲ ਹਾਈਵੇ ਉੱਪਰ ਦਿਨ-ਰਾਤ ਚੱਲਦੇ ਟਰੱਕਾਂ, ਘਰੋਂ ਚੰਗੇ ਭਵਿੱਖ ਦੀ ਤਲਾਸ਼ ਵਿੱਚ ਤੁਰੇ, ਘਰ ਪਰਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਦਿਨ-ਰਾਤ ਇੱਕ ਕਰਦੇ, ਟੱਬਰ ਦੇ ਜੀਆਂ ਅਤੇ ਘਰ ਦੀਆਂ ਸੁਖ-ਸਹੂਲਤਾਂ ਤੋਂ ਦੂਰ, ਅੱਖਾਂ ’ਚ ਰਾਤਾਂ ਦਾ ਉਨੀਂਦਰਾ ਝੱਲਦੇ, ਟਰੱਕ-ਮਾਲਕਾਂ ਦੀਆਂ ਵਧੀਕੀਆਂ ਸਹਿੰਦੇ, ਬਰਫ਼ੀਲੇ ਮੌਸਮ ਵਿੱਚ ਮੌਤ ਦੀ ਘਾਟੀ ਵਰਗੇ ਖ਼ਤਰਨਾਕ ਰਾਹਾਂ ’ਤੇ ਰੋਟੀ-ਰੋਜ਼ੀ ਲਈ ਮਜਬੂਰ ਟਰੱਕ-ਚਾਲਕਾਂ ਦੀ ਜ਼ਿੰਦਗੀ ਦਾ ਭਰਪੂਰ ਵਰਣਨ ਮਿਲਦਾ ਹੈ। ਅਣਗਿਣਤ ਕੇਸ ਅਜਿਹੇ ਹੁੰਦੇ ਹਨ ਜਿੱਥੇ ਟਰੱਕ ਮਾਲਕਾਂ ਵੱਲੋਂ ਨਵੇਂ ਟਰੱਕ-ਚਾਲਕਾਂ ਨੂੰ ਲੋੜੀਂਦੀ ਟਰੇਨਿੰਗ, ਮੌਸਮ ਦੀ ਖ਼ਰਾਬੀ ਦੌਰਾਨ ਕੈਨੇਡਾ ਦੇ ਹਾਈਵੇ ਉੱਪਰ ਟਰੱਕ ਚਲਾਉਣ ਲਈ ਲੋੜੀਂਦੀ ਜਾਣਕਾਰੀ, ਤਿਆਰੀ ਅਤੇ ਟਰੇਨਿੰਗ ਨਹੀਂ ਦਿਤੀ ਜਾਂਦੀ। ਸਿੱਟੇ ਵਜੋਂ ਭਿਆਨਕ ਸੜਕ ਹਾਦਸੇ ਵਾਪਰਦੇ ਹਨ। ਅਪਰੈਲ 2018 ਵਿੱਚ ਜਸਕੀਰਤ ਸਿੰਘ ਸਿੱਧੂ ਨਾਂ ਦੇ ਇੱਕ ਅਣਟਰੇਂਡ ਟਰੱਕ ਡਰਾਈਵਰ ਨੇ ਸਸਕੈਚਵਨ ਦੇ ਇੱਕ ਹਾਈਵੇ ’ਤੇ ਲਗਾਤਾਰ ਸਟਾਪ ਸਾਈਨਾਂ ਦੀ ਉਲੰਘਣਾ ਕਰਦਿਆਂ ਟਰੱਕ ਇੱਕ ਬੱਸ ਉੱਤੇ ਚੜ੍ਹਾ ਦਿੱਤਾ ਸੀ ਜਿਸ ਵਿੱਚ 16 ਹਾਕੀ ਖਿਡਾਰੀ ਮਾਰੇ ਗਏ ਅਤੇ 13 ਹੋਰ ਜ਼ਖ਼ਮੀ ਹੋਏ। ਇੱਕ ਸੋਸ਼ਲ ਵਰਕਰ ਨੇ ਤਾਂ ਇਥੋਂ ਤੱਕ ਕਿਹਾ ਤੁਸੀਂ ਅਣਸਿੱਖਿਅਤ ਡਰਾਈਵਰਾਂ ਨੂੰ ਆਟੋਮੈਟਿਕ ਟਰੱਕਾਂ ’ਤੇ ਬਿਠਾ ਰਹੇ ਹੋ... ਮੈਂ ਇਸ ਨੂੰ ਸੜਕ ’ਤੇ ਕਤਲ ਕਹਿੰਦਾ ਹਾਂ। ਹਾਂ ਇਹ ਕਤਲ ਹੈ, ਜਿਸ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ। ਅਜਿਹੇ ਹੀ ਇੱਕ ਹਾਦਸੇ ਨਾਲ਼ ਨਾਵਲ ਦਾ ਆਰੰਭ ਹੁੰਦਾ ਹੈ ਜਦ ਗੁਰਸੀਰ ਦਾ ਜੀਜਾ ਕੈਨੇਡਾ ਦੇ ਹਾਈਵੇ ਉੱਪਰ ਟਰੱਕ ਉਲਟ ਜਾਣ ਕਰ ਕੇ ਲੱਗੀ ਅੱਗ ਕਾਰਨ ਥਾਏਂ ਹੀ ਮਾਰਿਆ ਜਾਂਦਾ ਹੈ।

ਕੈਨੇਡਾ ਵਿੱਚ ਪੱਕਾ ਹੋਣ ਦਾ ਦੂਸਰਾ ਜਰ੍ਹੀਆ ਹੈ ਇੰਡੀਆ ਵਿੱਚ ਪੜ੍ਹਾਈ ਵਿੱਚ ਚੰਗੇ ਬੈਂਡ ਲੈ ਕੇ ਜਾਂ ਕੈਨੇਡਾ ਦੀ ਸਰਕਾਰ ਤੋਂ ਮਨਜ਼ੂਰ-ਸ਼ੁਦਾ ਵਿਦਿਅਕ ਸੰਸਥਾਵਾਂ ਵਿੱਚ ਐਡਮਿਸ਼ਨ ਲੈ ਕੇ ਕੈਨੇਡਾ ਵਿੱਚ ਪੜ੍ਹਾਈ ਕਰ ਕੇ ਵਰਕ ਪਰਮਿਟ ਤੇ ਫਿਰ ਪੀ. ਆਰ. ਲੈ ਕੇ ਪੱਕਾ ਹੋਣਾ। ਇਸ ਕੈਟੇਗਰੀ ਵਿੱਚ ਕੈਨੇਡਾ, ਯੂ. ਐੱਸ. ਏ. ਅਤੇ ਆਸਟਰੇਲੀਆ ਤੋਂ ਬਾਅਦ ਵਿਸ਼ਵ ਪੱਧਰ ’ਤੇ ਤੀਜੇ ਸਥਾਨ ’ਤੇ ਹੈ। ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਦੀ ਗਿਣਤੀ ਪਿਛਲੇ ਇੱਕ ਦਹਾਕੇ ਦੌਰਾਨ ਤਿੰਨ ਗੁਣਾ ਵਧ ਕੇ 2019 ਵਿੱਚ 642,000 ਹੋ ਗਈ ਹੈ। ਕੈਨੇਡੀਅਨ ਵਿਦਿਅਕ ਸੰਸਥਾਵਾਂ ਆਪਣੇ ਵਧਦੇ ਓਪਰੇਟਿੰਗ ਖ਼ਰਚਿਆਂ ਵਾਸਤੇ ਫ਼ੰਡਾਂ ਦੀ ਪੂਰਤੀ ਲਈ ਅਤੇ ਆਪਣੇ ਆਪ ਨੂੰ ਵਿੱਤੀ ਤੌਰ @ਤੇ ਸਥਿਰ ਰੱਖਣ ਲਈ ਵਧੇਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਭਰਤੀ ਕਰਕੇ ਅਤੇ ਕੈਨੇਡਾ ਦੇ ਨਾਗਰਿਕ ਵਿਦਿਆਰਥੀਆਂ ਨਾਲ਼ੋਂ ਤਿੰਨ ਗੁਣਾ ਵੱਧ ਫ਼ੀਸ ਬਟੋਰ ਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਆਰਥਿਕ ਸ਼ੋਸ਼ਣ ਕਰ ਰਹੀਆਂ ਹਨ।

ਆਪਣੇ ਅਤੇ ਪਰਵਾਰ ਦੇ ਭਵਿੱਖ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅਤੇ ਸਫ਼ਲਤਾ ਦੀਆਂ ਪੌੜੀਆਂ ਚੜ੍ਹਨ ਲਈ ਸਭ ਕੁੱਝ ਦਾਅ ’ਤੇ ਲਾ ਕੇ ਕੈਨੇਡਾ ਵਰਗੇ ਦੇਸ਼ ਜਾਣ ਦੀ ਦੌੜ ਵਿੱਚ ਭਾਰਤ, ਖ਼ਾਸ ਤੌਰ ’ਤੇ ਪੰਜਾਬ ਸਭ ਦੇਸ਼ਾਂ ਨਾਲ਼ੋਂ ਮੋਹਰੀ ਹੈ। ਦੇਸ਼ ਅੰਦਰਲੀ ਘੋਰ-ਗ਼ਰੀਬੀ, ਬੇਰੁਜ਼ਗਾਰੀ, ਭ੍ਰਿਸ਼ਟ ਰਾਜਨੀਤੀ, ਡਰੱਗਜ਼, ਨਾਕਸ ਸਿੱਖਿਆ ਪ੍ਰਣਾਲ਼ੀ, ਜਗੀਰੂ ਸਭਿਆਚਾਰਕ ਕਦਰਾਂ-ਕੀਮਤਾਂ ਆਦਿ ਉਨ੍ਹਾਂ ਨੂੰ ਭਾਰਤ ਛੱਡ ਕੈਨੇਡਾ ਵਿੱਚ ਸੈੱਟ ਹੋਣ ਲਈ ਆਕ੍ਰਸ਼ਿਤ ਕਰਦੀ ਹੈ। ਕੈਨੇਡਾ ਸਰਕਾਰ ਦੇ ਅੰਕੜਿਆਂ ਅਨੁਸਾਰ 34% ਅੰਤਰਰਾਸ਼ਟਰੀ ਵਿਦਿਆਰਥੀ ਭਾਰਤ ਤੋਂ ਆਉਂਦੇ ਹਨ। ਇਸਦਾ ਵੱਡਾ ਕਾਰਨ ਅੰਗਰੇਜ਼ੀ-ਭਾਸ਼ਾ ਦੀ ਉੱਚ-ਪੱਧਰੀ ਸਿਖਲਾਈ ਅਤੇ ਵੱਡੀ ਮੱਧ-ਸ਼੍ਰੇਣੀ ਹੈ, ਜੋ ਭਾਰਤ ਤੋਂ ਆਉਣ ਵਾਲ਼ੇ ਅੰਤਰਰਾਸ਼ਟਰੀ ਵਿਦਿਆਰਥੀ ਨੂੰ ਕੈਨੇਡੀਅਨ ਵਿਦਿਅਕ ਸੰਸਥਾਵਾਂ ਦੁਆਰਾ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਵਾਸਤੇ ਯੋਗ ਬਣਾਉਂਦੀ ਹੈ। ਵਿਦੇਸ਼ੀ ਵਿਦਿਆਰਥੀਆਂ ਲਈ ਕੈਨੇਡਾ ਏਨਾ ਆਕ੍ਰਸ਼ਕ ਕਿਉਂ ਹੈ? ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ (ਸੀ.ਬੀ.ਆਈ.ਈ.) ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀ ਦੇਸ਼ ਦੀ ਸਿੱਖਿਆ ਦੀ ਉੱਚੀ ਕਵਾਲਿਟੀ ਦੇ ਨਾਲ਼-ਨਾਲ਼ ਇੱਕ ਬਹੁ-ਸਭਿਆਚਾਰਕ ਅਤੇ ਸਹਿਣਸ਼ੀਲ ਸਮਾਜ ਵਜੋਂ ਜਾਣੀ ਜਾਂਦੀ ਸਾਖ਼ ਕਰਕੇ ਕੈਨੇਡਾ ਦੀ ਚੋਣ ਕਰਦੇ ਹਨ। ਲਗਭਗ 60% ਅੰਤਰਰਾਸ਼ਟਰੀ ਵਿਦਿਆਰਥੀਆਂ ਆਪਣੀ ਪੜ੍ਹਾਈ ਤੋਂ ਬਾਅਦ ਕੈਨੇਡਾ ਦੇ ਸਥਾਈ ਵਸਨੀਕ ਬਣਨ ਵਿੱਚ ਦਿਲਚਸਪੀ ਰੱਖਦੇ ਹਨ। ਭਾਵੇਂ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡੀਅਨ ਵਿਦਿਆਰਥੀਆਂ ਨਾਲ਼ੋਂ ਵਧੇਰੇ ਟਿਊਸ਼ਨ ਅਦਾ ਕਰਦੇ ਹਨ, ਪਰ ਕੈਨੇਡਾ ਵਿੱਚ ਉਹਨਾਂ ਦੇ ਸਮੁੱਚੇ ਖ਼ਰਚੇ ਯੂ.ਐੱਸ.ਏ.,, ਆਸਟਰੇਲੀਆ, ਅਤੇ ਯੂ. ਕੇ. ਨਾਲ਼ੋਂ ਘੱਟ ਹਨ। ਇਸ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਕੈਨੇਡੀਅਨ ਡਾਲਰ ਅਮਰੀਕੀ ਡਾਲਰ, ਬ੍ਰਿਟਿਸ਼ ਪੌਂਡ ਅਤੇ ਯੂਰੋ ਨਾਲ਼ੋਂ ਕਮਜ਼ੋਰ ਹੈ। ਕੈਨੇਡੀਅਨ ਸਰਕਾਰ ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀ ਦੇਸ਼ ਦੀ ਆਰਥਿਕਤਾ ਵਿੱਚ ਸਾਲਾਨਾ ਲਗਭਗ 22 ਬਿਲੀਅਨ ਡਾਲਰ ਦਾ ਯੋਗਦਾਨ ਪਾਉਂਦੇ ਹਨ ਅਤੇ 170,000 ਤੋਂ ਵੱਧ ਜੌਬ ਵੇਕੈਂਸੀਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੇ ਹਨ।

ਦੂਸਰੀ ਕਹਾਣੀ ਕਰਨਵੀਰ ਨਾਂ ਦੇ ਪਾਤਰ ਦੀ ਹੈ ਜੋ ਚਾਰ ਸਾਲ ਪਹਿਲਾਂ ਸਪੇਨ ਵਿੱਚ ਪੜ੍ਹਾਈ ਕਰਨ ਲਈ ਆਇਆ ਸੀ, ਪਰ ਉਥੇ ਪਿੱਛੇ ਰਹਿ ਗਏ ਪਰਵਾਰ ਨੂੰ ਸਪਾਂਸਰ ਕਰਨ ਦੇ ਚਾਨਸ ਨਾ ਹੋਣ ਕਰ ਕੇ ਉਸਨੇ ਕੈਨੇਡਾ ਬਾਰੇ ਸੋਚਿਆ, ਇਸ ਕੰਮ ਲਈ ਉਸਦੇ ਆਪਣੇ ਚਚੇਰੇ ਭਰਾ ਨੇ ਵਿਜ਼ਿਟਰ ਦੇ ਤੌਰ ’ਤੇ ਕੈਨੇਡਾ ਬੁਲਾਇਆ ਹੋਇਆ ਸੀ। ਕੈਨੇਡਾ ਆਉਣ ਦਾ ਮਕਸਦ ਕਰਨਵੀਰ ਦੇ ਆਪਣੇ ਸ਼ਬਦਾਂ ਵਿੱਚ ਪੜ੍ਹਨ ਦਾ ਥੋਨੂੰ ਪਤਾ ਈ ਏ ਜੀ। ਪੜ੍ਹਨ ਥੋੜ੍ਹੋ, ਕੰਮ ਕਰਨ ਆਈਦਾ ਏ। ਕਰਜ਼ਾ ਲੈ ਕੇ ਆਇਆ ਸੀ। ਉਹ ਵੀ ਲਾਹੁਣਾ ਹੁੰਦਾ ਨਾ। ਪੀ. ਆਰ. ਲਈ ਕਰਨਵੀਰ ‘ਚਿੱਟੀ’ ਨਾਂ ਦੇ ਇਮੀਗ੍ਰੇਸ਼ਨ ਸਲਾਹਕਾਰ ਕੋਲ਼ ਜਾਂਦਾ ਹੈ ਜੋ ਉਸਦੀ ਸਪੇਨ ਵਿੱਚ ਕੀਤੀ ਪੜ੍ਹਾਈ ਤਸੱਲੀਬਖ਼ਸ਼ ਨਾ ਹੋਣ ਦੀ ਢੁੱਚਰ ਢਾਹੁੰਦਾ ਹੈ, ਅਤੇ ਕੈਨੇਡਾ ਵਿੱਚ LMIA ਜਰ੍ਹੀਏ ਟਰੱਕ ਡਰਾਈਵਰ ਦਾ ਵਰਕ ਪਰਮਿਟ ਦਿਵਾਉਣ ਲਈ ਮੂੰਹ ਪਾੜ ਕੇ 20,000 ਡਾਲਰ ਦੀ ਮੰਗ ਰੱਖਦਾ ਹੈ। ਟਰੱਕ ਦਾ ਲਾਈਸੈਂਸ ਲੈਣ ਤੋਂ ਪਹਿਲਾਂ ਕਾਰ ਦੇ ਲਾਈਸੈਂਸ ਲਈ ਉਸਨੂੰ ਇੱਕ ‘ਅੰਕਲ’ ਦੇ ਹਵਾਲੇ ਕਰ ਦਿੰਦਾ ਹੈ, ਜੋ ਰੋਡ ਟੈੱਸਟ ਦੇ 1,500 ਡਾਲਰ, ‘ਅੰਕਲ’ ਦੀ ਵੱਖਰੀ ਫ਼ੀਸ ਅਤੇ ਕਾਰ ਦੇ ਗੈਸ ਦੇ ਖਰਚੇ ਦੀ ਸ਼ਰਤ ਰੱਖ ਦਿੰਦਾ ਹੈ। ਭਾਰਤੀ ਲੋਕਾਂ ਨੇ ਕਾਰ ਅਤੇ ਟਰੱਕ ਡਰਾਈਵਿੰਗ ਸਕੂਲ ਕੈਨੇਡਾ ਦੇ ਸਭ ਵੱਡੇ ਛੋਟੇ ਸ਼ਹਿਰਾਂ ’ਚ ਖੋਲ੍ਹ ਰੱਖੇ ਹਨ। ‘ਸਿਰੇ ਸੱਟ ਡਰਾਈਵਿੰਗ ਸਕੂਲ’ ਵਾਲ਼ਾ ਦਰਸ਼ਨ ਟਰੱਕ ਦਾ ਲਾਈਸੈਂਸ ਦਿਵਾਉਣ ਲਈ ਰੋਡ ਟੈੱਸਟ ਦੇ 2,000 ਡਾਲਰ, ਪੂਰੀ ਕਮੀਨਗੀ ਨਾਲ਼ ‘ਆਪਣੀ ਦਿਹਾੜੀ’ ਦੀ ਵੱਖਰੀ ਫ਼ੀਸ ਅਤੇ ਕਾਰ ਦੇ ਗੈਸ ਦੇ ਖਰਚੇ ਦੀ ਸ਼ਰਤ ਰੱਖ ਦਿੰਦਾ ਹੈ। ਉਸਦੀ ਕਮੀਨਗੀ ਦੀ ਹੱਦ ਵੇਖੋ, ਕਰਨਵੀਰ ਨਾਲ਼ ਖਾਧੇ ਲੰਚ ਦੇ ਪੈਸੇ ਵੀ ਕਰਨਵੀਰ ਤੋਂ ਹੀ ਦਿਵਾਉਂਦਾ ਹੈ।

ਕਰਨਵੀਰ ਅਜੇ ਦੁਚਿੱਤੀ ਵਿੱਚ ਹੈ ਜਦ ਉਸਦੀ ਮੁਲਾਕਾਤ ਜੀਤੀ ਨਾਲ਼ ਹੁੰਦੀ ਹੈ, ਜੋ ਸਟੂਡੈਂਟ ਵੀਜ਼ੇ ਉੱਪਰ ਪੜ੍ਹਾਈ ਕਰਨ ਦੇ ਨਾਲ਼ ‘ਝਾਂਜਰ ਵਿਆਹ ਭਵਨ’ ਬੈਂਕੁਇਟ ਹਾਲ ਵਿੱਚ ਕੈਸ਼ ’ਤੇ ਪਾਰਟ-ਟਾਈਮ ਸਰਵਰ ਦਾ ਕੰਮ ਕਰਦੀ ਹੈ। ਇਹ ਇੰਟਰਨੈਸ਼ਨਲ ਵਿਦਿਆਰਥੀ, ਜਿਨ੍ਹਾਂ ਨੇ ਇੰਡੀਆ ਵਿੱਚ ਮਾਪਿਆਂ ਦੇ ਸਿਰ ’ਤੇ ਸਭ ਸੁਖ-ਸਹੂਲਤਾਂ ਮਾਣੀਆਂ ਹੁੰਦੀਆਂ ਹਨ ਇਥੇ ਆਪਣਾ ਖਰਚਾ ਚਲਾਉਣ ਲਈ ਸਰਕਾਰ ਵੱਲੋਂ ਨਿਸ਼ਚਿਤ ਵੀਹ ਤੋਂ ਕਿਤੇ ਵੱਧ ਘੰਟੇ ਗ਼ੈਰ-ਕਾਨੂੰਨੀ ਢੰਗ ਨਾਲ਼ ਬੈਂਕੁਇਟ ਹਾਲਾਂ, ਗੈਸ-ਸਟੇਸ਼ਨਾਂ, ਗਰੋਸਰੀ ਸਟੋਰਾਂ, ਪੀਜ਼ਾ-ਸ਼ਾਪਾਂ, ਬਰਗਰ ਪਾਰਲਰਾਂ, ਸਕਿਉਰਿਟੀ, ਕੈਫ਼ੇ, ਊਬਰ ਟੈਕਸੀ ਚਾਲਕ, ਆਦਿ ਕੰਮ ਕਰਨ ਲਈ ਮਜਬੂਰ ਹੁੰਦੇ ਹਨ। ਸੁਪਨਿਆਂ ਦੇ ਦੇਸ਼ਾਂ ਵਿੱਚ ਜਾ ਕੇ ਜ਼ਮੀਨੀ ਹਕੀਕਤਾਂ ਨਾਲ਼ ਵਾਹ ਪੈਂਦਾ ਹੈ, ਜਿੱਥੇ ਉਨ੍ਹਾਂ ਨੂੰ ਇਮੀਗ੍ਰੇਸ਼ਨ ਏਜੰਟਾਂ ਦੀਆਂ ਧੋਖਾਧੜੀਆਂ; ਨਾਕਸ ਆਨ-ਲਾਈਨ ਪੜ੍ਹਾਈ; ਫ਼ਰਜ਼ੀ ਕਾਲਜਾਂ; ਮਹਿੰਗੀਆਂ ਫ਼ੀਸਾਂ; ਮਾਲਕ-ਮਕਾਨਾਂ ਵੱਲੋਂ ਮਹਿੰਗੇ ਰਿਹਾਇਸ਼ੀ ਸੁਈਟ, ਅਣਮਨੁੱਖੀ ਵਰਤਾਉ ਤੇ ਕੁੱਝ ਕੇਸਾਂ ਵਿੱਚ ਸਰੀਰਕ ਤੇ ਮਾਨਸਿਕ ਸ਼ੋਸ਼ਣ; ਭਾਰਤੀ ਭਾਈਚਾਰੇ ਦੇ ਕੁੱਝ ਹਿੱਸਿਆਂ ਵੱਲੋਂ ਤ੍ਰਿਸਕਾਰ; ਕੱਚੇ ਹੋਣ ਕਾਰਨ ਡਿਪੋਰਟ ਹੋਣ ਦਾ ਡਰ; ਪੱਕੇ ਹੋਣ ਕਈ ਨਾਗਰਿਕਤਾ ਲੈਣ ਦਾ ਫ਼ਿਕਰ; ਘੱਟ ਉਜਰਤ ਤੇ ਵਾਫਰ ਕੰਮ; ਸਿਹਤ ਲਈ ਮਾਰੂ-ਖ਼ਤਰੇ ਵਾਲ਼ੇ ਕੰਮ; ਇਕੱਲੇਪਣ; ਮਾਨਸਿਕ ਤਣਾਅ; ਉਦਾਸੀ, ਅਤੇ ਸਿੱਟੇ ਵਜੋਂ ਖ਼ੁਦਕਸ਼ੀਆਂ ਆਦਿ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੀਤੀ ਦੀ ਸਲਾਹ ਨਾਲ਼ ਉਸਦੀ ਦੀ ਸੁਪਰਵਾਈਜ਼ਰ ਰਾਹੀਂ ਕਰਨਵੀਰ ਦੀ ਮੁਲਾਕਾਤ ਬੈਂਕੁਇਟ ਹਾਲ ਦੇ ਮਾਲਕ ਰਜਿੰਦਰ ਨਾਲ਼ ਹੁੰਦੀ ਹੈ। ਗੱਲਬਾਤ ਦੌਰਾਨ ਰਜਿੰਦਰ ਇਸ ਗ਼ੈਰ-ਕਾਨੂੰਨੀ ਧੰਦੇ ਦੀ ਪੇਚੀਦਗੀ ਬਾਰੇ ਦੱਸਦਾ ਹੈ ...ਅਸੀਂ ਰਿਸਕ ਵੀ ਤਾਂ ਲੈਂਦੇ ਆਂ। ਜੇ ਫੜ੍ਹੇ ਗਏ ਜੁਰਮਾਨਾ ਹੋਵੇਗਾ। ਬਿਜ਼ਨੈੱਸ ਲਾਈਸੈਂਸ ਰੱਦ ਹੋ ਸਕਦਾ। ਖਰਚੇ ਬਹੁਤ ਆ ਜਾਂਦੇ ਆ LMIA ਅਪਰੂਵ ਕਰਵਾਉਣ ਲਈ। ਜੌਬਾਂ ਦੀ ਫ਼ੇਕ ਐਡਵਰਟਾਈਜ਼ਮੈਂਟ। ਦੋਹਰੀ ਅਕਾਊਂਟਿੰਗ। ਬਹੁਤ ਜੱਭ ਕਰਨੇ ਪੈਂਦੇ ਆ।... ਏਥੇ ਵਿਜ਼ਿਟਰ ਆਇਆਂ ਨੂੰ ਪੱਕਾ ਕਰਾਉਣ ਦਾ ਨਵਾਂ ਤਰੀਕਾ ਹੈ। ਦੋਹਾਂ ਧਿਰਾਂ ਨੂੰ ਈ ਫ਼ਾਇਦੈ। ਗ਼ਲਤ ਤਾਂ ਹੈ ਜੇ ਡਾਲਰ ਵੀ ਲੈ ਲਈਏ ਤੇ ਪੱਕੇ ਵੀ ਨਾ ਕਰਾਈਏ। ਸੌਦਾ ਹੈ ਇਹ। ਅੱਜ-ਕੱਲ੍ਹ ਦਾ ਟਰੈਂਡ।... ਮਾਲਕ ਰਜਿੰਦਰ ਕਰਨਵੀਰ ਤੋਂ LMIA ਰਾਹੀਂ ਸ਼ੈੱਫ਼ ਵਜੋਂ ਵਰਕ ਪਰਮਿਟ ਲਈ 40,000 ਡਾਲਰ ਮੰਗਦਾ ਹੈ। ਕਰਨਵੀਰ ਮੁੜ ਚਿੱਟੀ ਕੋਲ਼ ਜਾਣ ਲਈ ਮਜਬੂਰ ਹੈ, ਜਿਸ ਨੇ 20,000 ਡਾਲਰ ਦੀ ਸ਼ਰਤ ਰੱਖੀ ਸੀ। ਫਿਰ ਚਿੱਟੀ ਕਰਨਵੀਰ ਨੂੰ ਬੀ. ਸੀ. ਵਿੱਚ ਤੁਰੰਤ ਕੰਮ ਦਿਵਾਉਣ ਦੇ 5,000 ਡਾਲਰ ਵੱਖਰੇ ਮੰਗਦਾ ਹੈ।

ਨਾਵਲ ਵਿੱਚਲੇ ਬਾਕੀ ਪਾਤਰ - ਗੁਰਸੀਰ ਦੇ ਭਰਾ ਬਲਵੀਰ, ਗੁਰਸੀਰ ਦੀ ਪਤਨੀ ਅਮ੍ਰਿਤ ਆਦਿ ਦੇ ਸ਼ੋਸ਼ਣ ਦੀ ਕਹਾਣੀ ਵੀ ਨਾਵਲ ਵਿੱਚ ਗੁੰਦੀ ਗਈ ਹੈ। ਗੁਰਸੀਰ ਤੇ ਕਰਨਵੀਰ ਆਪਣਾ ਸੰਘਰਸ਼ ਕ੍ਰਮਵਾਰ ਵੈਨਕੂਵਰ ਅਤੇ ਟੋਰਾਂਟੋ ਤੋਂ ਆਰੰਭ ਕਰਦੇ ਹਨ, ਪਰ ਨਾਵਲ ਦੇ ਆਖ਼ਰੀ ਕਾਂਡ ਵਿੱਚ ਇਹ ਦੋਨੋ ਇਕੋ ਮਾਲਕ ਦੇ ਟਰੱਕ-ਚਾਲਕ ਬਣ ਜਾਂਦੇ ਹਨ। ਨਾਵਲਕਾਰ ਨੇ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਭਾਵੇਂ ਵੈਨਕੂਵਰ ਹੋਵੇ ਜਾਂ ਟੋਰਾਂਟੋ, LMIA ਵਾਲ਼ਾ ਲੁੱਟ-ਧੰਦਾ ਹਰ ਛੋਟੇ ਵੱਡੇ ਕਸਬਿਆਂ ਤੇ ਸ਼ਹਿਰਾਂ ਵਿੱਚ ਪਸਰਿਆ ਹੋਇਆ ਹੈ। ਕੈਨੇਡਾ ਵਿੱਚ LMIA ਦੇ ਵਿਆਪਕ ਵਿਸ਼ੇ ’ਤੇ ਲਿਖੀ ਗਈ ਸ਼ਾਇਦ ਇਹ ਪਹਿਲੀ ਗਲਪ ਰਚਨਾ ਹੈ, ਇਸ ਕਰ ਕੇ ਨਾਵਲਕਾਰ ਨੂੰ ਵਧਾਈ ਅਤੇ ਸ਼ਾਬਾਸ਼ ਦੇਣੀ ਤਾਂ ਬਣਦੀ ਹੀ ਹੈ। ਇਸ ਵਿਸ਼ੇ ’ਤੇ ਹੋਰ ਗਲਪ ਰਚਨਾਵਾਂ ਅਤੇ ਲੇਖ ਲਿਖੇ ਜਾਣ ਦੀ ਗੁੰਜਾਇਸ਼ ਹੈ। ਨਾਵਲ ਪਾਠ ਸਮੇਂ ਕੁੱਝ ਕੁ ਉਕਾਈਆਂ ਮੇਰੇ ਨੋਟਿਸ ਵਿੱਚ ਆਈਆਂ ਹਨ, ਅਤੇ ਕੁੱਝ ਸੁਝਾਅ ਮੈਂ ਆਪਣੀ ਤੁੱਛ ਬੁੱਧੀ ਮੁਜਬ ਮਾਰਕ ਕਰ ਕੇ ਨਾਵਲਕਾਰ ਦੇ ਧਿਆਨਗੋਚਰ ਕੀਤੇ ਹਨ। ਉਮੀਦ ਕਰਦਾ ਹਾਂ ਕਿ ਭਵਿੱਖ ਵਿੱਚ ਛਪਣ ਵਾਲ਼ੇ ਐਡੀਸ਼ਨਾਂ ਵਿੱਚ ਨਾਵਲਕਾਰ ਵੱਲੋਂ ਇਨ੍ਹਾਂ ’ਤੇ ਢੁਕਵਾਂ ਗ਼ੌਰ ਕੀਤਾ ਜਾਵੇਗਾ।

ਖੇਤਾਂ ਦੇ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ
ਐਬਸਫੋਰਡ ਵਿਖੇ ਖੇਤਾਂ ਦੇ ਵਿੱਚ ਕੰਮ ਕਰਨ ਲਈ ਖੇਤੀਬਾੜੀ ਦੇ ਸ਼ੌਕੀਨਾਂ ਲਈ ਵਧੀਆ ਡਾਲਰ ਕਮਾਉਣ ਦਾ ਮੌਕਾ ਹੈ ।
GL ਫਾਰਮ ਅਤੇ ਨਰਸਰੀ ਵਾਸਤੇ ਬੀ ਸੀ
ਐਬਸਫੋਰਡ ਵਿੱਚ ਵਰਕਰਾਂ ਦੀ ਜਰੂਰਤ ਹੈ ।
ਹੋਰ ਜਾਣਕਾਰੀ ਲਈ ਫੋਨ ਕਰੋ।
Call: 604 308 3513, 604 825 2536

ਟਰੱਕ ਡਰਾਈਵਰਾਂ ਲਈ ਖ਼ੁਸ਼ਖ਼ਬਰੀ
ਕੰਮ ਤੋਂ ਬਾਦ ਆਪਣੇ ਟਰੱਕ ਨੂੰ ਰਾਤ ਸਮੇਂ ਕਿਸੇ ਸੁਰੱਖਿਅਤ ਯਾਰਡ ਵਿੱਚ ਹੀ ਪਾਰਕ ਕਰਨਾ ਚਾਹੁੰਦੇ ਹੋ।
ਰੇਟ ਵੀ ਸਸਤਾ ਹੋਵੇ
ਤੁਹਾਡੇ ਕੰਮ ਸ਼ੁਰੂ ਕਰਨ ਵਾਲੇ ਏਰੀਆ ਦੇ ਨੇੜੇ ਹੋਵੇ
ਗਰੈਵਲ ਟਰੱਕ 125 ਡਾਲਰ
ਟਰੈਕਟਰ 100 ਡਾਲਰ
ਫਲੀਟ ਲਈ ਚੰਗੇ ਰੇਟ
ਮਿਲ ਸਕਦੇ ਹਨ ਅਸੀਂ ਵਾਅਦਾ ਕਰਦੇ
ਹਾਂ ਜਦੋਂ ਤੁਸੀਂ ਸਾਨੂੰ ਕਾਲ ਕਰੋਂਗੇ ਤਾਂ ਕੈਲਗਰੀ ਵਿੱਚ
ਤੁਹਾਡੇ ਟਰੱਕ ਨੂੰ ਸੁਰੱਖਿਅਤ ਪਾਰਕਿੰਗ ਮਿਲ ਜਾਵੇਗੀ
ਈਸਟਹਿੱਲ ਸਟੋਰੇਜ ਹੁਣ ਖੁੱਲ ਗਿਆ ਹੈ
ਕਾਲ ਕਰੋ: ਜੌਹਨ 403 618 3076
EAST HILLS STORAGE

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।

ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:

Sandeep Pandher
MANAGER
at 403-999-2500







# 'ਨਾਂ ਉਏ ਬਾਂਸਲ ਜੀਹਨੇ ਔਖਾ ਟੈਮ ਦੇਖਿਐ ਸੌਖੇ ਦੀ ਹੱਕਦਾਰ ਵੀ ਉਹੀ ਐ

ਮੇਰਾ ਵਾਹ ਸ਼ੁਰੂ ਤੋਂ ਹੀ ਕਲਾ ਨਾਲ ਰਿਹੈ, ਮੇਰਾ ਇੱਕ ਗਾਇਕ ਮਿੱਤਰ ਸੀ,ਜੋ ਗੁੰਮਨਾਮੀ ਤੇ ਗੁਰਬਤ ਦੀ ਦਲਦਲ 'ਚੋਂ ਨਿੱਕਲ ਕੇ ਨਾਮੀ ਤੇ ਪੂੰਜੀਪਤੀ ਬਣ ਗਿਆ। ਇੱਕ ਦਿਨ ਗੱਲਾਂ ਕਰਦੇ ਕਰਦੇ ਸੱਜਣਾ ਬੇਲੀਆਂ ਦੀਆਂ ਚੁਗਲੀਆਂ ਸ਼ੁਰੂ ਹੋ ਗਈਆਂ ਕਿ ਯਾਰ ਉਹ ਦੇਖ ਹੁਣ ਉਹ ਫਲਾਣਾ ਹਿੱਟ ਹੋ ਗਿਆ ਹਿੱਟ ਹੋਕੇ ਘਰਵਾਲੀ ਛੱਡ ਕੇ ਹੁਣ ਉਹ ਫਲਾਣੀ ਦੇ ਮਗਰ ਲੱਗਿਆ ਫਿਰਦੈ ਤਾਂ ਉਸਨੇ ਇਕ ਗੱਲ ਸੁਭਾਵਕ ਹੀ ਕਹੀ।

'ਨਾਂ ਉਏ ਬਾਂਸਲ ਜੀਹਨੇ ਔਖਾ ਟੈਮ ਦੇਖਿਐ ਸੌਖੇ ਦੀ ਹੱਕਦਾਰ ਵੀ ਉਹੀ ਐ, ਉਏ ਇਹਨੇ ਪੁੱਤ ਦਿੱਤੇ, ਪੱਤ ਦਿੱਤੀ ਐ, ਸਾਰੀ ਉਮਰ ਰਸੋਈ 'ਚ ਭਾਂਡੇ ਮਾਂਜਦੀ ਨੇ ਕੱਢ ਲੀ, ਜੇ ਚਾਰ ਪੈਸੇ ਆਗੇ ਤੇ ਸਾਡੀ ਮਸ਼ਹੂਰੀ ਜੀ ਦੇਖ ਚਾਰ ਬਾਹਰ ਆਲੀਆਂ ਸਾਨੂੰ ਫੋਨ ਫੂਨ ਜੇ ਕਰਕੇ ਮਿੱਠੀਆਂ ਮਾਰਦੀਐਂ ਇਹਦਾ ਮਤਲਬ ਅਸੀਂ ਆਹ ਦੇਵੀਆਂ ਤੋਂ ਕਿਨਾਰਾ ਈ ਕਰ ਲੀਏ,ਧਰਕਾਰ ਐ ਯਾਰ ਅਜਿਹੇ ਲੋਕਾਂ ਤੇ ਉਸਨੇ ਇੱਕ ਕਵਿਤਾ ਨੁਮਾ ਗੱਲ ਸੁਣਾਈ

ਅੱਜ ਬਹੁਤ ਹੈਰਾਨ ਮੈਂ ਹੋਇਆ, ਅੱਜ ਬਹੁਤ ਪ੍ਰੇਸ਼ਾਨ ਮੈਂ ਹੋਇਆ
ਲੋਕੀ ਜੋ ਮੈਨੂੰ ਫੂਕਣ ਆਏ,
ਉਹਨਾਂ ਵਿੱਚ ਕੁੱਝ ਜੀਵਨ ਦਾਤਾ,
ਉਹਨਾਂ ਵਿੱਚ ਹੀ ਕੁੱਝ ਹਤਿਆਰੇ
ਸਭ ਤੋਂ ਵੱਧ ਮੇਰੀ ਅੰਮੜੀ ਰੋਈ,ਉਹ ਵੀ ਰੋਕੇ ਚੁੱਪ ਸੀ ਹੋਈ।
ਬਾਪੂ ਵੀ ਕੀ ਕਰੇ ਵਿਚਾਰਾ,ਕਹਿੰਦਾ ਮੇਰਾ ਗਿਆ ਸਹਾਰਾ।
ਵੱਡੀ ਭੈਣ ਮੇਰੀ ਨੇ ਆਕੇ,ਪਿੱਟ ਪਿੱਟ ਕੇ ਸੀ ਅੱਥਰੂ ਕੇਰੇ।
ਆਖਰ ਉਹ ਵੀ ਛੱਡ ਕੇ ਤੁਰ ਗਈ,ਨਾਲ ਜੀਹਦੇ ਉਹਨੇ ਲਏ ਸੀ ਫੇਰੇ।
ਅੱਜ ਇਹਨੂੰ ਕੀ ਹੋਇਐ ?ਵਾਂਗ ਸ਼ੁਦਾਈਆਂ ਘੁੰਮਦੀ ਫਿਰਦੀ।
ਲਾਸ਼ ਮੇਰੀ ਤੋਂ ਚੁੱਕ ਕੇ ਕੱਪੜਾ,ਵਾਰ ਵਾਰ ਕਿਉਂ ਚੁੰਮਦੀ ਫਿਰਦੀ।
ਇਹ ਓਹੀ ਐ
ਜੋ ਨਿੱਤ ਮੇਰੇ ਨਾਲ ਲੜਦੀ ਸੀ।
ਲੜਕੇ ਸੀ ਤੁਰ ਜਾਂਦੀ ਪੇਕੇ
ਅੱਜ ਪਤਾ ਨੀ ਕਿਉਂ
ਲਾਸ਼ ਮੇਰੀ ਨੂੰ ਵਾਰ ਵਾਰ ਇਹ ਮੱਥਾ ਟੇਕੇ।

ਮੈਂ ਮੰਨਦਾ ਕਿ ਇਨਸਾਨ ਗਲਤੀਆਂ ਦਾ ਪੁਤਲਾ ਐ, ਤੇ ਮਨੁੱਖੀ ਜਾਮੇ ਵਿੱਚ ਕੋਈ ਵੀ ਸੰਪੂਰਨ ਨਹੀਂ ਪਰ ਉਹਦੀ ਗੱਲ ਮੈਨੂੰ ਬਾਰ ਬਾਰ ਚੇਤੇ ਆ ਜਾਂਦੀ ਐ। ਦਿੱਲੀ ?ਵਾਲਾ ਸੰਜੀਵ ਆਨੰਦ ਦਿੱਲੀ ਦਾ ਖਾਸਾ ਅਮੀਰ ਵਪਾਰੀ ਐ। ਪਰ ਮੈਂ ਉਹਦਾ ਜ਼ਿਕਰ ਇਸ ਕਰਕੇ ਕਰ ਰਿਹਾ ਹਾਂ ਕਿ ਆਪਣੀ ਮਾਂ ਬੋਲੀ ਨੂੰ ਸਮਰਪਿਤ ਐ ਤੇ ਸਿਰੇ ਦਾ ਗੀਤਕਾਰ ਐ। ਗੀਤਕਾਰ ਵੀ ਐਸਾ ਐ ਕਿ ਫੋਕੀ ਸ਼ੋਹਰਤ ਲਈ ਇੱਕ ਵੀ ਬੌਨੀ ਗੱਲ ਨਹੀਂ ਕਰਦਾ ਉਹਦਾ ਇੱਕ ਵੀ ਗੀਤ ਅਜਿਹਾ ਨਹੀਂ ?ਜੀਹਦੇ ਵਿੱਚ ਕੋਈ ਸੁਨੇਹਾ ਨਾ ਹੋਵੇ। ਚਮਚਾਗਿਰੀ ਮੇਰੀ ਫਿਤਰਤ ਵਿੱਚ ਨਹੀਂ ਤੇ ਨਾ ਹੀ ਜ਼ਿੰਦਗੀ 'ਚ ਮੈਂ ਕਿਸੇ ਦੀ ਚਮਚਾਗਿਰੀ ਕੀਤੀ ਐ ਭਾਵੇਂ ਅੰਬਾਨੀ ਹੀ ਕਿਉਂ ਨਾ ਹੋਵੇ। ਹਾਂ ਕੋਈ ਚੰਗਾ ਸ਼ਾਇਰ ਗੀਤਕਾਰ ਹੋਵੇ ਤਾਂ ਭਾਵੇਂ ਉਹ ਲਾਹੌਰ ਦੀ ਫੁੱਟਪਾਥ ਤੇ ਬਹਿ ਕੇ ਜੁੱਤੀਆਂ ਗੰਢਦਾ ਹੋਵੇ, ਗੱਲ ਮੈਨੂੰ ਜੱਚ ਜੇ ਫੇਰ ਨਾ ਤਾਂ ਮੈਂ ਫੋਨ ਕਰੇ ਬਿਨਾਂ ਤੇ ਨਾ ਲਿਖੇ ਬਿਨਾਂ ਰਹਿ ਸਕਦਾ ਹਾਂ।

ਅੱਜ ਮੈਂ ਸੰਜੀਵ ਆਨੰਦ ਦੇ ਇੱਕ ਉਸ ਗੀਤ ਦੀ ਗੱਲ ਕਰ ਰਿਹਾ ਹਾਂ, ਜਿਸਨੂੰ ਮਾਸਟਰ ਸਲੀਮ ਨੇ ਆਵਾਜ਼ ਦਿੱਤੀ ਐ ਤੇ ਸੰਗੀਤ ਸਮਰਾਟ ਚਰਨਜੀਤ ਆਹੂਜਾ ਜੀ ਨੇ ਸੰਗੀਤਬੱਧ ਕੀਤੈ, ਪਰ ਐਡੇ ਵੱਡੇ ਗਾਇਕ ਤੇ ਸੰਗੀਤਕਾਰ ਦੇ ਬਾਵਜੂਦ ਉਹ ਸੁਣਿਆ ਕਿਸੇ ਨੇ ਨਹੀਂ, ਇਹਦਾ ਇਕੋ ਈ ਕਾਰਨ ਸੀ ਕਿ ਸੰਜੀਵ ਨੇ ਇਸ ਗੀਤ ਨੂੰ ਜੀਹਦੇ ਵਾਸਤੇ ਲਿਖਿਆ ਸੀ ਉਸ ਨੇ ਸੁਣ ਲਿਆ ਹੋਰਾਂ ਨੂੰ ਸੁਣਾਉਣ ਦੀ ਜ਼ਰੂਰਤ ਈ ਨਹੀਂ

" ਕਮਲ ਆਨੰਦ" ਉਹਦੀ ਜ਼ਿੰਦਗੀ ਦੀ ਹਮਸਫਰ ਦਾ ਨਾਮ ਹੈ, ਸੰਜੀਵ ਨੇ ਆਪਣੀ ਜ਼ਿੰਦਗੀ ਦੀ ਜਿਲਦਬੰਦੀ ਦੇ ਪੱਚੀਵੇਂ ਵਰ੍ਹੇ ਵਾਲੇ ਦਿਨ ਜੀਹਨੂੰ ਅੰਗਰੇਜ਼ੀ ਵਿੱਚ ਮੈਰਿਜ ਐਨਵਰਸਰੀ ਵੀ ਕਹਿੰਦੈ ਐ ਇਸ ਦਿਨ ਤੇ ਆਪਣੀ ਜੀਵਨ ਸਾਥਣ "ਕਮਲ" ਨੂੰ ਇਹ ਗੀਤ ਸਮਰਪਿਤ ਕੀਤਾ ਸੀ, ਗੀਤ ਪੜ੍ਹ ਵੀ ਲਵੋ ਤੇ ਕਦੀ ਯੂ ਟਿਊਬ ਉਪਰੋਂ ਸੁਣ ਵੀ ਲੈਣਾ।

ਪੀਰਾਂ ਦੀਆਂ ਅਸੀਸਾਂ ਵਰਗੀ
ਹਾੜ ਦੀ ਧੁੱਪੇ, ਬੋਹੜ ਦੀ ਛਾਂ ਏ
'ਕਮਲ' ਮੇਰੇ ਲਈ ਰੱਬ ਦਾ ਨਾਂ ਏ
ਸ਼ੁਰੂ ਸ਼ੁਰੂ ਵਿੱਚ ਜਦ ਸੌਖੇ ਨਹੀਂ ਸੀ ,ਅੱਧੀ ਮਿਲ ਗਈ ਅੱਧੀ ਖਾ ਲਈ
ਕਈ ਵਾਰੀ ਤਾਂ ਗੱਲਾਂ ਕਰਦੇ ,ਭੁੱਖਿਆਂ ਬਹਿ ਕੇ ਰਾਤ ਲੰਘਾ ਲਈ
ਹੱਸ ਕੇ ਕਹਿਣਾ "ਵਕਤ ਪਵੇ ਜੇ ਪਿਆਰ ਪਰਖਿਆ ਜਾਂਦਾ ਤਾਂ ਏ"
ਪੀਰਾਂ ਦੀਆਂ ਅਸੀਸਾਂ ਵਰਗੀ ----------------

ਫਿਰ ਦਸ ਸਾਲ ਔਲਾਦ ਨਹੀਂ ਸੀ,ਆਈਆਂ ਮੁੜ ਕੇ ਔਖੀਆਂ ਘੜੀਆਂ
ਜਿਸ ਨੂੰ ਜਿੰਨਾ ਮੌਕਾ ਮਿਲਿਆ,ਕੀਤੀਆਂ ਸਭ ਨੇ ਗੱਲਾਂ ਬੜੀਆਂ
ਅੱਜ ਉਹ ਸਿਦਕ ਸਚਾਈ ਸਦਕਾ ਦੋ ਸੋਹਣੇ ਬੱਚਿਆਂ ਦੀ ਮਾਂ ਏ
ਪੀਰਾਂ ਦੀਆਂ ਅਸੀਸਾਂ ਵਰਗੀ ------

ਸਮਾਂ ਬਦਲਿਆ ਰਹਿਮਤ ਹੋਈ,ਰੱਬ ਕੀਤਾ ਦਿਨ ਚੰਗੇ ਆਏ
ਕੁੱਲੀ ਵੇ ਦੇ ਦਿੱਤੀ ਮੌਲਾ,ਕੁੱਲੀ ਦੇ ਵਿੱਚ ਭਾਗ ਵੀ ਲਾਏ
ਜਦੋਂ ਰਸੋਈ ਵੱਲ ਮੈਂ ਦੇਖਾਂ, ਇਹ ਓਸੇ ਦੀ ਓਸੇ ਥਾਂ ਏ
ਪੀਰਾਂ ਦੀਆਂ ਅਸੀਸਾਂ ਵਰਗੀ ---------

ਇਹੋ ਰਹੇ ਸਾਦਗੀ ਤੇਰੀ, ਕਹੇ 'ਸੰਜੀਵ' ਮੈਂ ਚਾਹੁੰਦਾ ਵੀ ਆਂ
ਪਰ ਲੋਕਾਂ ਦੇ ਰੰਗ ਦੇਖਕੇ,ਪਿਆਰ ਨਾਲ ਸਮਝਾਉਂਦਾ ਵੀ ਆਂ
ਤੇਰੀ ਸੋਚ ਹੈ ਹੋਰ ਕਮਲੀਏ ,ਦੁਨੀਆਂ ਤੁਰਦੀ ਹੋਰ ਤਰਾਂ ਏ,
ਕਮਲ ਮੇਰੇ ਲਈ ਰੱਬ ਦਾ ਨਾਂ ਏ ------

ਦੋਸਤੋ ਮੈਨੂੰ ਇਹ ਗੀਤ ਨਹੀਂ ਬਲਕਿ ਜ਼ਿੰਦਗੀਨਾਮਾਂ ਈ ਜਾਪਿਆ, ਅਮ੍ਰਿਤਾ ਪ੍ਰੀਤਮ ਦੇ ਕਹਿਣ ਵਾਂਗੂੰ 'ਰਸੀਦੀ ਟਿਕਟ' ਤੇ ਲਿਖੀ ਆਤਮ ਕਥਾ, ਮੈਂ ਸੰਜੀਵ ਆਨੰਦ ਦਾ ਇਹ ਗੀਤ ਸੁਣ ਕੇ ਠਠੰਬਰ ਗਿਆ, ਲਿਖੇ ਬਿਨਾਂ ਰਹਿ ਨਾ ਸਕਿਆ , ਸੋਚਣ ਲਈ ਮਜਬੂਰ ਹੋ ਗਿਆ ਕਿ ਗੀਤ ਦਾ ਵਿਸ਼ਾ ਆਹ ਵੀ ਹੋ ਸਕਦੈ? ਕਿਉਂਕਿ ਬੜੀ ਦੇਰ ਹੋ ਗਈ ਮੈਂ ਇੱਕ ਕਵਿਤਾ ਪੜ੍ਹੀ ਸੀ

" ਮੇਰੀ ਘਰ ਵਾਲੀ ਨੂੰ ਗਿਲ੍ਹਾ ਹੈ ਕਿ
ਮੈਂ ਉਸਤੇ ਕਦੇ ਕੋਈ ਕਵਿਤਾ ਨਹੀਂ ਲਿਖੀ
ਪਰ ਉਹ ਭੋਲੀ ਐ
ਉਹ ਨਹੀਂ ਜਾਣਦੀ ਕਿ
ਘਰ ਵਾਲੀ ਤੇ ਕਵਿਤਾ ਨਹੀਂ ਲਿਖੀ ਜਾਂਦੀ "

ਮੇਰੀਆਂ ਅੰਦਰੂਨੀ ਭਾਵਨਾਵਾਂ ਤਾਂ ਇਹੀ ਸਨ ,ਉਪਰੋਕਤ ਲਿਖਿਆ ਪੜਨ ਉਪਰੰਤ ਤੁਹਾਡੀਆਂ ਭਾਵਨਾਵਾਂ ਕੀ ਹੋ ਸਕਦੀਆਂ ਹਨ ਇਹ ਤਾਂ ਤੁਸੀਂ ਹੀ ਜਾਣਦੇ ਹੋ ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਸੰਘੇ ਨੇ ਦੋ ਥਾਂਈਂ ਸਿੰਗ ਫਸਾਏ ਹੋਏ ਸੀ



ਗੱਲ 1977-78 ਦੀ ਐ। ਉਸ ਟਾਇਮ ਗੁਰੂ ਨਾਨਕ ਕਾਲਜ ਮੋਗੇ ਪੜ੍ਹਨ ਦੇ ਨਾਲ ਮੈਂ ਕਾਲਜ ਦੀ ਕਬੱਡੀ ਟੀਮ ਦਾ ਵੀ ਮੈਂਬਰ ਸੀ। ਕਨੇਡਾ ਆਉਣ ਦੇ ਚਾਅ ਚ ਵਿਆਹ ਵੀ ਵੀਹ ਕੁ ਸਾਲ ਦੀ ਉਮਰ ਚ ਹੋ ਗਿਆ ,ਜਦੋਂਕਿ ਮੈਂ ਅਜੇ ਵੀ ਕਾਲਜ ਵਿੱਚ ਹੀ ਸੀ॥ ਉਸ ਟਾਇਮ ਦੋ ਕੁ ਜਾਣਿਆਂ ਨੇ ਆਈ ਟੀ ਆਈ ਮੋਗਾ ਚ ਐਡਮਿਸ਼ਨ ਲੈ ਲਈ। ਉਹਨਾਂ ਚ ਇੱਕ ਖੋਸਿਆਂ ਵਾਲਾ ਗਾਂਧੀ ਵੀ ਸੀ। ਇੱਕ ਨੱਥੂਆਲੇ( ਗਰਭੀ) ਦਾ ਦਿਲਬਾਗ ਵੀ ਸੀ। ਉਹ ਮੈਨੂੰ ਜਦੋਂ ਵੀ ਮਿਲਿਆ ਕਰਨ, ਕਿਹਾ ਕਰਨ "ਹੁਣ ਤੇਰਾ ਤਾਂ ਤੋਪਾ ਭਰਿਆ ਗਿਆ, ਤੂੰ ਤਾਂ ਕਨੇਡੇ ਉਠ ਜਾਣਾ ਐ,ਪੜ੍ਹ ਕੇ ਕੀ ਲੈਣਾ, ਆ ਜਾ ਆਈ ਟੀ ਆਈ ਚ ਉਥੇ ਕਬੱਡੀ ਦੀ ਟੀਮ ਬਣਾਉਨੇ ਆਂ"। ਉਦੋਂ ਕਿਹੜਾ ਉਥੇ ਕੰਪਿਊਟਰ ਸਿਸਟਮ ਸੀ ਵਈ ਰਿਕਾਰਡ ਕਿੱਥੇ ਬੋਲਦਾ ਐ! ਮੈਂ ਵੀ ਉਹਨਾਂ ਦੇ ਕਹੇ ਸੁਣੇ ਮੰਨ ਗਿਆ। ਕਾਲਜ ਦੇ ਨਾਲ-ਨਾਲ ਆਈ ਟੀ ਮੋਗਾ ਵਿੱਚ ਪਲੰਬਰ ਟਰੇਡ ਚ ਐਡਮਿਸ਼ਨ ਕਰਾ ਦਿੱਤੀ। ਪਲੰਬਰ ਆਲੇ ਚ ਤਾਂ ਕਰਾ ਤੀ ਕਿ ਪਲੰਬਰ ਆਲਾ ਇੰਸਟਰੱਕਟਰ ਭਾਟੀਆ ਛੜਾ ਬੰਦਾ ਸੀ,ਮੁੰਡੇ ਉਹਨੂੰ ਕੁੜੀ ਮਿਲਾਉਣ ਦਾ ਬਹਾਨਾ ਲਾ ਕੇ ਐਵੇਂ ਬਜ਼ਾਰ ਚ ਘੱਲ ਦਿੰਦੇ ਸੀ ਤੇ ਆਪ ਮਗਰੋਂ ਖੜਮਸਤੀਆਂ ਕਰਦੇ ਰਹਿੰਦੇ ਸੀ। ਉਸ ਵੇਲੇ ਆਈ ਟੀ ਆਈ ਚ ਇਉਂ ਸੀ ਕਿ ਕਲਾਸ ਚੋਂ ਜਿਸ ਕੋਲ ਸਪੋਰਟਸ ਸਰਟੀਫਿਕੇਟ ਸਭ ਤੋਂ ਜਿਆਦਾ ਹੋਣ ਉਸ ਨੂੰ ਆਈ ਟੀ ਆਲੇ ਵਜੀਫਾ ਲਾ ਦਿੰਦੇ ਸੀ।( ਮੇਰੇ ਕੋਲ ਤਾਂ ਮਿਡਲ ਸਕੂਲ ਤੋਂ ਲੈ ਕੇ ਸਰਟੀਫਿਕੇਟ ਇਕੱਠੇ ਕੀਤੇ ਹੋਏ ਸੀ। ਸ਼ਾਇਦ ਵਜੀਫੇ ਦੀ ਥਾਂ ਕੁਝ ਹੋਰ ਕਹਿੰਦੇ ਹੋਣਗੇ। ਮੈਨੂੰ ਪੱਕਾ ਤਾਂ ਯਾਦ ਨਹੀਂ ਕਿ ਵਜੀਫੇ ਦੇ ਕਿੰਨੇ ਕੁ ਰੁਪਈਏ ਪਰ ਮਹੀਨਾ ਮਿਲਦੇ ਸੀ, ਸ਼ਾਇਦ 50-60 ਰੁਪਏ ਪਰ ਮਹੀਨਾ ਦੇ ਨੇੜ ਤੇੜ ਸੀ ।ਇੰਸਟਰੱਕਟਰ ਰਾਹੀਂ ਉਹ 50-60 ਰੁਪਏ ਮੈਨੰ ਹਰੇਕ ਮਹੀਨੇ ਜੇਬ ਖਰਚੇ ਜੋਗੇ ਮਿਲ ਜਾਂਦੇ ਸੀ। ਹਣ ਆਈ ਟੀ ਆਈ ਚ ਤਾਂ ਦਾਖਲਾ ਕਬੱਡੀ ਖੇਡਣ ਨੂੰ ਲਿਆ ਸੀ,ਉਧਰ ਗੁਰੂ ਨਾਨਕ ਕਾਲਜ ਚ ਵੀ ਦਾਖਲਾ ਬਰਾਬਰ ਸੀ। ਤਾਹੀਂ ਆਈ ਟੀ ਆਈ ਦਾ ਦਾਖਲਾ ਘਰ ਦਿਆਂ ਨੂੰ ਵੀ ਨਹੀਂ ਸੀ ਦੱਸਿਆ। ਆਈ ਟੀ ਆਈ ਦੀ ਕਬੱਡੀ ਦੀ ਟੀਮ ਤਾਂ ਬਣ ਗਈ। ਜਦੋਂ ਫਿਰੋਜ਼ਪੁਰ ਚ ਸਾਰੀਆਂ ਆਈ ਟੀ ਆਈਆਂ ਦੇ ਮੈਚ ਹੋਏ ਤਾਂ ਅੱਗੋਂ ਡਰੋਲੀ ਆਲਾ ਗਰੇਵਾਲ ( ਅਜਮੇਰ) ਫਿਰੋਜ਼ਪੁਰ ਦੀ ਆਈ ਟੀ ਆਈ ਦੀ ਟੀਮ ਚ ਲੀੜੇ ਲਾਹੀ ਖੜਾ।ਇਹ ਇੱਕ ਹੋਰ ਸਟੋਰੀ ਐ,ਫੇਰ ਕਿਤੇ ਸਹੀ!!

ਹੁਣ ਛੇ ਸੱਤ ਮਹੀਨਿਆਂ ਚ ਮੇਰਾ ਕਨੇਡਾ ਆਉਣ ਦੀ ਤਰੀਕ ਆਗੀ। ਨਾ ਈ ਮੈਂ ਆਈ ਟੀ ਆਈ ਆਲਿਆਂ ਨੂੰ, ਤੇ ਨਾ ਹੀ ਕਾਲਜ ਆਲਿਆਂ ਨੂੰ ਕੁੱਝ ਦੱਸਿਆ, ਯਾਰ ਤਾਂ ਕਨੇਡੇ ਪਹੁੰਚਗੇ। ਜਦੋਂ ਮੈਨੂੰ ਸਾਲ ਕੁ ਕਨੇਡਾ ਆਏ ਨੂੰ ਹੋਇਆ ਤਾਂ ਪਿੰਡੋਂ ਘਰ ਦਿਆਂ ਦੀ ਚਿੱਠੀ ਆਈ ਕਿ "ਤੂੰ ਤਾਂ ਸਾਨੂੰ ਦੱਸਿਆ ਈ ਨਹੀਂ ਕਿ ਤੈਨੂੰ ਆਈ ਟੀ ਆਈ ਆਲੇ ਵਜੀਫਾ ਦਿੰਦੇ ਸੀ"। ਆਈ ਟੀ ਆਈ ਦਾ ਕੋਈ ਨੁਮਾਇੰਦਾ ਘਰੇ ਆ ਕੇ ਸਾਰੇ ਸਾਲ ਦੇ ਪੈਸੇ ਇਕੱਠੇ ਕਰ ਕੇ ਘਰੇ ਫੜਾ ਗਿਆ ਕਿ "ਆਹ ਥੋਡੇ ਮੁੰਡੇ ਦੇ ਵਜੀਫੇ ਦੇ ਪੈਸੇ ਐ, ਉਹ ਲੈਣ ਈ ਨਹੀ ਆਇਆ "। ਭਾਂਡਾ ਫੁੱਟ ਗਿਆ। ਘਰ ਦੇ ਹੈਰਾਨ ਸੀ ਕਿ ਪੜਦਾ ਗੁਰੂ ਨਾਨਕ ਕਾਲਜ ਚ ਸੀ । ਆਹ ਆਈ ਟੀ ਆਈ ਦਾ ਵਜੀਫਾ!!!!! ਗੁਰੂ ਨਾਨਕ ਕਾਲਜ ਚ ਵੀ ਕਬੱਡੀ ਆਲਿਆਂ ਦਾ ਅੱਧਾ ਕਨਸੈਸ਼ਨ( ਫੀਸ) ਮਾਫ ਹੁੰਦਾ ਸੀ। ਘਰੋਂ ਫੀਸ ਵੀ ਲੈ ਜਾਣੀ ਤੇ ਚਾਹ ਪਾਣੀ ਜੋਗੇ ਪੈਸੇ ਵੀ, ਪਰ ਆਹ ਆਈ ਟੀ ਆਈ ਦੇ ਪੈਸਿਆਂ ਨੇ ਮੇਰੀ ਚੰਗੀ ਲਾਹ ਪਾਹ ਕਰਾਈ!!!!!

(ਜੋਗਿੰਦਰ ਸੰਘਾ ਕੈਲਗਰੀ ਦੀ ਫੇਸਬੁੱਕ ਉੱਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )

# ਉਹ ਵੇਲਾ ਯਾਦ ਕਰ






**ਹੋਈ ਹੈ ਨੇੜਤਾ ਜਿਉਂ ਜਿਉਂ ਦਿਲਾਂ 'ਚ ਫਾਸਲਾ ਹੋਇਆ**
**ਅਜੋਕੇ ਦੌਰ ਵਿੱਚ ਇਹ ਕਿਸ ਤਰ੍ਹਾਂ ਦਾ ਹਾਦਸਾ ਹੋਇਆ**
**ਹਨੇਰਾ ਹੁੰਦਾ ਗਿਆ ਹਰ ਪਲ ਘਰਾਂ ਅੰਦਰ**
**ਬਨੇਰੇ ਆਪਣੇ ਤੇ ਸਾਥੋਂ ਨਾ ਦੀਵਾ ਜਗਾ ਹੋਇਆ।**
(ਹਰਦਮ ਮਾਨ)

ਕਈ ਸਾਲ ਹੋਏ, ਮੇਰੇ ਸਹਿਕਰਮੀ ਡਾ. ਗੁਰਦੇਵ ਸਿੰਘ ਇੱਕ ਵਾਰੀ ਬਠਿੰਡੇ ਵਾਲੀ ਗੱਡੀ ਲੈਣ ਪਟਿਆਲਾ ਰੇਲਵੇ ਸਟੇਸ਼ਨ ਤੇ ਪੁੱਜੇ ਤਾਂ ਪਤਾ ਲੱਗਾ ਕਿ ਧੁੰਦ ਕਰ ਕੇ ਗੱਡੀ ਇੱਕ ਘੰਟਾ ਲੇਟ ਆਉਣੀ ਸੀ। ਸਾਰਾ ਪਲੇਟਫਾਰਮ ਦੂਰ ਤਕ ਖਾਲੀ ਪਿਆ ਸੀ। ਫੇਰ ਪ੍ਰੋਫੈਸਰ ਨੂੰ ਝਉਲਾ ਪਿਆ ਜਿਵੇਂ ਦੂਰ ਧੁੰਦਲਕੇ ਵਿਚ ਸਾਡੇ ਹੀ ਵਿਭਾਗ ਦਾ ਇੱਕ ਪੁਰਾਣਾ ਵਿਦਿਆਰਥੀ ਪਰੇਸ਼ਾਨ ਜਿਹਾ ਹੋਇਆ ਧਰਤੀ ਵੱਲ ਝਾਕਦਾ ਏਧਰ ਓਧਰ ਗੇੜੇ ਮਾਰ ਰਿਹਾ ਸੀ। ਉਹ ਪੂਰਾ ਤਿਆਰ ਸੂਟ-ਬੂਟ ਪਾਈ ਨਾਭੀ ਪੱਗ ਨਾਲ ਜਚ ਰਿਹਾ ਸੀ। ਪ੍ਰੋਫੈਸਰ ਨੇ ਕੋਲ ਜਾ ਕੇ ਉਸ ਨੂੰ ਸਿਆਣ ਕੇ ਹਾਕ ਮਾਰੀ ਤਾਂ ਉਸ ਨੇ ਪੈਰੀਂ ਹੱਥ ਲਾਏ। ਉਹ ਦੋਵੇਂ ਬਾਹਰਲੀ ਦੁਕਾਨ 'ਤੇ ਚਾਹ ਪੀਣ ਜਾ ਬੈਠੇ। ਮੁੰਡੇ ਦੀ ਉਦਾਸੀ ਦੇਖ ਕੇ ਪ੍ਰੋਫੈਸਰ ਨੇ ਪੁੱਛਿਆ - ਕੀ ਗੱਲ ਅੱਜ ਤੂੰ ਫੌਮ ਵਿਚ ਨਹੀਂ ਲਗਦਾ, ਕੋਈ ਪਰੇਸ਼ਾਨੀ ਹੈ ? ਮੈਂ ਕੁੱਝ ਕਰ ਸਕਦਾਂ ? ਮੋਢੇ ਤੇ ਰੱਖੇ ਹਮਦਰਦ ਹੱਥ ਨਾਲ ਮੁੰਡੇ ਦੇ ਅੰਦਰਲਾ ਪੰਘਰ ਤੁਰਿਆ। ਉਹ ਦੋਵੇਂ ਹੱਥਾਂ ਵਿਚ ਆਪਣਾ ਮੂੰਹ ਲੈ ਕੇ ਭੁੱਬਾਂ ਮਾਰਨ ਲੱਗਾ ਕਹਿਣ ਲੱਗਾ, 'ਸਰ ਮੈਂ ਤਾਂ ਏਸ ਗੱਡੀ ਹੇਠ ਸਿਰ ਰੱਖਣ ਆਇਆ ਸੀ, ਤੁਸੀਂ ਬਚਾ ਲਿਆ।' ਪ੍ਰੋਫੈਸਰ ਨੇ ਉਸ ਨੂੰ ਪਲੋਸ ਕੇ ਘਰ ਭੇਜ ਦਿੱਤਾ ਤੇ ਵੇਲਾ ਟਲ ਗਿਆ।

ਕਿਸੇ ਮਨ ਅੰਦਰਲਾ ਸੱਖਣ ਜਦੋਂ ਘੁਣ ਬਣ ਕੇ ਟੁਕਦਾ ਮਨ ਨੂੰ ਥੋਥਾ, ਖੋਖਲਾ ਜਾਂ ਅਰਥਹੀਣ ਕਰਨ ਲੱਗੇ ਤਾਂ ਦੁਨੀਆਂ ਦੇ ਸਭ ਰੌਣਕ ਮੇਲੇ ਖੁਰ ਜਾਂਦੇ ਹਨ। ਮਨੋਵਿਗਿਆਨੀ ਦਸਦੇ ਹਨ ਆਉਂਦੇ ਸਮੇ ਵਿਚ ਦੁਨੀਆਂ ਦੀ ਅੱਧੀ ਆਬਾਦੀ ਇਸ ਲਪੇਟ ਵਿਚ ਆ ਜਾਣ ਦਾ ਖ਼ਦਸ਼ਾ ਹੈ। ਆ ਰਹੀ ਪਨੀਰੀ ਸਕਰੀਨ ਦੀ ਦੁਨੀਆਂ ਹਵਾਲੇ ਰੁੱਝੀ ਦੁਆਲੇ ਵਿਚਰਦੇ ਲੋਕਾਂ ਤੋਂ ਟੁਟਦੀ ਜਾ ਰਹੀ ਹੈ। ਜੇ ਉਨ੍ਹਾਂ ਨੂੰ ਕੁਛ ਚਿਰ ਲਈ ਕੋਈ ਗੱਲ ਕਰਨੀ ਪੈ ਜਾਏ ਤਾਂ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ, ਖਿਝ ਚੜ੍ਹਨ ਲਗਦੀ ਹੈ, ਛੇਤੀ ਚਿੜੀ-ਪੂੰਝਾ ਛੁਡਾਉਣ ਦੀ ਕਾਹਲ ਪਸਰਦੀ ਹੈ। ਗੱਲਾਂ ਸੁੰਗੜ ਰਹੀਆਂ ਹਨ। ਜੇ ਅਜਿਹੇ ਸਮੇ ਜ਼ਿੰਦਗੀ ਦੀ ਕੋਈ ਤਲਖੀ ਛਿਲਤਰ ਬਣ ਕੇ ਆ ਚੁਭੇ, ਉਸ ਬਾਰੇ ਗੱਲ ਸਾਂਝੀ ਕਰਨ ਲਈ ਲੋਕਾਂ ਨੂੰ ਛਾਂਟਦਿਆਂ ਕੋਈ ਰੂਹ ਦੇ ਮੇਚ ਦਾ ਨਜ਼ਰ ਹੀ ਨਹੀਂ ਆਉਂਦਾ। ਆਪਣੇ ਆਪ ਨਾਲ ਖਹੁਝਲਦੇ ਉਹ ਲੋਕ ਛੇਤੀ ਹੀ ਮੌਤ ਨੂੰ ਮਾਸੀ ਕਹਿ ਤੁਰਦੇ ਹਨ। ਇਸ ਬੀਮਾਰੀ ਦਾ ਵੱਡਾ ਕਾਰਨ ਦੁਆਲੇ ਵਸਦੀ ਦੁਨੀਆਂ ਤੋਂ ਉਪਰਾਮਤਾ, ਬੇਗਾਨਗੀ ਜਾਂ ਬੇ-ਰੁਖੀ ਹੈ। ਦੂਜਾ ਲਾਲਸਾਵਾਂ ਦਾ ਖਿਲਾਰਾ ਵੀ ਬਲਦੀ ਤੇ ਤੇਲ ਪਾ ਰਿਹਾ ਹੈ। ਅਸੀਂ ਤਾਂ ਛੋਟੇ ਹੁੰਦੇ ਕੌਲੀ ਚਮਚੇ ਦੇ ਸੰਗੀਤ ਸੁਣ ਕੇ ਹੀ ਵਿਰ ਜਾਂਦੇ ਸਾਂ ਪਰ ਅੱਜ ਖਿਡੌਣਿਆਂ ਦੇ ਢੇਰ ਤੇ ਵੀ ਬੈਠਾ ਬੱਚਾ 'ਬੋਰ' ਹੋ ਜਾਂਦਾ ਹੈ। ਮਾਪੇ ਪੂਰੇ ਰੁੱਝੇ ਹੋਣ ਕਰ ਕੇ ਬੁੱਕਲ ਦਾ ਨਿੱਘ ਘੱਟ ਦੇ ਰਹੇ ਹਨ। ਹਰ ਖੇਤਰ ਵਿਚ ਮੁਕਾਬਲਾ ਹੀ ਕਾਰਨ ਹੈ। ਕਿਸੇ ਹੋਰ ਦੀ ਪ੍ਰਾਪਤੀ ਵੀ ਸਾਨੂੰ ਧੁਰ ਅੰਦਰ ਤਕ ਵਿਆਕੁਲ ਕਰੀ ਰਖਦੀ ਹੈ। ਸੁਹਿਰਦ ਭਾਵਨਾਵਾਂ, ਮੋਕਲੀਆਂ ਸੋਚਾਂ ਜਾਂ ਮੋਹ-ਵੰਤੀਆਂ ਯਾਦਾਂ ਸਮੇਟ ਕੇ ਝੋਲੀ ਭਰਨ ਜੋਗੀ ਫੁਰਸਤ, ਰੁਚੀ ਜਾਂ ਸਮਰੱਥਾ ਹੀ ਨਹੀਂ ਰਹੀ। ਇੱਕ ਹੋਰ ਕਾਰਣ ਕਿਸੇ ਵੀ ਆਸਥਾ ਤੋਂ ਵਿਰਵੇ ਹੋ ਜਾਣਾ ਹੈ। ਹੋਰ ਪ੍ਰਾਪਤੀਆਂ ਮਗਰ ਦੌੜਦੇ ਕਿਸੇ ਇੱਕ ਤੇ ਸ਼ਰਧਾ ਵਾਲੀ ਭਾਵਨਾ ਸੀਨੇ ਵਿੱਚੋਂ ਖਿਸਕ ਚੁੱਕੀ ਹੈ।


ਰਬ ਨੂੰ ਉਲਾਂਭਾ ਸਿਰਜਣ ਜੋਗੀ ਵੀ ਸ਼ਰਧਾ ਨਹੀਂ ਬਚੀ। ਸਭ ਵਿਸ਼ਵਾਸ ਸੰਤੋਖ ਧਰਿਆ ਹੈ। ਬੇਸਬਰੇਪਣ ਨੇ ਸਾਨੂੰ ਭੁੱਖ ਨਹੀਂ ਸਗੋਂ ਹਾਬੜਾ ਲਗਾ ਦਿੱਤਾ ਹੈ। ਨਿੱਕੇ ਨਿੱਕੇ ਵੇਰਵੇ ਸਾਨੂੰ ਪੋਂਹਦੇ ਨਹੀਂ। ਜਿਸ ਕਿਸਾਨ ਨੂੰ ਬਾਬਾ ਨਾਨਕ ਨੇ 'ਰੱਖ ਗਰੀਬੀ ਵੇਸ' ਕਿਹਾ ਸੀ ਉਹ ਵੀ ਦੁਆਲੇ ਦੀ ਹੋਰ ਧੁਨ ਸੁਣਦਾ ਆਪਣੀ ਮੋਕਲੀ ਸੋਚ ਅਤੇ 'ਰੁੱਖਾਂ ਦੀ ਜੀਰਾਂਦ' ਨੂੰ ਗੰਵਾ ਕੇ ਟਾਹਣ ਨਾਲ ਝੂਟ ਜਾਂਦਾ ਹੈ। ਦੁੱਖਾਂ ਨੂੰ 'ਚਲ ਹੋਊ ਪਰੇ' ਨਹੀਂ ਕਰਦਾ। ਅਸੀਂ ਨਾ-ਸ਼ੁਕਰੇ ਹੋ ਕੇ ਆਪਣੀ ਔਕਾਤ ਤੋਂ ਵੱਧ ਸੁਪਨੇ ਪਸਾਰ ਕੇ ਹੋਰਨਾ ਦੀ ਪ੍ਰਾਪਤੀ ਨੂੰ ਘਰ ਦੇ ਅੰਦਰ ਵੱਲ ਦੇ ਖੋਲ ਵਿਚ ਕੈਦ ਹੋ ਰਹੇ ਹਾਂ। ਇਸ ਸਾਰੇ ਝਮੇਲੇ ਤੋਂ ਬਚਣ ਲਈ ਦੋਸਤਾਂ ਮਿੱਤਰਾਂ ਜਾਂ ਆਲੇ ਦੁਆਲੇ ਵਿਚਰਦੇ ਲੋਕਾਂ ਨਾਲ ਰਾਬਤਾ ਨਾ ਕੱਟਿਆ ਜਾਵੇ ਤਾਂ ਠੀਕ ਰਹਾਂਗੇ। ਹੋਰਨਾਂ ਨਾਲੋਂ ਤੰਦਾਂ ਨਾ ਕੱਟੀਆਂ ਜਾਣ। ਕਈ ਮਖੌਟਿਆਂ ਅੰਦਰ ਪਲਦੀ ਦੇਹੀ ਤੋਂ ਬੰਦਾ ਅੱਕ ਕੇ ਨਿਜਾਤ ਪਾਉਣ ਵੱਲ ਉਲਾਰ ਹੋ ਜਾਂਦਾ ਹੈ। ਓਪਰੀ ਖ਼ੁਸ਼ੀ ਨਾਲ ਅੰਦਰੋਂ ਮੋਰ ਮਰ ਜਾਂਦੀ ਹੈ। ਢਹਿੰਦੀ ਕਲਾ ਵਾਲੀ ਸੋਚ ਜਾਂ ਨਾਂਹ-ਪੱਖੀ ਸੋਚ ਭਾਰੂ ਹੋ ਜਾਂਦੀ ਹੈ। ਕੋਈ ਖ਼ੁਸ਼ੀ ਰੂਹ ਤਕ ਨਾ ਪੁੱਜ ਕੇ ਸਾਵੀਂ ਤ੍ਰਿਪਤੀ ਦਾ ਘਰ ਊਣਾ ਹੀ ਕਰੀ ਰਖਦੀ ਹੈ। ਬਸ ਇਸੇ ਊਣ ਨੂੰ ਪੂਰ ਕਰਨ ਵਿਚ ਹੀ ਮੋਹਲਤ ਪੁਗਾ ਜਾਂਦੇ ਹਾਂ।

**ਕਿਸ ਤਰ੍ਹਾਂ ਦੀ ਪਿਆਸ ਹੈ ਇਸ ਆਦਮੀ ਦੀ ਐ ਖ਼ੁਦਾ**
**ਇਹ ਤਾਂ ਨਦੀਆਂ ਪੀ ਕੇ ਵੀ ਅੰਤ ਨੂੰ ਤਰਿਹਾਇਆ ਗਿਆ।**
**(ਬਰਜਿੰਦਰ ਚੁਹਾਨ)**

# ਊਠ ਬਹੁਤ ਵੈਰ ਖੋਰਾ ਹੁੰਦਾ ਹੈ ਜ਼ਿਆਦਾ ਵਿਗੜਿਆ ਊਠ "ਨਿਓਲ" ਨਾਲ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ




95691-49556
ਸ੍ਰੀ ਮੁਕਤਸਰ ਸਾਹਿਬ






ਇੱਕੀਵੀਂ ਸਦੀ ਵਿੱਚ ਆ ਕੇ ਬਹੁਤ ਕੁੱਝ ਬਦਲ ਚੁੱਕਿਆ ਹੈ, ਬਦਲਾਅ ਕੁਦਰਤ ਦਾ ਨੇਮ ਹੈ,ਹਰ ਇਨਸਾਨ ਨੂੰ ਇਸ ਮੁਤਾਬਕ ਢਲਣਾ ਪੈਂਦਾ ਹੈ,ਜੋ ਨਹੀਂ ਢਲਦਾ ਉਸ ਨੂੰ ਪਿਛੜੇ ਪਣ ਦਾ ਤਖੱਲਸ ਵੀ ਅਜੋਕੇ ਦੌਰ ਵਿੱਚ ਦਿੱਤਾ ਜਾਂਦਾ ਹੈ,ਸੋ ਆਪਾਂ ਨੂੰ ਇਸ ਨਵੇਂ ਸਮੇ ਵਿੱਚ ਢਲਣ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ,ਢਲ ਹੀ ਜਾਣਾ ਚਾਹੀਦਾ ਹੈ

ਪਰ ਪੁਰਾਤਨ ਵਿਰਸੇ ਜਾਂ ਪੁਰਾਤਨ ਸਮਿਆਂ ਦੀ ਗੱਲ ਕਰਨੀ ਕੋਈ ਗੁਨਾਹ ਵੀ ਨਹੀਂ ਹੁੰਦੀ,ਓਹ ਗੱਲ ਵੱਖਰੀ ਹੈ ਕਿ ਕੋਈ ਇਸ ਚੀਜ਼ ਨੂੰ ਵਧੀਆ ਵੀ ਸਮਝਦਾ ਹੋਵੇਗਾ ਚੰਦ ਕੁ ਬੰਦੇ ਇਹ ਵੀ ਸੋਚਦੇ ਹੋਣਗੇ ਕਿ ਕੀ ਲੈਣਾ ਹੈ ਹੁਣ ਇਹੋ ਜਿਹੀਆਂ ਗੱਲਾਂ ਬਾਤਾਂ ਤੋਂ,ਖੈਰ ਮੈਂ ਵੀ ਮਜਬੂਰ ਹੀ ਹਾਂ ਇਸ ਕਾਰਜ ਤੋਂ ਜੋ ਅਕਸਰ ਪੁਰਾਣੀਆਂ ਗੱਲਾਂ ਬਾਤਾਂ ਕਰਦਾ ਰਹਿੰਦਾ ਹਾਂ, ਜੇਕਰ ਇਸ ਕਾਰਜ ਵਿੱਚ ਤਸਵਿੰਦਰ ਵੜੈਚ ਦਿਵਾਲੇ ਵਾਲੇ ਦਾ ਜ਼ਿਕਰ ਨਾ ਕਰਾਂਗਾ ਤਾਂ ਮੈਂ ਸਮਝਦਾ ਹਾਂ ਕਿ ਇਹ ਮੇਰੀ ਲੇਖ ਰੂਪੀ ਗੱਲ ਅਧੂਰੀ ਰਹਿ ਜਾਣੀ ਆਂ, ਕਿਉਂਕਿ ਓਹ ਆਪਣੇ ਵਿਰਾਸਤੀ ਮਿਊਜਮ ਵਿੱਚੋਂ ਇਹੋ ਜਿਹੀਆਂ ਚੀਜ਼ਾਂ ਵਿਖਾਉਂਦਾ ਰਹਿੰਦਾ ਹੈ ਤੇ ਮੈਂ ਆਪਣੇ ਮਨ ਦੇ ਵਲਵਲੇ ਓਸ ਫੋਟੋ ਦੇ ਮੁਤਾਬਕ ਲਿਖਣਾ ਆਪਣਾ ਫਰਜ਼ ਵੀ ਸਮਝਦਾ ਹਾਂ ਅਤੇ ਡਿਊਟੀ ਵੀ। ਸ਼ਾਬਾਸ਼ ਤਸਵਿੰਦਰ ਵੜੈਚ ਦੇ ਜਿਸ ਨੇ ਮੈਨੂੰ ਆਪਦੀ ਸਾਂਝੀ ਕੀਤੀ ਤਸਵੀਰ ਤੇ ਲਿਖਣ ਨੂੰ ਮਨਾਂ ਵੀ ਨਹੀਂ ਕੀਤਾ,ਇਹ ਓਹਦਾ ਵੱਡਾ ਪਣ ਹੈ, ਬੇਸ਼ੱਕ ਮੈਂ ਅੱਜ ਤੱਕ ਤਸਵਿੰਦਰ ਵੜੈਚ ਦਿਵਾਲੇ ਵਾਲੇ ਨੂੰ ਮਿਲਿਆ ਤੱਕ ਨਹੀਂ ਹਾਂ,ਪਰ ਓਹ ਮੈਨੂੰ ਉਸਤਾਦ ਜੀ ਕਹਿ ਕੇ ਸੰਬੋਧਨ ਹੁੰਦਾ ਹੈ,ਇਹੀ ਉਸ ਦਾ ਵੱਡਾ ਪਣ ਹੈ, ਜਦੋਂ ਮੈਂ ਫੋਨ ਤੇ ਓਹਦੇ ਨਾਲ ਗੱਲ ਕੀਤੀ ਤਾਂ ਇਸੇ ਨਿਓਲ ਅਤੇ ਊਠ ਦੇ ਸੁਭਾਅ ਬਾਰੇ ਜ਼ਿਕਰ ਕਰਦਿਆਂ ਓਸ ਨੇ ਆਪਣੇ ਹੀ ਘਰ ਦੀ ਆਪਣੀ ਦਾਦੀ ਦੀ ਊਠ ਦੇ ਇਸ ਖੋਰ ਵਾਲੇ ਸੁਭਾਅ ਬਾਰੇ ਦੱਸਿਆ ਕਿ ਮੇਰੀ ਦਾਦੀ ਵੀ ਊਠ ਨੇ ਹੀ ਮਾਰੀ ਸੀ, ਇਸੇ ਤਰ੍ਹਾਂ ਓਸ ਦੇ ਪਿੰਡ ਦੀਵਾਲਾ ਜੋ ਕਿ ਖੰਨਾ ਸਮਰਾਲਾ ਰੋਡ ਤੇ ਸਥਿਤ ਹੈ ਓਸੇ ਹੀ ਪਿੰਡ ਦੇ ਇੱਕ ਬਾਈ ਦੀ ਮੌਤ ਵੀ ਊਠ ਦੇ ਅੜੀਅਲ ਸੁਭਾਅ ਕਰਕੇ ਹੀ ਚੱਭਾ ਮਾਰਨ ਤੇ ਹੋਈ ਸੀ, ਬਹੁਤ ਬੁਰੀ ਖਬਰ ਸੁਣੀ ਤਸਵਿੰਦਰ ਤੋਂ ਇਸੇ ਤਰ੍ਹਾਂ ਦੀਆਂ ਇੱਕ ਨਹੀਂ ਸੈਂਕੜੇ ਉਦਾਹਰਣਾਂ ਹੋਣਗੀਆਂ ਪੰਜਾਬ ਦੀਆਂ। ਖੈਰ ---

ਇਹ ਤਸਵੀਰ ਊਠ ਦੇ ਪੈਰੀਂ ਪਾਉਣ ਵਾਲੀ (ਨਿਊਲ)ਦੀ ਜੋ ਪਿੰਡ ਦੀਵਾਲਾ ਵਿਖੇ ਓਹਦੇ ਮਿਊਜਮ ਵਿੱਚ ਪਈ ਹੈ। ਇਹ ਸਭ ਪਾਠਕ ਜਾਣਦੇ ਹੋਣਗੇ ਕਿ ਊਠ ਦਾ ਸੁਭਾਅ ਬਹੁਤ ਗੁੱਸੇ ਖੋਰਾ ਹੁੰਦਾ ਹੈ ਤੇ ਇਹ ਆਪਣੇ ਗੁੱਸੇ ਨੂੰ ਭਾਵੇਂ ਕਾਫੀ ਦੇਰ ਹੀ ਕਿਉਂ ਨਾ ਹੋ ਜਾਵੇ,ਪ੍ਰਗਟ ਕਰਕੇ ਹੀ ਹਟਦਾ ਹੈ ਜਾਂ ਇਉਂ ਕਹਿ ਲਈਏ ਕਿ ਇਹ ਆਪਦਾ ਵੈਰ ਕੱਢ ਕੇ ਹੀ ਸਾਹ ਲੈਂਦਾ ਹੈ।ਜੋ ਬਹੁਤ ਅੜੀਅਲ ਸੁਭਾਅ ਦੇ ਊਠ ਜਾ ਊਠਣੀਆਂ ਹੁੰਦੀਆਂ ਨੇ ਓਹਨਾਂ ਦੇ ਪੈਰਾਂ ਵਿੱਚ ਨਿਓਲ ਪਾ ਕੇ ਰੱਖੀ ਜਾਂਦੀ ਹੈ ਤਾਂ ਕਿ ਓਹ ਇੱਕੇ ਦਮ ਕਿਸੇ ਤੇ ਵਾਰ ਨਾ ਕਰ ਸਕਣ,ਨਿਓਲ ਨਾਲ ਇਨ੍ਹਾਂ ਨੂੰ ਪੈਰ ਪੱਟਣਾ ਔਖਾ ਹੋ ਜਾਂਦਾ ਹੈ ਤੇ ਓਨੇ ਚਿਰ ਨੂੰ ਇਨਸਾਨ ਅਲਰਟ ਹੋ ਕੇ ਆਪਦਾ ਬਚਾ ਕਰ ਸਕਦਾ ਹੈ। ਜਿਉਂ ਦੇਸੀ ਬੋਲੀ ਵਿੱਚ ਕਹਿ ਲਈਏ ਕਿ ਜੂੜ ਪਾ ਕੇ ਰੱਖਿਆ ਜਾਂਦਾ ਹੈ ਤਾਂ ਕਿ ਇਹ ਆਪਦੇ ਸਾਥੀਆਂ ਜਾਂ ਪਾਲਣ ਵਾਲਿਆਂ ਨੂੰ ਜਾਂ ਫਿਰ ਆਂਢ ਗੁਆਂਢ ਨੂੰ ਤੰਗ ਨਾ ਕਰਨ।ਇਸ ਵਿੱਚ ਵੀ ਕੋਈ ਦੋ ਰਾਇ ਨਹੀਂ ਕਿ ਜ਼ਿਆਦਾ ਤਰ ਇਹ ਊਠ ਜਾਤੀ ਬਹੁਤ ਦਯਾਵਾਨ ਵੀ ਹੁੰਦੀ ਹੈ ਭਾਵ ਕਦੇ ਵੀ ਕਿਸੇ ਪਾਲਕ ਨੂੰ ਜਾਂ ਨੇੜੇ ਆ ਕੇ ਪਿਆਰ ਕਰਨ ਵਾਲਿਆਂ ਨੂੰ ਕਦੇ ਵੀ ਕੁਝ ਨਹੀਂ ਕਹਿੰਦੇ।ਸੋ ਆਮ ਕਹਾਵਤ ਹੈ ਕਿ ਕਾਂਗਿਆਰੀ ਵੀ ਤਾਂ ਵਿੱਚ ਹੀ ਹੁੰਦੀ ਹੈ,ਜਿਸ ਨੂੰ ਜ਼ਿਆਦਾ ਨਿਰਖਣ ਪਰਖਣ ਵਾਲੇ ਹੀ ਸਮਝਦੇ ਹਨ ਅਤੇ ਅਗਾਊਂ ਸੂਚਨਾ ਵੀ ਦਿੰਦੇ ਰਹਿੰਦੇ ਹਨ, ਤਾਂ ਕਿ ਕਿਸੇ ਦਾ ਕੋਈ ਜਾਨੀ ਨੁਕਸਾਨ ਨਾ ਹੋ ਜਾਵੇ। ਬਹੁਤ ਭੈੜੇ ਸੁਭਾਅ ਵਾਲੇ ਊਠ ਊਠਣੀ ਨੂੰ ਇਹ ਨਿਓਲ ਪਾ ਕੇ ਰੱਖੀ ਜਾਂਦੀ ਰਹੀ ਹੈ,ਇਸ ਨਾਲ ਜੋ ਇਨਸਾਨ ਇਨਾਂ ਦਾ ਸ਼ਿਕਾਰ ਕਹਿ ਲਈਏ ਜਾਂ ਫਿਰ ਇਨ੍ਹਾਂ ਦੇ ਗੁੱਸੇ ਦੇ ਅੜਿੱਕੇ ਚੜਨ ਵਾਲਾ ਹੈ ਓਹ ਪਹਿਲਾਂ ਹੀ ਅਲਰਟ ਹੋ ਜਾਂਦੇ ਹਨ। ਬਹੁਤ ਥਾਵਾਂ ਤੋਂ ਸੁਨਣ ਵਿੱਚ ਵੀ ਆਉਂਦਾ ਹੈ ਕਿ ਫਲਾਣੇ ਥਾਂ ਫਲਾਣੇ ਪਿੰਡ ਊਠ ਨੇ ਬੰਦੇ ਨੂੰ ਧੌਣ ਤੋਂ ਫੜ ਲਿਆ ਤੇ ਓਨਾਂ ਚਿਰ ਨਹੀਂ ਛੱਡਿਆ ਜਿਨ੍ਹਾਂ ਚਿਰ ਉਸਦੀ ਮੌਤ ਨਹੀਂ ਹੋ ਗਈ,ਇਹੋ ਜਿਹੀਆਂ ਉਦਾਹਰਣਾਂ ਆਮ ਹੀ ਸੁਣਨ ਨੂੰ ਮਿਲਦੀਆਂ ਹਨ,ਊਠ ਆਪਦਾ ਖੋਰ ਝੋਟੇ ਵਾਂਗ ਕਦੇ ਨਹੀਂ ਭੁਲਾਉਂਦਾ, ਆਦਮੀ ਦੀ ਪਛਾਣ ਵੀ ਰੱਖਦਾ ਹੈ ਜਦੋਂ ਵੀ ਦਾਅ ਲੱਗਦਾ ਹੈ ਐਹੋ ਜਿਹਾ ਚੱਭਾ ਮਾਰਦਾ ਹੈ ਤੇ ਇਨਸਾਨ ਨੂੰ ਖ਼ਤਮ ਕਰ ਦਿੰਦਾ ਹੈ।ਜਿਸ ਇਨਸਾਨ ਨਾਲ ਊਠ ਦਾ ਖੋਰ ਪੈ ਜਾਵੇ ਉਸ ਨੂੰ ਆਪਣਾ ਹਮੇਸ਼ਾ ਬਚਾ ਰੱਖਣਾ ਚਾਹੀਦਾ ਹੈ। ਖੈਰ ਹੁਣ ਬਦਲੇ ਸਮੇਂ ਦੀ ਚਾਲ ਨਾਲ ਜਾ ਕਹਿ ਲਈਏ ਕਿ ਮਸ਼ੀਨੀ ਯੁੱਗ ਵਿਚ ਊਠਾਂ ਅਤੇ ਬਲਦਾਂ ਦੀ ਖੇਤੀ ਹੀ ਨਹੀਂ ਰਹਿ ਗਈ,ਪਰ ਰਾਜਸਥਾਨ ਵਿੱਚ ਹਾਲੇ ਵੀ ਊਠਾਂ ਦੇ ਮੇਲੇ ਲਗਦੇ ਰਹਿੰਦੇ ਹਨ ਪੁਸ਼ਕਰ ਰਾਜਸਥਾਨ ਵਿੱਚ ਊਠਾਂ ਦਾ ਸੰਸਾਰ ਪ੍ਰਸਿੱਧ ਮੇਲਾ ਭਰਦਾ ਹੈ,ਥੋੜਾ ਬਹੁਤ ਰਿਵਾਜ ਹਰਿਆਣਾ ਰਾਜ ਵਿੱਚ ਵੀ ਹੈ ਊਠਾਂ ਨੂੰ ਰੱਖਣ ਦਾ, ਬਹੁਤ ਲੋਕ ਇਨ੍ਹਾਂ ਨੂੰ ਸ਼ੌਕ ਨਾਲ ਵੀ ਰੱਖਦੇ ਹਨ,ਪਰ ਇਸ ਦੇ ਗੁੱਸੇ ਅਤੇ ਅੜੀਅਲ ਸੁਭਾਅ ਤੋਂ ਹਮੇਸ਼ਾ ਚੌਕਸ ਰਹਿਣ ਦੀ ਅਤਿਅੰਤ ਲੋੜ ਹੈ।

ਇਹੋ ਜਿਹੇ ਸਾਡੇ ਪੁਰਖਿਆਂ ਦੀਆਂ ਸਾਂਭ ਸੰਭਾਲ ਕੇ ਰੱਖਣ ਲਈ ਐਸੀਆਂ ਚੀਜ਼ਾਂ ਜੋ ਸਾਡੇ ਪੁਰਖਿਆਂ ਦਾ ਸਰਮਾਇਆ ਹੈ, ਓਹਨਾਂ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ, ਮੈਂ ਫਰਾਖਦਿਲੀ ਤਸਵਿੰਦਰ ਵੜੈਚ ਦੀ ਵੀ ਸਮਝਦਾ ਹੈ, ਜਿਨ੍ਹਾਂ ਨੇ ਇਨ੍ਹਾਂ ਵਿਰਾਸਤੀ ਚੀਜ਼ਾਂ ਨੂੰ ਆਪਣੇ ਮਿਊਜਮ ਵਿੱਚ ਸੰਭਾਲ ਰੱਖਿਆ ਹੈ, ਅਤੇ ਆਪਣੇ ਇਸ ਨਿਵੇਕਲੇ ਉਪਰਾਲੇ ਰਾਹੀਂ ਦੇਸ਼ਾਂ ਵਿਦੇਸ਼ਾਂ ਵਿੱਚ ਨਾਮਣਾ ਖੱਟ ਰਿਹਾ ਹੈ, ਬਹੁਤ ਸਾਰੇ ਲੋਕ ਇਸ ਤਸਵਿੰਦਰ ਸਿੰਘ ਬੜੈਚ ਨੂੰ ਸਨਮਾਨਿਤ ਵੀ ਕਰਦੇ ਹਨ ਤਾਂ ਕਿ ਇਸ ਦੀ ਇਹ ਤਮੰਨਾ/ਸ਼ੌਕ ਬਰਕਰਾਰ ਰਹੇ।


ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

# ਕਾਗਜ਼ੀ ਵਿਚੋਲਪੁਣਾ

## ਜੀਵਨ ਸਾਥਣ ਦੀ ਲੋੜ

"ਕਨੇਡਾ ਵਿਜਟਿਰ ਵੀਜਾ ਉੱਪਰ ਆਏ ਆਹਲੂਵਾਲੀਆਂ ਪਰਿਵਾਰ ਦੇ ਹਾਲੇ ਤੱਕ ਅਨਮੈਰਿਡ ,ਉਮਰ 55 ਸਾਲ,ਕੱਦ 5 ਫੁੱਟ 9 ਇੰਚ, ਇੰਗਲਿਸ਼ ਐਜੂਕੇਟਿਡ,ਡਿਪਲੋਮਾਂ ਇਨ ਇਲੈਕਟਰੋਨਿਕਸ, ਜਿਹਨਾਂ ਨੂੰ ਥੋੜੀ ਬੋਲਣ ਅਤੇ ਸੁਣਨ ਦੀ ਸਮੱਸਿਆ ਹੈ, ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੀ ਲੋੜ ਹੈ। ਮੌਜੂਦਾ ਸਮੇਂ ਉਹ ਗੁੜਗਾਉਂ ਇਲੈਟਰੋਨਿਕਸ ਇੰਡਸਟਰੀ ਵਿੱਚ ਜੌਬ ਕਰਦੇ ਹਨ। ਉਹਨਾਂ ਦੇ ਮਾਤਾ ਪਿਤਾ ਅਤੇ ਭਰਾ ਕਨੇਡਾ ਹੀ ਸੈਟਲ ਹਨ। ਤਲਾਕ ਸੁਦਾ ਜਾਂ ਵਿਧਵਾ, ਸਰੀਰਕ ਤੌਰ ਤੇ ਡਿਸਐਵਿਲਿਟੀ ਵਾਲੀ ਔਰਤ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 613 619 6419 **200**

## ਲੜਕੇ ਦੀ ਲੋੜ

Respectable well educated simple Sikh Saini family seeking a suitable match for their beautiful daughter birth 89,5'5"tall,Canadian citizen, bachelor with honours from university of Calgary and well settled in Calgary. The boy should be Canadian/ US citizen ,professionally well educated,clean shaven, good looking tall handsome with modern values. Please contact with recent picture and bio data of the boy to raminder5@hotmail.com or call 403 400 7413. ***201***

## ਲੜਕੇ ਦੀ ਲੋੜ

ਆਸਟਰੇਲੀਆ ਪੱਕੀ, ਜੱਟ ਸਿੱਖ, ਜਨਵਰੀ 1987, ਕੱਦ 5 ਫੁੱਟ 6 ਇੰਚ, ਆਰ ਐਨ ਦੀ ਜੌਬ ਕਰਦੀ ਲੜਕੀ ਲਈ ਪੜ੍ਹੇ ਲਿਖੇ ਕਲੀਨਸ਼ੇਵ,ਚੰਗੀ ਜਾਇਦਾਦ ਵਾਲੇ,ਆਸਟਰੇਲੀਆ ਵਿੱਚ ਕੱਚੇ ਜਾਂ ਕਨੇਡੀਅਨ ਪੀ ਆਰ ਲੜਕੇ ਦੇ ਰਿਸਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਵਟਸਅੱਪ ਕਾਲ ਜਾਂ ਮੈਸੇਜ ਕਰ ਸਕਦੇ ਹੋ । ਸੰਪਰਕ: 1 306 850 7047 ਜਾਂ 9815514808 ***200***

## ਲੜਕੀ ਦੀ ਲੋੜ

ਖ਼ਾਨਦਾਨੀ , ਇਮਾਨਦਾਰ ਪਰੀਵਾਰ ਦੇ ਟਾਂਕ ਕਸ਼ਤਰੀਆ ਸਰਾਂ ਦਰਜੀ "ਸਿੱਖ ,ਨਸ਼ਿਆਂ ਤੋ ਰਹਿਤ, ਵਿਦਿਅਕ ਯੋਗਤਾ : M. Sc. - ਬਾਗਬਾਨੀ (HORTICULTURE) ਕੱਦ 6 ਫੁੱਟ, ਇੰਡੀਆ ਰਹਿੰਦੇ ਮਿਹਨਤੀ ਇੱਕਲੌਤੇ ਲੜਕੇ ਲਈ ਕਨੇਡੀਅਨ ਇੰਮੀਗਰਾਟ ਜਾਂ ਸਿਟੀਜਨ ਲੜਕੀ ਦੀ ਜ਼ਰੂਰਤ ਹੈ ।ਲੜਕੇ ਦਾ ਦਾਦਕਾ ਪਰੀਵਾਰ ਕਨੇਡਾ ਵਿੱਚ ਵੈਲ ਸ਼ੈਟਲਡ ਹਨ; ਸੰਪਰਕ : 1- 416-509-6200 +917696774832 ***200***

## ਲੜਕੀ ਦੀ ਲੋੜ

ਇੰਡੀਆ ਰਹਿੰਦੇ ਮਠਾੜੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ B.tech (IT) ਮੌਜੂਦਾ ਸਮੇ Quality Analyst (Software tester) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 835 1983 ***200***

## ਲੜਕੀ ਦੀ ਲੋੜ

ਇੰਡੀਆ ਰਹਿੰਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਰਾਮਗੜੀਆ ਰੀਹਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 1994, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਕੰਪਿਊਟਿਰ ਐਪਲੀਕੇਸ਼ਨ,,ਸੀ ਐਨ ਸੀ ਪਲੱਸ ਆਟੋ ਕਾਰਡ, ਐਮ ਬੀ ਏ (ਐਚ ਆਰ ਐਂਡ ਮਾਰਕੀਟਿੰਗ) ਅਤੇ ਮੌਜੂਦਾ ਸਮੇ ਆਈ ਸੀ ਆਈ ਸੀ ਆਈ ਬੈਂਕ ਵਿੱਚ ਅਸਿੱਸਟੈਂਟ ਮੈਨਜਰ ਦੀ ਜੌਬ ਕਰ ਰਹੇ ਲਈ , ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੇ ਪਿਤਾ ਦਾ ਆਪਣਾ ਬਿਜਨਿਸ ਹੈ। ਸੰਪਰਕ: 403 479 0616 ਜਾਂ 98145 65265 ***200***

## ਲੜਕੀ ਦੀ ਲੋੜ

**ਰਾਮਗੜੀਆ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਰਹਿੰਦੇ ਲੜਕੇ ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਆਟੋਮੋਬਾਈਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜ਼ੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਆਪਣੇ ਮਾਪਿਆਂ ਕੋਲ ਐਡਮਿੰਟਨ ਵਿਖੇ ਰਹਿੰਦਾ ਅਤੇ ਕੰਮ ਕਰਦਾ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ ਵਟਸਐਪ: 9876783675 ਜਾਂ 587 568 9846** **199**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਸਰਮਾ ਪਰਿਵਾਰ ਦੇ ਲੜਕੇ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਲਈ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 951 2853 ***195***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ,,ਉੱਚ ਤਕਨੀਕੀ ਯੋਗਤਾ ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***199***

## ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਆਏ ਲੜਕੇ, ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਹੌਸਪਿਟਲਟੀ ਮੈਨੇਜਮੈਂਟ ਡਿਪਲੋਮਾਂ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਫੈਡਰਲ ਇੰਮੀਗ੍ਰੇਸ਼ਨ ਫਾਈਲ ਸਬਮਿਟ ਕੀਤੀ ਹੋਈ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ: 1 825 735 0059 ***199***

## ਲੜਕੇ ਦੀ ਲੋੜ

Jatt Sikh parents seeking suitable match for their daughter Indian born, Canadian citizen, 35 years old, 5' 1" feet, B.TECH, working in a highly reputed Telecom company on a technical position. Boy should be well educated of decent values and belong to a good family. Cell No./WhatsApp +1 825-365-3677 ***199***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਚੰਗੀ ਜਾਇਦਾਦ ਦੇ ਮਾਲਕ ਸੋਹਣੇ ਸੁਨੱਖੇ ਲੜਕੇ ਜਨਮ 1996,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਐਸ ਸੀ ਨਯੁਟੀਕਲ ਸਾਇੰਸ,ਮਰਚੈਂਟ ਨੇਵੀ ਵਿੱਚ ਅਫਸਰ ਰੈਂਕ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 781 1959 ਈ ਮੇਲ: jasvirsidhu1988 @gmail.com ***198**

## ਲੜਕੀਆਂ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਗਰੈਜੂਏਟ ਵੈੱਲ ਸੈਟਲਡ ਸਕੇ ਭਰਾ, ਇਕ ਕਨੇਡੀਅਨ ਪੀ ਆਰ ਉਮਰ 29 ਸਾਲ ਕੱਦ 5 ਫੁੱਟ 8 ਇੰਚ ,ਅਤੇ ਦੂਸਰੇ ਉਮਰ 31 ਸਾਲ ਕੱਦ 6 ਫੁੱਟ ਵਿਜਟਿਰ ਵੀਜੇ ਉੱਪਰ ਆਏ ,ਇਹਨਾਂ ਦੋਵੇਂ ਲੜਕਿਆਂ ਲਈ 2 ਪੜੀਆਂ ਲਿਖੀਆਂ ਹੋਣਹਾਰ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 951 6503 ਜਾਂ 1 431 374 4686 ***198**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਬਾਠ ਪਰਿਵਾਰ ਦੇ ਲੜਕੇ ਉਮਰ 32 ਸਾਲ ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਆਈ ਟੀ ਆਈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 780 803 4575 ਜਾਂ 587 532 9019 ***198**

## ਲੜਕੇ ਦੀ ਲੋੜ

Jatt sikh family seek a suitable match for their 5ft. 8 inch tall 28 years old daughter, Engineering Graduate from Canadian University and working with a reputed company. The Boy should be born or raised in Canada and well settled professional. Please send your recent pictures and bio-data to acheema8811@ gmail.com Or call 1 403 828 7973 ***198***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਜਨਮ 1996, ਕੱਦ 5 ਫੁੱਟ 2 ਇੰਚ, ਹਸਪਤਾਲ ਵਿੱਚ ਫੁੱਲ ਟਾਈਮ ਮੈਡੀਕਲ ਅਸਿੱਸਟੈਂਟ ਦੀ ਜੌਬ ਕਰਦੀ, ਵਿਦਿਅਕ ਯੋਗਤਾ :ਆਈਲੈਟਸ ਸਾਢੇ ਛੇ ਬੈਂਡ, ਮੈਡੀਕਲ ਆਫਿਸ ਅਸਿੱਸਟੈਂਟ ਡਿਪਲੋਮਾਂ ਹੋਲਡਰ ਲਈ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦੇ ਨਾਨਕੇ ਦਾਦਕੇ ਸਭ ਕਨੇਡਾ ਹੀ ਸੈਟਲ ਹਨ। ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 1 204 952 2504 ***198***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***

## ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸ਼ਿਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਸਰਦਾਰੀ ਦਿੱਖ ਵਾਲੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਕਨੇਡਾ ਰਹਿਣ ਵਾਲਿਆਂ ਨੂੰ ਹੀ ਪਹਿਲ। ਵਿਜਟਰ ਜਾਂ ਸਟੂਡੈਂਟ ਵੀਜੇ ਵਾਲੀਆਂ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਕਨੇਡਾ ਹੀ ਸੈਟਲਡ ਹੈ । ਸੰਪਰਕ: 403 614 2094 ਜਾਂ 403 971 6430 ***195***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਵੈਲ ਸੈਟਲਡ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1993/ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ ਯੁਨੀਵਰਿਸਟੀ ਆਫ ਕੈਲਗਰੀ ਤੋਂ ਬੀ ਐਸ ਐਨ ਆਰ ਐਨ,ਦੀ ਡਿਗਰੀ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਚੰਗੇ ਪੜੇ ਲਿਖੇ ਰਾਮਗੜੀਆ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 402 9508 ***194***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

## ਲੜਕੀ ਦੀ ਲੋੜ

ਜੱਟ ਸਿੱਖ ਔਜਲਾ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਆਏ ਲੜਕੇ ਜਨਮ 1995,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਮਕੈਨੀਕਲ ਇੰਜਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 277 5720 ***194***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 5 ਫੁੱਟ 10 ਇੰਚ, ਈ ਟੀ ਐਸ ਡਰਾਈਵਰ ,ਸੈਲਰੀ 90,000 ਕਨੇਡੀਅਨ ਡਾਲਰ ਕਮਾਉਂਦੇ ਲੜਕੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 780 975 4410 ***193***

## ਲੜਕੇ- ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾਂ ਪਰਿਵਾਰ ਦੇ ਲੜਕੇ, ਜਨਮ 1990, ਵਧੀਆ ਕੰਮਕਾਰ,ਪਰਿਵਾਰ ਕਨੇਡਾ ਸੈਟਲ ਹੈ । ਇਸੇ ਹੀ ਪਰਿਵਾਰ ਦੀ ਪੰਜਾਬ ਰਹਿੰਦੀ ਲੜਕੀ ਉਮਰ 33 ਸਾਲ , ਵਿਦਿਅਕ ਯੋਗਤਾ ਬੀ ਏ , ਕੱਦ 5 ਫੁੱਟ 6 ਇੰਚ ਲਈ ਲਈ ਰਿਸ਼ਤਿਆਂ ਦੀ ਲੋੜ ਹੈ । ਸੰਪਰਕ: 587 433 0213 ਜਾਂ 587 581 1313 ***193***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***199***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸਿੰਘ ਪਰਿਵਾਰ ਦੇ ਤਲਾਕ ਸੁਦਾ, ਆਪਣਾ ਟਰਾਂਸਪੋਰਟ ਦਾ ਬਿਜਨਿਸ ਕਰਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਡਿਗਰੀ ਹੋਲਡਰ ਲਈ ਗੁਰਸਿੱਖ ਵਿਚਾਰਾਂ ਵਾਲੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਵਿਧਵਧ ਜਾਂ ਸਿੰਗਲ ਜਾਂ ਡਿਵੋਰਸ ਉਮਰ 31 ਸਾਲ ਤੋਂ 36 ਸਾਲ ਦੇ ਲੱਗਭੱਗ ਹੋਵੇ । ਇਸ ਫੋਨ 306 514 7590 ਜਾਂ ਈ ਮੇਲ rockygs17@gmail.com ਉੱਪਰ ਸੰਪਰਕ ਕਰ ਸਕਦੇ ਹੋ । ***192***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਾਧੜਾ ਪਰਿਵਾਰ ਦੇ ਕਲੀਨ ਸੇਵ, ਤਲਾਕ ਸੁਦਾ, ਲੜਕੇ ਉਮਰ 46 ਸਾਲ ,ਕੱਦ 5 ਫੁੱਟ 7 ਇੰਚ ,ਵਿਦਿਅਕ ਯੋਗਤਾ ਬੀ ਏ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਇੰਗਲੈਂਡ ਦੀ ਸਿਟੀਜਨਸ਼ਿਪ ਵੀ ਹੈ ਅਤੇ ਹੁਣ ਕਨੇਡਾ ਵਿੱਚ ਟਰੱਕਿੰਗ ਇੰਡਸਟਰੀ ਵਿੱਚ ਨੌਕਰੀ ਕਰਦਾ ਹੈ। ਬਿਨਾ ਬੱਚੇ ਤੋਂ ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਕਨੇਡਾ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 306 881 1650 ***192***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***199***

## Need Nanny

Looking for a nanny live in or live out 5 days a week (Mon - Fri) to cook, clean, and babysit 1.5 year old baby girl & 6 year old baby boy.
Salary: $12-$15
Gurbinder Sohal
City: Regina, SK
Contact Number 306-520-4313

## Hiring !

**Daffodiĺs Cargoĺogistics Inc. isĺooking for Cĺass 1 Drivers forĺong - HauĺBest pay packages upto 58 cents per miĺe Appĺicants shouĺd have minimum of 7 - 12 months driving experience Pĺease contact with your drivingĺicense and commerciaĺdriving abstract**
**Email: dcĺogistics4@gmaiĺ.com**
**Phone : 204-396-1696 , 204-891-0031**

## Name change

I, SUKHWINDER SINGH son of BALDEV SINGH, holder of Indian **Passport No. S 8548182,**issued at VANCOUVER, on 09/08/2018, permanent resident of 162 RED SKY GREEN NE, CALGARY (ALBERTA) T3N0V6, and presently residing at **162 RED SKY GREEN NE, CALGARY (ALBERTA) T3N0V6 Canada**, do hereby change my name from **SUKHWINDER SINGH** to **SUKHWINDER SINGH GILL**, with immediate effect.
Date: 6 MAY 2022 Cont.: 403 836 6431

## Hiring

**Hair and face art saĺon isĺooking for hairdresser (NOC CODE 6341) Appĺicants shouĺd have minimum of 1-2 years of experience.**
**Number of Vacancies :2**
**Wage rate: 20/hour fuĺĺtime job**
**Interested candidates pĺease send your resume at emaiĺ: hairandfaceart994@gmaiĺ.com**

## Need Nanny

Looking for a nanny live in or live out 5 days a week (Mon - Fri) to cook, clean, and babysit 0-5 year old
baby girl.
Salary: $12-$15 Per Hour
Gurpreet Suman & Pradeep Kaur Sandhu
City: Regina, SK
Contact Number 306-621-0987

## ਇਮੈਨੂਅਲ ਮੈਕਰੋਂ ਦੂਜੀ ਵਾਰ ਫਰਾਂਸ ਦੇ ਰਾਸ਼ਟਰਪਤੀ ਚੁਣੇ ਗਏ - ਟਰੂਡੋ ਅਤੇ ਮੋਦੀ ਸਮੇਤ ਦੁਨੀਆ ਦੇ ਕਈ ਆਗੂਆਂ ਨੇ ਦਿੱਤੀ ਵਧਾਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਫਰਾਂਸ ਦੇ ਮੌਜੂਦਾ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੂਜੀ ਵਾਰ ਰਾਸ਼ਟਰਪਤੀ ਚੁਣ ਲਏ ਗਏ ਹਨ ਉਨ੍ਹਾਂ ਨੇ ਆਪਣੀ ਮੁੱਖ ਵਿਰੋਧੀ ਆਗੂ ਮਰੀਨ ਲੇਅ ਪੇਨ ਨੂੰ ਹਰਾਇਆ ਹੈ।ਜਿੱਤ ਉਪਰੰਤ ਮੈਕਰੋਂ ਨੇ ਦੇਸ਼ ਦੀ ਜਨਤਾ ਨੂੰ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਹੋਰ ਪੰਜ ਸਾਲਾਂ ਲਈ ਸੱਤਾ ਸੌਂਪਣ ਵਾਲੇ ਲੋਕਾਂ ਦੀ ਪ੍ਰਸ਼ੰਸਾ ਕੀਤੀ । ਮੈਕਰੋਂ ਨੇ ਉਨ੍ਹਾਂ ਲੋਕਾਂ ਦਾ ਧੰਨਵਾਦ ਵੀ ਕੀਤਾ ਜਿਨ੍ਹਾਂ ਨੇ ਨਾ ਸਿਰਫ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਬਲਕਿ ਵਿਰੋਧੀ ਆਗੂ ਲੇ ਪੈਨ ਨੂੰ ਸੱਤਾ ਤੋਂ ਦੂਰ ਰੱਖਣ ਲਈ ਵੋਟ ਪਾਈ । ਇਮੈਨੁਅਲ ਦੀ ਜਿੱਤ ਤੇ ਕੈਨੇਡਾ ਦੇ ਪ੍ਰਧਾਨਮੰਤਰੀ ਜਸਟਿਨ ਟਰੂਡੋ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਦੁਨੀਆਂ ਦੇ ਵੱਖ ਵੱਖ ਆਗੂਆਂ ਵੱਲੋਂ ਵਧਾਈ ਸੰਦੇਸ਼ ਭੇਜੇ ਗਏ ਹੋਣ ਦਾ ਸਮਾਚਾਰ ਹੈ। ਮੈਕਰੌਨ ਦੀ ਜਿੱਤ ਦੇ ਨਾਲ ਹੀ ਫਰਾਂਸ ਦੇ ਸਹਿਯੋਗੀਆਂ ਨੇ ਸੁਖ ਦਾ ਸਾਹ ਲਿਆ ਹੈ ਕਿਉਂਕਿ ਯੂਕਰੇਨ ਵਿੱਚ ਛਿੜੀ ਜੰਗ ਵਿਚਾਲੇ ਫਰਾਂਸ ਹੁਣ ਆਪਣੇ ਰੁਖ਼ ਵਿੱਚ ਕੋਈ ਬਦਲਾਅ ਨਹੀਂ ਕਰੇਗਾ ਅਤੇ ਯੂਰਪੀ ਸੰਘ ਅਤੇ ਨਾਟੋ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਜਾਰੀ ਰੱਖੇਗਾ । ਇਸੇ ਦੌਰਾਨ ਮੈਕਰੋਂ ਦੀ ਜਿੱਤ ਤੋਂ ਬਾਅਦ ਪੈਰਿਸ ਵਿੱਚ ਹਿੰਸਕ ਪ੍ਰਦਰਸ਼ਨ ਵੀ ਵੇਖਣ ਨੂੰ ਮਿਲੇ ਜਿਸ ਦੇ ਦੌਰਾਨ ਪੁਲੀਸ ਵੱਲੋਂ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ ਗਈ ।

# No government will establish a developing Punjab

After partition, after indepenedence and after establishing this democracy in India, the then government of India establishing this Punjab and this Punjab started growing and developing like other states, even in a better position. Most of the people here in India had started accepting that Punjab is a developing state and we found that more and more people from other states like Rajasthqn, Nepal, UP and and from other states had started coming here in Punjab to have better wages.

But the politicians here in PUnjab could not tolerate this development and they started some movements just to increase their own power and in due course we lost Himachal Pradhesh, Haryana and Chandigarh and the present state of Punjab is just like a village frowing only grains. We have noted that because of khalistan movement and because of terrorism most of the big industries and dother corporate houses left Punjab and and in due course there remained no opportunities for the unemployed youths here in Punjab and we noted that this Punjab without hills, without jungles, without minerals, without dam, without electricity generation house, without big industries turned just like a village wholly dependent on other sttes and we noted that most of our youths stqrted running to other countries.

And we have noted that all governments established through elections just failed and similar shall be the position of present government which started giving free electricity to the people of Punjab. And this free supply of electricity shall cause imposition of some cuts on other items and suffering of the people shall not come down.

Had the people of Punjab electe4d BJP as its government here in Punjab, there were channces that the BJP government may think over merger of Himachal Pradesh, Haryana and Chandigarh in Punjab, but that occasion has lost and demand of AAP for merger of Chandigarh in Punjab has been ignored.

So the people of Punjab shall live in a village type state and only one wayout is there that they must immediately convert into Cooperative sociegties and this farming system must turn industry. All farmers must join their holding into big cooperative societies and they must establish big units like corporate houses like Big Dairies, poulty farms, piggry, fish farms, cattle breeding centres, food procdessing units ensuring that not a single grain should go out of state unprocessed. Even they must start big kitchens ensuring that all state scould get baked diets which may remain fresh for atleast a week. If our new government does not waste time, but just think over this cooperative system and adopt the same without any frurther waiting period, they shall do something within this span of five years because we need immediate employment opportunities for ther youths who are waiting for such facilities. Employment and proper income are the needs of the people and must be immediately ensured in the state. These small farmers often commit suicides and that process too shall stop.

**Dalip Singh Wasan, Advocate**
**101 C Vikas Colony,**
**Patiala, Punjab, India.**

## ਮਿਸੀਸਾਗਾ ਅਤੇ ਅਲਬਰਟਾ ਦੇ ਹਾਈ ਸਕੂਲਾਂ ਵਿੱਚ ਵਾਪਰ ਰਹੀਆਂ ਵਾਰਦਾਤਾਂ ਦਾ ਸਿਲਸਿਲਾ ਰੁਕ ਨਹੀਂ ਰਿਹਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਵੱਖ ਵੱਖ ਸੂਬਿਆਂ ਦੇ ਹਾਈ ਸਕੂਲਾਂ ਵਿੱਚ ਆਏ ਦਿਨ ਛੁਰੇਬਾਜ਼ੀ ਦੀਆਂ ਜਾਂ ਹੋਰ ਹਿੰਸਕ ਵਾਰਦਾਤਾਂ ਦੀਆਂ ਸੂਚਨਾਵਾਂ ਸਾਹਮਣੇ ਆ ਰਹੀਆਂ ਹਨ । ਮਿਸੀਸਾਗਾ ਦੇ ਇੱਕ ਹਾਈ ਸਕੂਲ ਵਿੱਚ ਦੋ ਵਿਦਿਆਰਥੀਆਂ ਨੂੰ ਤੇਜ਼ ਧਾਰ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ ਗਿਆ ਜਿਸ ਸਬੰਧ ਵਿਚ ਇੱਕ ਪੰਦਰਾਂ ਸਾਲਾ ਲੜਕੇ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਪੀਲ ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਰਟਨੀ ਪਾਰਕ ਡਰਾਈਵ ਅਤੇ ਮੇਵਿਸ ਰੋਡ ਤੇ ਸਥਿਤ ਸੇਂਟ ਮਰਸਲੀਨਸ ਸੈਕੰਡਰੀ ਸਕੂਲ ਵਿਖੇ ਵਾਪਰੀ ਇਸ ਵਾਰਦਾਤ ਦੀ ਸੂਚਨਾ ਮਿਲੀ ਸੀ। ਕਾਂਸਟੇਬਲ ਅਖਿਲ ਮੂੱਕਣ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੌਕੇ ਤੇ ਪਹੁੰਚੇ ਪੁਲੀਸ ਅਧਿਕਾਰੀ ਨੂੰ ਇੱਕ ਵਿਦਿਆਰਥੀ ਜ਼ਖਮੀ ਹਾਲਤ ਵਿੱਚ ਮਿਲਿਆ ਜਦਕਿ ਦੂਜਾ ਵਿਦਿਆਰਥੀ ਜ਼ਖ਼ਮੀ ਹਾਲਤ ਵਿੱਚ ਖੁਦ ਪੁਲੀਸ ਕੋਲ ਪਹੁੰਚਿਆ । ਦੋਹਾਂ ਵਿਦਿਆਰਥੀਆਂ ਦੀ ਉਮਰ ਅਠਾਰਾਂ ਸਾਲ ਤੋਂ ਘੱਟ ਦੱਸੀ ਜਾ ਰਹੀ ਹੈ। ਇਸੇ ਤਰ੍ਹਾਂ ਦੀ ਇੱਕ ਵਾਰਦਾਤ ਸੈਂਟਰਲ ਅਲਬਰਟਾ ਦੇ ਫਾਲੂਨ ਦੇ ਪਿਜਨ ਲੇਕ ਰਿਜਨਲ ਸਕੂਲ ਵਿੱਚ ਵਾਪਰੀ ਹੈ ਜਿੱਥੇ ਇੱਕ 16 ਸਾਲਾ ਵਿਦਿਆਰਥੀ ਨੇ ਸਕੂਲ ਦੀ ਲਾਇਬਰੇਰੀ ਦੇ ਅੰਦਰ ਇੱਕ ਹੋਰ 16 ਸਾਲਾ ਵਿਦਿਆਰਥੀ ਨੂੰ ਤੇਜ਼ਧਾਰ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ। ਹਮਲਾ ਕਰਨ ਵਾਲੇ ਵਿਦਿਆਰਥੀ ਨੂੰ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਿਸ ਨੂੰ ਬਾਅਦ ਵਿੱਚ ਜ਼ਮਾਨਤ ਤੇ ਛੱਡ ਦਿੱਤਾ ਗਿਆ ਤੇ ਪਹਿਲੀ ਜੂਨ ਨੂੰ ਉਸ ਦੀ ਅਦਾਲਤ ਵਿੱਚ ਪੇਸ਼ੀ ਹੋਵੇਗੀ ।

## ਵਿਰੋਧੀ ਧਿਰ ਜਸਟਿਨ ਟਰੂਡੋ ਦੀਆਂ ਪਰਿਵਾਰਕ ਛੁੱਟੀਆਂ ਬਾਰੇ ਉਹਨਾਂ ਨੂੰ ਘੇਰਨ ਨੂੰ ਫਿਰਦੀ ਐ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਆਰਸੀਐਮਪੀ ਵੱਲੋਂ ਜਸਟਿਨ ਟਰੂਡੋ ਖ਼ਿਲਾਫ ਫਰਾਡ ਦੇ ਚਾਰਜਿਜ਼ ਲਗਾਉਣ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾ ਰਿਹਾ ਹੈ ਜੋ ਕਿ ਜਸਟਿਨ ਟਰੂਡੋ ਵੱਲੋਂ ਸਾਲ 2016 ਵਿੱਚ ਬਹਾਮਸ ਵਿਖੇ ਆਗਾ ਖਾਨ ਦੇ ਨਿੱਜੀ ਟਾਪੂ ਉੱਪਰ ਪਰਿਵਾਰ ਸਮੇਤ ਛੁੱਟੀਆਂ ਮਨਾਉਣ ਦੇ ਮਾਮਲੇ ਵਿੱਚ ਹੈ। ਪੁਲੀਸ ਵੱਲੋਂ ਇਸ ਮਾਮਲੇ ਦੀ ਅਪਰਾਧਕ ਜਾਂਚ ਨਹੀਂ ਕੀਤੀ ਜਾ ਰਹੀ ਕਿਉਂਕਿ ਉਹ ਵੱਖਰੇ ਤੌਰ ਤੇ ਸਾਬਕਾ ਐਥਿਕਸ ਕਮਿਸ਼ਨਰ ਮੈਰੀ ਡਾਅਸਨ ਵੱਲੋਂ ਕੀਤੀ ਗਈ ਸੀ । ਆਰਸੀਐਮਪੀ ਵੱਲੋਂ ਕੀਤੀ ਗਈ ਜਾਂਚ ਬਾਰੇ ਗਲੋਬ ਐਂਡ ਮੇਲ ਨੇ ਰਿਪੋਰਟ ਨਸ਼ਰ ਕੀਤੀ ਸੀ ਅਤੇ ਹੁਣ ਕੰਜ਼ਰਵੇਟਿਵ ਪਾਰਟੀ ਇਸ ਰਿਪੋਰਟ ਦੇ ਆਧਾਰ ਤੇ ਪ੍ਰਧਾਨ ਮੰਤਰੀ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਹ ਮਾਮਲਾ ਹਾਊਸ ਆਫ ਕਾਮਨਜ਼ ਦੇ ਪ੍ਰਸ਼ਨ ਕਾਲ ਦੌਰਾਨ ਵੀ ਉੱਠਿਆ ।

# ਨਸ਼ੱਈ ਮਰੀਜ਼ ਸੁੱਕੇ ਖੂਹ ਦੇ ਵਾਸੀ



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866




ਨਸ਼ੱਈ ਵਿਅਕਤੀ ਜ਼ਿੰਦਗੀ ਦੇ ਖਲਨਾਇਕ ਨਹੀਂ ਪੀੜਤ ਹਨ। ਜੇਕਰ ਨਸੱਈ ਨੂੰ ਪੀੜਤ ਸਮਝ ਕੇ ਉਸਦੇ ਨਸ਼ੇ ਵਿੱਚ ਧੱਸਣ ਦੇ ਮੂਲ ਕਾਰਨਾਂ ਤੇ ਗੌਰ ਕੀਤੀ ਜਾਵੇ ਤਾਂ ਨਸ਼ੱਈ ਨੂੰ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕਦਾ ਹੈ। ਪਰ ਦਰਅਸਲ ਨਸ਼ਾ ਛੁਡਾਊ ਕੇਂਦਰਾਂ ਵਿੱਚ ਕੁੱਟ-ਮਾਰ, ਗਾਲੀ-ਗਲੋਚ ਜਾਂ ਜ਼ਲੀਲ ਕਰਕੇ ਉਸ ਤੋਂ ਤੋਬਾ ਕਰਵਾਈ ਜਾਂਦੀ ਹੈ ਕਿ ਉਹ ਭਵਿੱਖ ਵਿੱਚ ਨਸ਼ਾ ਨਹੀਂ ਕਰੇਗਾ। ਅਜਿਹੇ ਕੇਂਦਰਾਂ ਵਿੱਚ ਨਸ਼ੱਈ ਨੌਜਵਾਨ ਮਜ਼ਬੂਰੀ ਵਸ ਫਸਿਆ ਮਾਰ ਖਾਂਦਾ ਹੈ। ਪਰ ਅੰਦਰੋਂ ਉਹ ਮਾਪਿਆਂ ਅਤੇ ਉਸ ਦੀ ਜਾਣ ਪਹਿਚਾਣ ਵਾਲਿਆਂ ਪ੍ਰਤੀ ਜ਼ਹਿਰ ਉਗਲਦਾ ਹੈ, ਜਿਨ੍ਹਾਂ ਨੇ ਉਸ ਨੂੰ ਤਸੀਹਾ ਕੇਂਦਰ ਵਿੱਚ ਭੇਜਿਆ ਹੁੰਦਾ ਹੈ।

ਨਸ਼ਾ ਛੁਡਾਊ ਕੇਂਦਰ ਦੇ ਮੁਖੀ ਹੋਣ ਦੇ ਨਾਤੇ ਮਹਿਸੂਸ ਕੀਤਾ ਹੈ ਕਿ ਧੱਕੇ ਨਾਲ ਜਾਂ ਡਾਂਗ ਸੋਟੇ ਨਾਲ ਕਿਸੇ ਨਸ਼ੱਈ ਨੂੰ ਮੁੱਖ ਧਾਰਾ ਵਿੱਚ ਨਹੀਂ ਲਿਆਂਦਾ ਜਾ ਸਕਦਾ। ਦਰਅਸਲ ਨਸ਼ੱਈ ਨੌਜਵਾਨ ਸੁੱਕੇ ਖੂਹ ਦੇ ਵਾਸੀ ਹੁੰਦੇ ਨੇ। ਸੁੱਕੇ ਖੂਹ ਵਿੱਚ ਡਿੱਗ ਕੇ ਉਹ ਬਾਹਰ ਆਉਣ ਲਈ ਹੱਥ ਪੈਰ ਮਾਰਦੇ ਨੇ। ਹਰ ਹੀਲਾ ਵਰਤਦੇ ਵੀ ਨੇ। ਪਰ ਉਨ੍ਹਾਂ ਦੀਆਂ ਟਪੂਸੀਆਂ ਸੁੱਕੇ ਖੂਹ 'ਚੋਂ ਨਿਕਲਣ ਲਈ ਸਹਾਈ ਨਹੀਂ ਹੁੰਦੀਆਂ। ਕਿਸੇ ਵੀ ਨਸ਼ੱਈ ਦਾ ਆਪਣੀ ਮਰਜ਼ੀ ਨਾਲ ਦਾਖਲ ਹੋਣਾ ਇਹ ਸੰਕੇਤ ਹੈ ਕਿ ਉਹ ਸੁੱਕੇ ਖੂਹ ਵਿੱਚੋਂ ਨਿਕਲਣਾ ਚਹੁੰਦਾ ਹੈ। ਅਜਿਹੇ ਨਸ਼ੱਈ ਮਰੀਜ਼ ਨੂੰ ਹੱਲਾ ਸ਼ੇਰੀ ਅਤੇ ਯੋਗ ਅਗਵਾਈ ਨਾਲ ਸੁੱਕੇ ਖੂਹ ਵਿੱਚੋਂ ਕੱਢਣਾ ਕੋਈ ਬਾਹਲਾ ਔਖਾ ਨਹੀਂ। ਹਾਂ, ਸੁਹਿਰਦ ਦਵੱਲੇ ਯਤਨਾਂ ਦੀ ਲੋੜ ਹੈ। ਸੁੱਕੇ ਖੂਹ ਦੇ ਵਾਸੀਆਂ ਨੂੰ ਬਾਹਰ ਕੱਢਣ ਲਈ ਖੂਹ ਅੰਦਰ ਲੱਜ ਸੁੱਟ ਕੇ ਉਨ੍ਹਾਂ ਨੂੰ ਹੌਸਲਾ ਦਿੰਦੇ ਹੋਏ ਇਹ ਪ੍ਰੇਰਨਾ ਦੇਣ ਦੀ ਲੋੜ ਹੈ ਕਿ ਲੱਜ ਨੂੰ ਘੁੱਟ ਕੇ ਫੜ੍ਹ ਲਵੋ। ਜੇਕਰ ਸੁੱਕੇ ਖੂਹ ਦੇ ਵਾਸੀ ਦ੍ਰਿੜ ਸੰਕਲਪ ਨਾਲ ਲੱਜ ਨੂੰ ਘੁੱਟ ਕੇ ਫੜਨਗੇ ਅਤੇ ਬਾਹਰਲੇ ਸੁਹਿਰਦ ਹੋ ਕੇ ਪੂਰੀ ਸ਼ਕਤੀ ਨਾਲ ਉਨ੍ਹਾਂ ਨੂੰ ਬਾਹਰ ਕੱਢਣ ਲਈ ਯਤਨਸ਼ੀਲ ਹੋਣਗੇ ਤਾਂ ਸੁੱਕੇ ਖੂਹ ਦੇ ਵਾਸੀ, ਨਸ਼ੱਈ ਨੌਜਵਾਨ ਬਾਹਰ ਨਿਕਲ ਕੇ ਮੁੱਖ ਧਾਰਾ ਵਿੱਚ ਆ ਜਾਣਗੇ। ਪਰ ਜੇਕਰ ਨਸ਼ੱਈਆਂ ਦਾ ਦ੍ਰਿੜ ਸੰਕਲਪ ਅਲੋਪ ਹੈ ਅਤੇ ਬਾਹਰ ਕੱਢਣ ਵਾਲੇ ਸੁਹਿਰਦ ਨਹੀਂ ਤਾਂ ਨਸ਼ੱਈਆਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਜਾਂ ਫਿਰ ਸਰਕਾਰ ਤੋਂ ਮਾਨਤਾ ਪ੍ਰਾਪਤ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੱਡਣ ਵਾਲੀਆਂ ਗੋਲੀਆਂ ਦੇ ਕੇ ਬੁਤਾ ਸਾਰਿਆ ਜਾ ਰਿਹਾ ਹੈ। ਪੰਜਾਬ ਵਿੱਚ ਅੰਦਾਜ਼ਨ 5 ਲੱਖ 74 ਹਜ਼ਾਰ ਨਸ਼ੱਈਆਂ ਨੂੰ ਜੀਭ ਤੇ ਰੱਖਣ ਵਾਲੀਆਂ ਗੋਲੀਆਂ ਦੇ ਕੇ ਨਸ਼ਾ ਮੁਕਤ ਸਮਾਜ ਸਿਰਜਨ ਦਾ ਭਰਮ ਪਾਲਿਆ ਜਾ ਰਿਹਾ ਹੈ। ਜੇਕਰ ਨਸ਼ੱਈਆਂ ਨੂੰ ਸਟਾਕ ਖਤਮ ਹੋਣ ਕਾਰਨ ਇੱਕ ਦਿਨ ਵੀ ਉਹ ਦਵਾਈ ( ਜੀਭ ਤੇ ਰੱਖਣ ਵਾਲੀ ਗੋਲੀ) ਨਾ ਮਿਲੇ ਤਾਂ ਉਹ ਹਸਪਤਾਲ ਦੇ ਬਾਹਰ ਖੌਰੂ ਪਾਉਣ ਲੱਗ ਜਾਂਦੇ ਹਨ। ਕਈ ਥਾਵਾਂ ਤੇ ਤਾਂ ਨਸ਼ੱਈਆਂ ਨੇ ਰੋਸ਼ ਵਜੋਂ ਰੋਡ ਜਾਮ ਵੀ ਕੀਤਾ ਹੈ ਅਤੇ ਪੁਲਿਸ ਵਾਲਿਆਂ ਨੂੰ ਤੋੜ ਨਾਲ ਪੀੜਤ ਨਸ਼ੱਈਆਂ ਨੂੰ ਸਮਝਾਉਂਦਿਆਂ ਕਹਿਣਾ ਪਿਆ, " ਪਤੰਦਰੋ, ਨੌਕਰੀਆਂ ਲਈ, ਕਿਸੇ ਦੁਰਘਟਨਾ ਦੇ ਮੁਆਵਜ਼ੇ ਲਈ ਜਾਂ ਸਰਕਾਰ ਤੋਂ ਕੋਈ ਮੰਗ ਮਨਵਾਉਣ ਲਈ ਤਾਂ ਰੋਡ ਜਾਮ ਜਾਂ ਰੋਸ਼ ਧਰਨੇ ਦਿੱਤੇ ਜਾਂਦੇ ਨੇ ਪਰ ਨਸ਼ਿਆਂ ਦੀਆਂ ਗੋਲੀਆਂ ਲਈ ਰੋਡ ਜਾਮ ਕਰਨਾ..................। ਇਹ ਤਾਂ ਨਵੀਂ ਗੱਲ ਹੀ ਧਿਆਨ ਵਿੱਚ ਆਈ ਹੈ।" ਪੁਲਿਸ ਵਾਲਿਆਂ ਵੱਲੋਂ ਸਮਝਾ- ਬੁਝਾ ਕੇ ਅਤੇ ਸਿਹਤ ਵਿਭਾਗ ਨਾਲ ਤਾਲ-ਮੇਲ ਕਰਕੇ ਉਨ੍ਹਾਂ ਦਾ ਜਾਮ ਖੁਲ੍ਹਵਾਉਣਾ ਪਿਆ ਸੀ।

ਦਰਅਸਲ ਇਹ ਗੋਲੀਆਂ ਉਨ੍ਹਾਂ ਦਾ ਸ਼ਰੀਰਕ ਇਲਾਜ਼ ਤਾਂ ਹੈ, ਮਾਨਸਿਕ ਇਲਾਜ਼ ਨਹੀਂ। ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਦੁਆ ਅਤੇ ਦਵਾਈ ਦਾ ਸੁਮੇਲ ਹੋਣਾ ਜਰੂਰੀ ਹੈ। ਜੇਕਰ ਉਨ੍ਹਾਂ ਨੂੰ ਧਰਮ , ਸਾਹਿਤ, ਕਿਰਤ ਅਤੇ ਖੇਡਾਂ ਨਾਲ ਜੋੜ ਕੇ ਉਨ੍ਹਾਂ ਅੰਦਰ ਜ਼ਿੰਦਗੀ ਜਿਉਣ ਦਾ ਚਾਅ ਭਰਨ ਦਾ ਯਤਨ ਕੀਤਾ ਜਾਵੇ ਤਾਂ ਉਹ ਦ੍ਰਿੜ ਸੰਕਲਪ ਨਾਲ ਨਸ਼ਾ ਰਹਿਤ ਜੀਵਨ ਬਤੀਤ ਕਰਨ ਲਈ ਯਤਨਸ਼ੀਲ ਹੋਵੇਗਾ। ਪਰ ਅਜਿਹੇ ਯਤਨ ਨਹੀਂ ਹੋ ਰਹੇ। ਯਤਨ ਇਸ ਤਰ੍ਹਾਂ ਦੇ ਹੋ ਰਹੇ ਹਨ ਕਿ ਬੂਟਾ ਸੁੱਕ ਰਿਹਾ ਹੈ ਅਤੇ ਸਪਰੇਅ ਪੱਤਿਆਂ ਤੇ ਕੀਤਾ ਜਾ ਰਿਹਾ ਹੈ। ਛੱਤ ਚੋਅ ਰਹੀ ਹੈ ਪਰ ਫਰਸ਼ ਸਾਫ ਕੀਤਾ ਜਾ ਰਿਹਾ ਹੈ । ਰਜਾਈ ਫਟੀ ਹੋਈ ਹੈ ਪਰ ਉੱਪਰ ਸ਼ੁਨੀਲ ਦਾ ਗਿਲਾਫ ਚੜ੍ਹਾਇਆ ਜਾ ਰਿਹਾ ਹੈ। ਖੰਡਰ ਹਵੇਲੀ ਨੂੰ ਰੰਗ ਰੋਗਨ ਕਰਕੇ 'ਰੰਗਲੀ ਹਵੇਲੀ' ਲਿਖ ਕੇ ਭਰਮਾਇਆ ਜਾ ਰਿਹਾ ਹੈ। ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਉਪਰੰਤ ਮੁੜ ਵਸੇਬੇ ਵੱਲ ਵੀ ਕੋਈ ਯਤਨ ਨਹੀਂ ਕੀਤੇ ਜਾ ਰਹੇ।

ਗੱਲ 5-7 ਸਾਲ ਪੁਰਾਣੀ ਹੈ। ਮੈਂ ਆਪਣੀ ਕਰਮ ਭੂਮੀ (ਰੈਡ ਕਰਾਸ ਨਸ਼ਾ ਛੁਡਾਊ ਕੇਂਦਰ, ਸੰਗਰੂਰ) ਵਿੱਚ ਸਵੇਰੇ ਸਵੇਰੇ ਦਾਖਲ ਹੋਇਆ ਹੀ ਸਾਂ। ਸੁਨੇਹਾ ਮਿਲਿਆ ਕਿ ਸੰਗਰੂਰ ਦੇ ਰੈਸ਼ਟ ਹਾਊਸ ਵਿੱਚ ਨਸ਼ਿਆਂ ਦੀ ਰੋਕਥਾਮ ਸਬੰਧੀ ਜਰੂਰੀ ਮੀਟਿੰਗ ਹੈ, ਤੁਰੰਤ ਪਹੁੰਚੋਂ। ਹੁਕਮ ਦੀ ਪਾਲਣਾ ਕਰਦਾ ਹੋਇਆ ਮੈਂ ਪਹੁੰਚ ਗਿਆ। ਮੀਟਿੰਗ ਹਾਲ ਵਿੱਚ ਕਮਿਸ਼ਨਰ ਪਟਿਆਲਾ ਡਵੀਜ਼ਨ, ਡਿਪਟੀ ਕਮਿਸ਼ਨਰ ਸੰਗਰੂਰ, ਐਸ.ਐਸ.ਪੀ. ਸੰਗਰੂਰ ਅਤੇ ਸੀ.ਐਮ.ਓ. ਸੰਗਰੂਰ ਬੈਠੇ ਸਨ। ਕੁਝ ਹੋਰ ਅਧਿਕਾਰੀ ਵੀ ਸ਼ਾਮਿਲ ਸਨ। ਨਸ਼ਿਆਂ ਸਬੰਧੀ ਖੁੱਲ੍ਹ ਕੇ ਵਿਚਾਰ ਵਟਾਂਦਰਾ ਹੋ ਰਿਹਾ ਸੀ। ਮੈਂ ਉਨ੍ਹਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਨਿਰੋਲ ਨਸ਼ਾ ਛੱਡਣ ਵਾਲੀਆਂ ਗੋਲੀਆਂ ਦੇ ਗੱਫੇ ਨਸ਼ੱਈ ਨੌਜਵਾਨਾਂ ਨੂੰ ਨਸ਼ਾ ਮੁਕਤ ਨਹੀਂ ਕਰਨਗੇ। ਇਸ ਦੇ ਲਈ ਸਾਨੂੰ ਹੋਰ ਵੀ ਉਪਰਾਲੇ ਕਰਨੇ ਪੈਣਗੇ ਅਤੇ ਨਾਲ ਹੀ ਮੈਂ ਬੇਨਤੀ ਕੀਤੀ ਕਿ ਤੁਸੀਂ ਉਸ ਨਸ਼ਾ ਛੁਡਾਊ ਕੇਂਦਰ ਦੀ ਵਿਜ਼ਿਟ ਕਰੋ ਜਿੱਥੇ ਮੈਂ ਮੁੱਖ ਸੇਵਾਦਾਰ ਵਜੋਂ ਸੇਵਾ ਕਰ ਰਿਹਾ ਹਾਂ। ਡਿਪਟੀ ਕਮਿਸ਼ਨਰ ਦੇ ਕਹਿਣ ਤੇ ਸਾਰਿਆਂ ਨੇ ਨਸ਼ਾ ਛੁਡਾਊ ਕੇਂਦਰ ਵੱਲ ਕੂਚ ਕਰ ਦਿੱਤਾ।

ਸਚਾਈ ਇਹ ਹੈ ਕਿ ਮੈਨੂੰ ਤਾਂ ਸੰਸਥਾ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸੂਚਿਤ ਕਰਨ ਦਾ ਮੌਕਾ ਵੀ ਨਹੀਂ ਮਿਲਿਆ। ਕਾਰਾਂ ਦਾ ਕਾਫ਼ਲਾ ਅੰਦਰ ਪਹੁੰਚ ਗਿਆ। ਅਧਿਕਾਰੀਆਂ ਦੇ ਨਸ਼ੱਈ ਮਰੀਜਾਂ ਵਾਲੇ ਵਾਰਡ ਵਿੱਚ ਜਾਣ ਤੋਂ ਪਹਿਲਾਂ ਮੈਂ ਉਨ੍ਹਾਂ ਦਾ ਧਿਆਨ ਸੂਚਨਾ ਬੋਰਡ ਤੇ ਲੱਗੇ ਨੋਟਿਸ ਵੱਲ ਦਵਾਇਆ। ਜਿਸ ਉੱਪਰ ਹਰ ਰੋਜ਼ ਦੀ ਕਾਰਗੁਜ਼ਾਰੀ ਦਾ ਟਾਈਮ ਟੇਬਲ ਲੱਗਿਆ ਹੋਇਆ ਸੀ। ਉਸ ਟਾਈਮ ਟੇਬਲ ਵਿੱਚ ਦਾਖਲ ਨਸ਼ੱਈ ਮਰੀਜ਼ਾਂ ਵੱਲੋਂ ਪ੍ਰਭੂ ਸਿਮਰਨ, ਮੋਮਬਤੀਆਂ ਬਨਾਉਣ, ਯੋਗਾ ਮੈਡੀਟੇਸ਼ਨ, ਕਾਊਂਸਲਿੰਗ, ਉਸਾਰੂ ਸਾਹਿਤ ਪੜ੍ਹਣ ਆਦਿ ਲਈ ਸਮਾਂ ਨਿਸ਼ਚਿਤ ਕੀਤਾ ਹੋਇਆ ਸੀ। ਵਾਰਡ ਵਿੱਚ ਅਧਿਕਾਰੀ ਦਾਖਲ ਹੋ ਗਏ। ਉਸ ਵੇਲੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ 15ਕੁ ਨੌਜਵਾਨ ਦਾਖਲ ਸਨ ਅਤੇ ਅੰਦਾਜ਼ਨ ਸਾਰੇ ਹੀ ਨਸ਼ਾ ਮੁਕਤ ਹੋਣ ਲਈ ਯਤਨਸ਼ੀਲ ਵੀ ਸਨ। ਉਸ ਵੇਲੇ ਉਹ ਅਖ਼ਬਾਰ ਪੜ੍ਹਨ ਦੇ ਨਾਲ ਨਾਲ ਸਾਹਿਤ ਅਧਿਅਨ ਵੀ ਕਰ ਰਹੇ ਸਨ। ਉਨ੍ਹਾਂ ਦੇ ਹੱਥਾਂ ਵਿੱਚ ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਭਗਤ ਪੂਰਨ ਸਿੰਘ, ਨਰਿੰਦਰ ਸਿੰਘ ਕਪੂਰ ਅਤੇ ਹੋਰ ਲੇਖਕਾਂ ਦੀਆਂ ਪੁਸਤਕਾਂ ਫੜੀਆਂ ਹੋਈਆਂ ਸਨ। ਸਬੰਧਤ ਪੁਸਤਕਾਂ ਸਬੰਧੀ ਅਤੇ ਹੋਰ ਗਤੀਵਿਧੀਆਂ ਸਬੰਧੀ ਅਧਿਕਾਰੀਆਂ ਨੇ ਉਨ੍ਹਾਂ ਕੋਲੋਂ ਹੀ ਵਿਸਥਾਰ ਪੂਰਵਕ ਜਾਣਕਾਰੀ ਪ੍ਰਾਪਤ ਕੀਤੀ। ਉਸ ਸਮੇਂ ਦੇ ਐਸ.ਐਸ.ਪੀ. ਮਨਦੀਪ ਸਿੰਘ ਸਿੱਧੂ ਨੇ ਉਨ੍ਹਾਂ ਦੇ ਦ੍ਰਿੜ ਸੰਕਲਪ ਨੂੰ ਪਰਖ਼ਣ ਲਈ ਕਿਹਾ, " ਜੇ ਤੁਹਾਡੇ ਵਿੱਚੋਂ ਕੋਈ ਇਹ ਨਸ਼ਾ ਛੁਡਾਊ ਕੇਂਦਰ ਛੱਡ ਕੇ ਘਰ ਜਾਣਾ ਚਾਹੁੰਦਾ ਹੈ ਤਾਂ ਚਲੇ ਜਾਵੋ। ਗੇਟ ਖੋਲ ਦਿੰਦੇ ਹਾਂ।" ਨੌਜਵਾਨਾਂ ਨੇ ਇੱਕ ਸੁਰ ਹੋ ਕੇ ਹੌਂਸਲੇ ਨਾਲ ਜਵਾਬ ਦਿੱਤਾ, " ਨਹੀਂ ਜੀ, ਜੇ ਅਸੀਂ ਇਉਂ ਜਾਣਾ ਹੁੰਦਾ, ਫਿਰ ਅਸੀਂ ਦਾਖਲ ਹੀ ਕਾਹਨੂੰ ਹੁੰਦੇ ?" ਅਧਿਕਾਰੀ ਨੇ ਮੁਸਕੁਰਾਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ।

ਜਾਣ ਲੱਗਿਆਂ ਸੀਨੀਅਰ ਅਧਿਕਾਰੀ ਨੇ ਮੇਰੇ ਨਾਲ ਹੱਥ ਮਿਲਾਉਂਦਿਆਂ ਕਿਹਾ, "ਤੁਹਾਡੇ ਇਸ ਨੇਕ ਕਾਰਜ ਦੀ ਜਿਨ੍ਹੀ ਪ੍ਰਸ਼ੰਸਾ ਕੀਤੀ ਜਾਵੇ, ਉਨ੍ਹੀ ਥੋੜ੍ਹੀ ਹੈ।" ਉਹ ਸਬਦ ਮੇਰੇ ਅਤੇ ਸਟਾਫ ਲਈ ਅਨਮੋਲ ਤੋਹਫ਼ਾ ਸੀ।

# ਪਤੀ-ਪਤਨੀ ਦੇ ਰਿਸ਼ਤੇ ਅਧਾਰਤ ਦਿਲਚਸਪ ਨੋਕ-ਝੋਕ 'ਸੌਂਕਣ-ਸੌਂਕਣੇ'

'ਸੌਂਕਣ-ਸੌਂਕਣੇ' ਫ਼ਿਲਮ ਬਾਰੇ ਗੱਲ ਕਰਨ ਤੋਂ ਪਹਿਲਾਂ ਇੱਕ ਗੱਲ ਮੇਰੇ ਜ਼ਿਹਨ ਤੇ ਭਾਰੂ ਹੈ ਕਿ ਕੀ ਅੱਜ ਦੀ ਨਵੀਂ ਜਨਰੇਸ਼ਨ 'ਸੌਂਕਣ' ਸ਼ਬਦ ਦੇ ਅਰਥ-ਭਾਵ ਤੋਂ ਜਾਣੂ ਵੀ ਹੈ ? ਸੌਂਕਣ ਸ਼ਬਦ ਪੇਂਡੂ ਮੁਹਾਵਰੇ ਦੇ ਹਵਾਲੇ ਨਾਲ ਇੱਕ ਮੇਹਣੇ ਭਰਿਆ ਔਰਤਾਂ ਦੀ ਆਪਸੀ ਗਾਲ੍ਹ ਦਾ ਪ੍ਰਤੀਕ ਮੰਨਿਆ ਗਿਆ ਹੈ। ਪੁਰਾਤਨ ਵਿਰਸੇ ਨਾਲ ਜੁੜੇ ਲੋਕ ਜਾਣਦੇ ਹਨ ਕਿ ਜਦ ਇੱਕ ਘਰਵਾਲੀ ਦੇ ਜਿਉਂਦੇ ਜੀਅ ਉਸਦਾ ਪਤੀ ਦੂਜਾ ਵਿਆਹ ਕਰਵਾ ਕੇ ਇੱਕੋ ਚੁੱਲ੍ਹੇ 'ਤੇ ਦੋ ਜਨਾਨੀਆਂ ਦਾ ਪਤੀ ਬਣਦਾ ਹੈ ਤਾਂ ਉਹ ਦੋਵੇਂ ਪਹਿਲਾਂ ਤਾਂ ਆਪਸ ਵਿੱਚ ਭੈਣਾਂ ਵਰਗਾਂ ਵਿਵਹਾਰ ਕਰਦੀਆਂ ਹਨ ਜਦ ਕਦੇ ਉਨ੍ਹਾਂ ਦੇ ਮਨ 'ਚ ਕਿਸੇ ਕਾਰਣ ਖਟਾਸ਼ ਆ ਜਾਂਦੀ ਹੈ ਤਾਂ ਉਹ ਸੌਂਕਣਾਂ ਬਣਕੇ ਘਰਵਾਲੇ 'ਤੇ ਇੱਕ ਦੂਜੀ ਤੋਂ ਵੱਧ ਆਪਣਾ ਹੱਕ ਜਿਤਾਉਂਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਕਲੇਸ਼ ਵਿੱਚ ਫਸੇ ਘਰਵਾਲੇ ਦੀ ਕੀ ਹਾਲਤ ਹੋਵੇਗੀ, ਸਮਾਜ ਪਿੱਠ-ਪਿੱਛੇ ਕੀ-ਕੀ ਗੱਲਾਂ ਕਰੇਗਾ, ਇਨ੍ਹਾਂ ਸਾਰੇ ਹਾਲਾਤਾਂ ਅਤੇ ਸਥਿਤੀ ਨੂੰ ਬੜੀ ਸੰਜੀਦਗੀ ਨਾਲ ਇਸ ਫ਼ਿਲਮ ਰਾਹੀਂ ਵਿਖਾਉਣ ਦਾ ਯਤਨ ਕੀਤਾ ਗਿਆ ਹੈ। ਚੰਗੀ ਗੱਲ ਹੈ ਕਿ ਪੰਜਾਬ ਦੇ ਪੁਰਾਤਨ ਵਿਰਸੇ, ਰਿਸ਼ਤੇ-ਨਾਤਿਆਂ ਅਤੇ ਰਸਮ ਰਿਵਾਜ਼ਾਂ ਨੂੰ ਸਿਨਮੇ ਰਾਹੀਂ ਸਾਂਭਣ ਦਾ ਯਤਨ ਹੋ ਰਿਹਾ ਹੈ। ਐਮੀ ਵਿਰਕ ਦੀਆਂ ਮੁੱਢਲੀਆਂ ਫ਼ਿਲਮਾਂ 'ਨਿੱਕਾ ਜ਼ੈਲਦਾਰ , ਮੁਕਲਾਵਾ' ਆਦਿ ਫ਼ਿਲਮਾਂ ਵਾਂਗ ਹੁਣ ੧੩ ਮਈ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ 'ਸੌਂਕਣ-ਸੌਂਕਣੇ 'ਵੀ ਦਰਸ਼ਕਾਂ ਦਾ ਖੂਬ ਮਨੋਰੰਜਨ ਕਰਨ ਦੇ ਸਮਰੱਥ ਹੈ। ਫ਼ਿਲਮ ਵਿੱਚ ਸਰਗੁਣ ਮਹਿਤਾ ਤੇ ਨਿਮਰਤ ਖਹਿਰਾ ਭਾਵੇਂਕਿ ਦੋ ਸਕੀਆਂ ਭੈਣਾਂ ਹਨ ਪ੍ਰੰਤੂ ਸੌਂਕਣਾਂ ਬਣਕੇ



ਕਲੇਸ਼ ਭਰੇ ਰਿਸਤੇ ਨੂੰ ਵੀ ਬਾਖੂਬੀ ਨਿਭਾਇਆ ਹੈ। ਐਮੀ ਵਿਰਕ ਦਾ ਕਿਰਦਾਰ ਬਹੁਤ ਚਣੌਤੀ ਭਰਿਆ ਹੈ। ਨਿਰਮਲ ਰਿਸ਼ੀ ਨੇ ਆਪਣੀ ਬੇਹਤਰੀਨ ਅਦਾਕਾਰੀ ਸਦਕਾ ਫ਼ਿਲਮ ਨੂੰ ਹੋਰ ਵੀ ਵਧੀਆ ਬਣਾਇਆ ਹੈ।

ਨਾਦ ਐਸ.ਸਟੂਡੀਓਜ਼, ਡ੍ਰਿਮੀਆਤਾ ਪ੍ਰਾਈਵੇਟ ਲਿਮਿਟਡ, ਜੇ.ਆਰ ਪ੍ਰੋਡਕਸ਼ਨ ਹਾਊਸ ਦੇ ਬੈਨਰ ਦੀ ਇਸ ਫ਼ਿਲਮ ਵਿੱਚ ਗਾਇਕ ਐਮੀ ਵਿਰਕ, ਸਰਗੁਨ ਮਹਿਤਾ, ਨਿਮਰਤ ਖਹਿਰਾ,ਨਿਰਮਲ ਰਿਸ਼ੀ,ਕਾਕਾ ਕੋਤਕੀ, ਸੁਖਵਿੰਦਰ ਚਹਿਲ, ਮੋਹਨੀ ਤੂਰ ਤੇ ਰਵਿੰਦਰ ਮੰਡ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ ਅੰਬਰਦੀਪ ਸਿੰਘ ਨੇ ਲਿਖੀ ਹੈ ਅਤੇ ਨਿਰਦੇਸ਼ਨ ਅਮਰਜੀਤ ਸਿੰਘ ਸਾਰੋਂ ਨੇ ਦਿੱਤਾ ਹੈ। ਇਹ ਫ਼ਿਲਮ ਹਾਸੇ ਤੇ ਜਜ਼ਬਾਤਾਂ ਨਾਲ ਭਰਭੂਰ ਅਤੇ ਪਤੀ-ਪਤਨੀ ਦੇ ਖੂਬਸੂਰਤ ਰਿਸ਼ਤੇ ਨਾਲ ਜੁੜੀ ਹੋਈ ਹੈ।


ਫ਼ਿਲਮ ਦੇ ਟਰੇਲਰ ਦੀ ਗੱਲ ਕਰੀਏ ਤਾਂ ਇਹ ਇਸ ਵੇਲੇ ਬਹੁਤ ਚਰਚਾ ਵਿੱਚ ਹੈ ਜਿਸ ਨੂੰ ਵੇਖਦਿਆਂ ਦਰਸ਼ਕਾਂ ਦੇ ਦਿਲਾਂ ਵਿੱਚ ਫ਼ਿਲਮ ਵੇਖਣ ਦੀ ਉਤਸੁਕਤਾ ਵਧਦੀ ਜਾ ਰਹੀ ਹੈ। ਪਰਿਵਾਰ ਨੋਕ-ਝੋਕ ਅਤੇ ਸਮਾਜਿਕ ਨਹੋਰਿਆਂ ਨਾਲ ਭਰੀ ਇਸ ਫ਼ਿਲਮ ਦਾ ਗੀਤ ਸੰਗੀਤ ਵੀ ਬਹੁਤ ਵਧੀਆ ਹੈ। ਸੰਗੀਤ ਦੇਸੀ ਕਰੀਓ ਵਲੋਂ ਦਿੱਤਾ ਗਿਆ ਹੈ। ਗੀਤ ਬੰਟੀ ਬੈਂਸ, ਰਾਜ ਰਣਜੋਧ, ਰੌਣੀ ਅੰਜਲੀ ਅਤੇ ਅਰਜਣ ਵਿਰਕ ਨੇ ਲਿਖੇ ਹਨ ਜਿੰਨ੍ਹਾਂ ਨੂੰ ਐਮੀ ਵਿਰਕ, ਨਿਮਰਤ ਖਹਿਰਾ, ਰਾਜ ਰਣਜੋਧ, ਮਿਸ ਪੂਜਾ ਤੇ ਗੁਰਲੇਜ਼ ਅਖ਼ਤਰ ਨੇ ਪਲੇਅ ਬੈਕ ਗਾਇਆ ਹੈ। 13 ਮਈ ਨੂੰ ਇਹ ਫ਼ਿਲਮ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ।

-ਜਸ਼ਨਪ੍ਰੀਤ ਜੱਸਲ

# ਅਸੀਂ ਪ੍ਰਦੇਸੀ ਹੁੰਦੇ ਹਾਂ



ਗੁਰਜੀਤ ਗਿੱਲ ਰੀਜਾਇਨਾ
1 431 335 0935



ਪ੍ਰਦੇਸ ਸ਼ਬਦ ਦੀ ਸੌਖੇ ਸ਼ਬਦਾਂ ਵਿੱਚ ਵਿਆਖਿਆ ਕਰੀਏ ਤਾਂ ਉਹ ਦੇਸ ਤੋ ਪਰੇ ਦੀ ਗੱਲ ਜਿੱਥੇ ਆਪਾ ਜੰਮੇ ਪਲੇ , ਵੱਡੇ ਹੋਏ , ਬਚਪਨ ਬੀਤਿਆ , ਪੜਾਈ ਕੀਤੀ , ਨੌਕਰੀ ਕੀਤੀ ਤੇ ਬਾਅਦ ਵਿੱਚ ਚੰਗੇ ਭਵਿੱਖ ਦੀ ਭਾਲ ਤੇ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਕੇ ਕਿਸੇ ਦੂਸਰੇ ਦੇਸ਼ ਵਿੱਚ ਪ੍ਰਵੇਸ਼ ਕਰਨ ਨੂੰ ਪ੍ਰਦੇਸ ਆਖਦੇ ਹਨ। ਪਰਦੇਸੀ ਹੋਣਾ ਤੇ ਆਪਣੇ ਦੇਸ਼ ਨੂੰ ਛੱਡਣਾ ਬਹੁਤ ਔਖਾ ਹੁੰਦਾ । ਕਿੰਨੇ ਰਿਸ਼ਤੇ ਨਾਤੇ , ਮੋਹ ਪਿਆਰ ਦੀਆਂ ਤੰਦਾਂ , ਜਿੰਨਾ ਨਾਲ ਬਚਪਨ ਬੀਤਿਆ ਹੁੰਦਾ ਬਹੁਤ ਔਖੇ ਹੁੰਦੇ ਉਹ ਯਾਰ ਦੋਸਤ ਛੱਡਣੇ ।

ਅੱਜ ਤੋਂ 20-30 ਸਾਲ ਪਹਿਲਾ 1995 ਤੋਂ ਲੈ ਕੇ 2005 ਤੱਕ ਕੱਲੇ ਦੁਆਬੇ ਦਾ ਇਲਾਕੇ ਹੀ ਜ਼ਿਆਦਾ ਬਾਹਰਲਏ ਮੁਲਕੀਂ ਆਇਆ ਸੀ। ਬਾਅਦ ਵਿੱਚ ਹੌਲੀ -ਹੌਲੀ ਜਦੋਂ ਮਾਲਵੇ ਤੇ ਮਾਝੇ ਇਲਾਕੇ ਦੇ ਲੋਕਾਂ ਵਿੱਚ ਕੈਨੇਡਾ - ਅਮਰੀਕਾ ਪ੍ਰਤੀ ਜਾਗਰੂਕਤਾ ਵਧੀ ਤਾਂ ਦੇਖਦੇ ਹੀ ਦੇਖਦੇ 5-10 ਸਾਲਾ ਵਿੱਚ ਹੀ ਮਾਲਵੇ ਤੇ ਮਾਝੇ ਦੇ ਘਰਾਂ ਤੇ ਕੋਠੀਆਂ ਨੂੰ ਦੁਆਬੇ ਵਾਂਗ ਜਿੰਦੇ ਲੱਗ ਗਏ। ਪਰਦੇਸੀਆਂ ਦੀਆਂ ਵੀ ਅਲੱਗ- ਅਲੱਗ ਕਿਸਮਾਂ ਹਨ । ਜਿੰਨਾ ਵਿੱਚ ਜੇ ਆਪਾ ਗੱਲ ਕਰੀਏ ਤਾਂ ਪੱਕੇ ਪਰਦੇਸੀ ਤੇ ਕੱਚੇ ਪਰਦੇਸੀ । ਪੱਕੇ ਪਰਦੇਸੀ ਉਹ ਹੁੰਦੇ ਹਨ ਜਿੰਨਾ ਦਾ ਪਹਿਲਾ ਕੋਈ ਨਾ ਕੋਈ ਦੂਰ ਨੇੜੇ ਦਾ ਰਿਸ਼ਤੇਦਾਰ ਜਿੰਨਾ ਵਿੱਚ ਉਹਨਾਂ ਦਾ ਕੋਈ ਸਕਾ ਭੈਣ ਭਰਾ , ਚਾਚਾ ਤਾਇਆ ਜਾ ਕੋਈ ਮਾਮਾ ਮਾਸੜ ਬਾਹਰ ਸੀ ਉਹਨਾਂ ਵੱਲੋਂ ਪੱਕੇ ਤੌਰ ਤੇ ਸੱਧੇ ਪੱਕੇ (ਫ੍ਰ) ਪਰਦੇਸੀ ਹੁੰਦੇ ਹਨ ਤੇ ਦੂਜੇ ਪਾਸੇ ਕੱਚੇ ਤੌਰ ਤੇ ਆਏ ਪਰਦੇਸੀਆਂ ਵਿੱਚ ਜ਼ਿਆਦਾਤਰ ਗਿਣਤੀ ਪੜਾਈ ਕਰਨ ਪ੍ਰਦੇਸ਼ ਆਏ ਮੁੰਡੇ-ਕੁੜੀਆਂ ਦੀ ਹੁੰਦੀ ਹੈ , ਤੇ ਬਾਕੀ ਰਹਿੰਦੇ ਕੱਚੇ ਤੌਰ ਤੇ ਘੁੰਮਣ - ਫਿਰਨ ਆਏ ਪੰਜਾਬੀਆ ਦੀ ਹੁੰਦੀ ਹੈ । ਪਰ ਚਾਰ - ਪੰਜ ਸਾਲ ਦੀ ਪੜਾਈ ਦੇ ਨਾਲ ਨਾਲ ਸਖਤ ਮਿਹਨਤ ਸਦਕਾ ਇਹ ਮੁੰਡੇ ਕੁੜੀਆਂ ਵੀ ਪੱਕੇ ਤੌਰ ਤੇ ਇਹਨਾਂ ਦੇਸ਼ਾਂ ਵਿੱਚ ਆਪਣੇ ਪੈਰ ਜਮਾ ਲੈਂਦੇ ਹਨ । ਪਰ ਉਹਨਾਂ ਨੂੰ ਸੰਘਰਸ਼ ਬਹੁਤ ਕਰਨਾ ਪੈਦਾ ਪੱਕੇ ਹੋਣ ਲਈ। ਪਰ ਇਹਨਾਂ ਪਰਦੇਸੀਆਂ ਦਾ ਪੰਜਾਬ ਪ੍ਰਤੀ ਮੋਹ ਬਰਾਬਰ ਹੀ ਹੁੰਦਾ ਹੈ । ਜਦੋਂ ਆਪਾ ਪੰਜਾਬ ਹੁੰਦੇ ਹਾਂ ਤਾਂ ਹਰ ਬੰਦੇ ਦੀ ਇਹੀ ਇੱਛਾ ਹੁੰਦੀ ਹੈ ਕਿ ਮੇਰਾ ਜਲਦੀ ਤੋਂ ਜਲਦੀ ਬਾਹਰ (ਅਬਰੋਅਦ) ਦਾ ਬਣੇ ਪਰ ਉਹਨਾਂ ਲਈ ਪੰਜਾਬ ਨੂੰ ਛੱਡਣਾ ਵੀ ਬਹੁਤ ਔਖਾ ਹੁੰਦਾ ਪਰ ਜਿਵੇਂ ਸਿਆਣੇ ਕਹਿੰਦੇ ਆ ਮਜਬੂਰੀ ਬੰਦੇ ਤੋਂ ਬਹੁਤ ਕੁੱਝ ਕਰਵਾ ਦਿੰਦੀ ਹੈ । ਕਿਉਂਕਿ ਉੱਥੇ ਰਹਿ ਕੇ ਚੰਗੇ ਭਵਿੱਖ ਦੀ ਕਾਮਨਾ ਕਰਨੀ ਬਹੁਤ ਮੁਸ਼ਕਲ ਹੁੰਦੀ ਹੈ । ਉੱਥੇ 40% ਲੋਕ ਸਰਕਾਰੀ ਨੌਕਰੀਆਂ ਵਾਲੇ ਹੁੰਦੇ ਹਨ ਤੇ ਬਾਕੀ ਆਮ ਲੋਕ ਜਿੰਨਾ ਵਿੱਚ ਦਿਹਾੜੀਦਾਰ ਜਾ ਜ਼ਿਮੀਂਦਾਰ ਲੋਕ ਹੁੰਦੇ ਜੋ ਥੋੜ੍ਹੀ ਬਹੁਤੀ ਖੇਤੀ ਕਰਦੇ ਹਨ ਜਾ ਕਈ ਕਿਸੇ ਗੈਰਸਰਕਾਰੀ ਮਹਿਕਮੇ ਵਿੱਚ ਜਾ ਫ਼ੈਕਟਰੀਆਂ ਵਿੱਚ ਬਹੁਤ ਘੱਟ ਕਮਾਈ ਪ੍ਰਤੀ ਮਹੀਨੇ ਤੇ ਨੌਕਰੀ ਕਰਦੇ ਹਨ । ਜਿਸ ਨਾਲ ਉੱਥੇ ਗੁਜ਼ਾਰਾ ਕਰਨਾ ਮੁਸ਼ਕਲ ਹੀ ਨਹੀਂ ਨਾਮੁਮਕਿਨ ਹੁੰਦਾ ਹੈ । ਦੂਜੀ ਵੱਡੀ ਸਮੱਸਿਆ ਉੱਥੇ ਇਹ ਹੈ ਕਿ ਜੇ ਉੱਥੇ ਘਰ ਵਿੱਚ ਇੱਕ ਬੰਦਾ ਕੰਮ ਕਰਦਾ ਤਾਂ ਦੂਜੇ ਪਰਵਾਰਿਕ ਮੈਂਬਰ ਉਸ ਉੱਪਰ ਨਿਰਭਰ ਹੁੰਦੇ ਹਨ । ਉਹਨਾਂ ਲੋਕਾਂ ਨੂੰ ਇਹ ਕੋਹਾਂ ਮੀਲਾਂ ਦੀ ਦੂਰੀ ਨਹੀਂ ਦਿਖਦੀ , ਉਹਨਾਂ ਨੂੰ ਇਹ ਪ੍ਰਦੇਸ਼ ਕੰਧ ਉਹਲੇ ਹੀ ਲੱਗਦੇ ਹਨ । ਪਰ ਜਦੋਂ ਬੰਦਾ ਇੱਥੇ ਪਹੁੰਚ ਜਾਂਦਾ ਹੈ ਤਾਂ ਫਿਰ ਇੱਥੋਂ ਦੀ ਭੱਜ ਨੱਠ ਦੀ ਜ਼ਿੰਦਗੀ ਵਿੱਚ ਜਿਆਦਾ ਰੁੱਝ ਜਾਂਦਾ ਹੈ ਤਾਂ ਉਹਨੂੰ ਨਵੇਂ ਨਵੇਂ ਆਏ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਅਸੀਂ ਕਿੱਥੇ ਆ ਕੇ ਬੈਠ ਗਏ ਕਿਉਂਕਿ ਇੱਕ ਤਾਂ ਨਵੇਂ ਆਏ ਬੰਦੇ ਨੂੰ ਬਾਹਰ ਦਾ ਚਾਅ ਹੁੰਦਾ ਹੈ । ਉਹਦੇ ਲਈ ਸਭ ਕੁੱਝ ਨਵਾਂ ਹੁੰਦਾ ਹੈ ਤੇ ਬਾਕੀ ਪੈਸੇ ਦਾ ਫਰਕ ਵੀ ਉਹਨੂੰ ਹੋਰ ਅਡੋਲ ਬਣਾ ਦਿੰਦਾ ਹੈ । ਪਰ ਹੌਲੀ ਹੌਲੀ ਜਦੋਂ 2-4 ਸਾਲ ਗੁਜ਼ਰ ਜਾਂਦੇ ਨੇ ਬੰਦੇ ਦਾ ਕੰਮ ਕਾਰ ਸੈੱਟ ਹੋ ਜਾਂਦਾ ਹੈ ਤਾਂ ਉਹਦੇ ਦਿਲ ਵਿੱਚ ਆਪਣੇ ਦੇਸ਼ ਪੰਜਾਬ ਪ੍ਰਤੀ ਮੋਹ ਫਿਰ ਜਾਗ ਜਾਂਦਾ ਹੈ । ਫਿਰ ਜਦੋਂ ਉਹਦਾ ਆਪਣਾ ਕੋਈ ਉਹਦੇ ਦੂਜੇ ਦੇਸ਼ ( ਪੰਜਾਬ) ਵਿੱਚ ਰਹਿੰਦਾ ਉਹਨੂੰ ਛੱਡ ਹਮੇਸ਼ਾ ਲਈ ਉਸ ਕੋਲ਼ੋਂ ਵਿੱਛੜਦਾ ਹੈ ਤਾਂ ਉਸ ਸਮੇਂ ਉਹ ਕੋਹਾਂ ਦੀ ਦੂਰੀ ਉਹਨੂੰ ਮਹਿਸੂਸ ਹੁੰਦੀ ਹੈ ਕਿ ਕਿੱਥੇ ਆ ਕੇ ਬੈਠ ਗਏ । ਜਾਂਦੇ ਸਮੇਂ ਜਾਣ ਵਾਲੇ ਦਾ ਮੂੰਹ ਵੀ ਨਹੀਂ ਦੇਖ ਹੁੰਦਾ। ਇਹ ਹਰ ਘਰ ਦੀ ਕਹਾਣੀ ਹੈ । ਬਹੁਤ ਸਾਰੇ ਸਾਕ ਸੰਬੰਧੀ , ਰਿਸ਼ਤੇਦਾਰ ਇੱਦਾ ਦੇ ਸਾਡੇ ਤੋਂ ਮਗਰੋਂ ਤੁਰ ਜਾਂਦੇ ਨੇ ਜਿੰਨਾ ਨੂੰ ਅਖੀਰਲੀ ਘੜੀ ਮਿਲ ਵੀ ਨਹੀਂ ਹੁੰਦਾ । ਜਦੋਂ ਵੀ ਹਰ ਕੋਈ ਇੱਥੋਂ 2 ਜਾਂ 4 ਸਾਲ ਬਾਅਦ ਪੰਜਾਬ ਗੇੜਾ ਮਾਰਦਾ ਤਾਂ ਹਰ ਪਿੰਡ ਵਿੱਚੋਂ 20-25 ਬੰਦੇ ਹਮੇਸ਼ਾ ਲਈ ਇਸ ਸੰਸਾਰ ਤੋਂ ਕੂਚ ਕਰ ਚੁੱਕੇ ਹੁੰਦੇ ਹਨ। ਉਦੋਂ ਫਿਰ ਬੰਦਾ ਪੁੱਛਦਾ ਯਾਰ ਫਲਾਨਾ ਸਿੰਘ ਜਿਹੜਾ ਆਪਣੇ ਦਰਵਾਜ਼ੇ ਮੂਹਰੇ ਦੀ ਲੰਘਦਾ ਹੁੰਦਾ ਸੀ ਹੁਣ ਦੇਖਿਆ ਨੀ ਕਿਤੇ ਤਾਂ ਪਤਾ ਚੱਲਦਾ ਕਿ ਉਹ ਤਾਂ ਪਿਛਲੇ ਮਹੀਨੇ ਚੱਲ ਵਸਿਆ ਤਾਂ ਦਿੱਲ ਨੂੰ ਹੌਲ ਜਿਹਾ ਪੈ ਜਾਂਦਾ ਹਾਲਾਕਿ ਉਹਦੇ ਨਾਲ ਕੋਈ ਬਾਹ਼ਲੀ ਬਹਿਣੀ ਉੱਠਣੀ ਵੀ ਨਹੀਂ ਹੁੰਦੀ ਆਪਣੀ ਪਰ ਫਿਰ ਵੀ ਪੰਜਾਬ ਰਹਿੰਦੇ ਸਮੇਂ ਉਹਨੂੰ ਹਰ ਰੋਜ ਦਰਵਾਜ਼ੇ ਵਿੱਚੋਂ ਲੰਘਦੇ ਹੋਏ ਨੂੰ ਸਤਿ ਸ੍ਰੀ ਅਕਾਲ ਬੁਲਾਉਣੀ ਜਾ ਹੱਥ ਖੜ੍ਹਾ ਕਰਨਾ ਵੀ ਇੱਕ ਮੋਹ ਭਰਿਆ ਰਿਸ਼ਤਾ ਹੀ ਬਣ ਜਾਂਦਾ ਹੈ । ਇਸੇ ਤਰਾਂ ਦੀਆਂ ਹੋਰ ਬਹੁਤ ਦੂਰ ਨੇੜੇ ਦੀਆਂ ਰਿਸ਼ਤੇਦਾਰੀਆਂ ਵਿੱਚ ਵੀ ਵਾਪਰਦਾ ਹੈ। ਉਦੋਂ ਬੰਦਾ ਇੱਕ ਪਲ ਲਈ ਸੁੰਨ ਹੋ ਜਾਂਦਾ ਹੈ ਤੇ ਸੋਚਦਾ ਹੈ ਕਿ ਕਿੰਨੀ ਦੂਰ ਆ ਕੇ ਬੈਠ ਗਏ ਯਾਰ ਪਰ ਕਰ ਕੁਝ ਨੀ ਸਕਦਾ ਹੁੰਦਾ ਬੱਸ ਇਹ ਮਿੱਠੀ ਜੇਲ ਇੱਦਾ ਹੀ ਸਾਰੀ ਉਮਰ ਕੱਟਣੀ ਪੈਂਦੀ ਹੈ । ਉਝ ਇਹ ਦੇਸ਼ ਮਾੜੇ ਨਹੀਂ ਬਹੁਤ ਘਰਾਂ ਦੀ ਗਰੀਬੀ ਚੁੱਕੀ , ਵਧੀਆ ਘਰ ਇੱਥੇ ਤੇ ਪਿੱਛੇ ਵੱਡੀਆਂ ਕੋਠੀਆਂ , ਇੱਥੇ ਵਧੀਆ ਕਾਰਾਂ, ਹੋਰ ਸੁੱਖ ਸਹੂਲਤਾਂ ਸਭ ਕੁਝ ਮਿਲਦਾ ਹੈ ਪਰ ਫਿਰ ਵੀ ਸਾਡੇ ਸ਼ੁਫਨਿਆ ਵਿੱਚ ਉਹੀ ਪਿੰਡ , ਖੇਤ ਦੀ ਮਿੱਟੀ , ਗੁਰੂਘਰਾਂ ਵਿੱਚ ਚੱਲਦੀ ਸੁਭਾ ਸ਼ਾਮ ਗੁਰਬਾਣੀ , ਆਂਢ ਗੁਆਂਢ ਦਾ ਮੋਹ , ਬਾਬਿਆਂ ਦੀ ਸੱਥ ਬੱਸ ਇਹੀ ਸਭ ਕੁਝ ਘੁੰਮਦਾ ਰਹਿੰਦਾ ਹੈ । ਮੈਂ ਆਖੀਰ ਵਿੱਚ ਇਹੀ ਕਹਾਂਗਾ ਕਿ ਮੇਰਾ ਉਹ ਪੰਜਾਬ ਹਮੇਸ਼ਾ ਲਈ ਹੱਸਦਾ ਵੱਸਦਾ ਰਹੇ ।



# ਮਾਂ ਦੀ ਮਮਤਾ ਅਤੇ ਸਮਾਜਿਕ ਰਿਸ਼ਤਿਆਂ ਦੀ ਕਹਾਣੀ ਮਾਂ



ਸੁਰਜੀਤ ਜੱਸਲ
9814607737

ਰਾਣਾ ਰਣਬੀਰ ਪੰਜਾਬੀ ਰੰਗਮੰਚ ਤੇ ਸਿਨਮੇ ਦੀ ਇੱਕ ਨਾਮਵਰ ਸਖ਼ਸੀਅਤ ਹੈ ਜਿਸਨੇ ਅਦਾਕਾਰੀ ਤੇ ਲੇਖਣੀ ਵਿੱਚ ਉੱਚਾ ਕੱਦ ਕੱਢਿਆ ਹੈ। ਬਤੌਰ ਲੇਖਕ ਉਸਦੀਆਂ ਫ਼ਿਲਮਾਂ ਚਰਚਾ ਦਾ ਵਿਸ਼ਾ ਰਹੀਆਂ ਹਨ। 'ਅਰਦਾਸ, ਅਰਦਾਸ ਕਰਾਂ' ਵਰਗੀਆਂ ਫ਼ਿਲਮਾਂ ਦੀ ਪ੍ਰਸਿੱਧੀ ਨੇ ਉਸਨੂੰ ਸੋਹਰਤ ਦੇ ਸਿਖਰਾਂ ਤੇ ਪਹੁੰਚਾਇਆ। ਹੁਣ 6 ਮਈ ਨੂੰ ਰਿਲੀਜ਼ ਹੋ ਰਹੀ ਫ਼ਿਲਮ ਮਾਂ ਵੀ ਰਾਣਾ ਰਣਬੀਰ ਦੀ ਲਿਖੀ ਇੱਕ ਸ਼ਾਹਕਾਰ ਰਚਨਾ ਹੋਵੇਗੀ। ਮਾਂ ਨੂੰ ਰੱਬ ਦਾ ਦੂਜਾ ਨਾਂ ਦਿੱਤਾ ਗਿਆ ਹੈ। ਮਾਂ ਦਾ ਕਰਜ਼ ਕੋਈ ਸਾਰੀ ਉਮਰ ਨਹੀਂ ਦੇ ਸਕਦਾ ਪ੍ਰੰਤੂ ਅੱਜ ਦੇ ਕੁਝ ਕਲਯੁਗੀ ਪੁੱਤਾਂ ਸਦਕਾ ਮਾਵਾਂ ਸੜਕਾਂ 'ਤੇ ਰੁਲਣ ਲਈ ਮਜਬੂਰ ਹਨ। ਜ਼ਿਕਰਯੋਗ ਹੈ ਕਿ ਰਾਣਾ ਰਣਬੀਰ ਨੇ ਕਝ ਸਾਲ ਪਹਿਲਾਂ ਮਾਂ ਦੀ ਮਮਤਾ ਅਤੇ ਸਮਾਜਿਕ ਰਿਸ਼ਤਿਆਂ ਅਧਾਰਤ ਫ਼ਿਲਮ 'ਆਸੀਸ' ਵੀ ਬਣਾਈ ਸੀ ਜਿਸ ਵਿੱਚ ਉਸਨੇ ਨਿਰਦੇਸ਼ਨ ਦੇ ਨਾਲ ਨਾਲ ਮੁੱਖ ਭੁਮਿਕਾ ਵੀ ਨਿਭਾਈ ਸੀ। ਰਾਣਾ ਰਣਬੀਰ ਨੇ ਆਪਣੀ ਇਸ ਨਵੀਂ ਫ਼ਿਲਮ 'ਮਾਂ' ਰਾਹੀਂ ਮਾਂ ਦੀ ਮਮਤਾ, ਮਾਂ ਦੇ ਤਿਆਗ ਅਤੇ ਸਤਿਕਾਰ ਦੀ ਗੱਲ ਨੂੰ ਬੜੀ ਭਾਵੁਕਤਾ ਨਾਲ ਪਰਦੇ 'ਤੇ ਉਤਾਰਿਆ ਹੈ। ਅਰਦਾਸ, ਅਰਦਾਸ ਕਰਾਂ ਅਤੇ ਆਸੀਸ ਤੋਂ ਬਾਅਦ ਸਮਾਜਿਕ ਰਿਸ਼ਤਿਆਂ ਪ੍ਰਤੀ ਭਾਵੁਕਤਾ ਭਰੀ ਇਸ ਫ਼ਿਲਮ ਮਾਂ ਨੂੰ ਹੰਬਲ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਨਿਰਮਾਤਾ ਰਵਨੀਤ ਕੌਰ ਗਰੇਵਾਲ ਤੇ ਗਿੱਪੀ ਗਰੇਵਾਲ ਨੇ ਬਣਾਇਆ ਹੈ। 6 ਮਈ ਨੂੰ ਰਿਲੀਜ਼ ਹੋਣ ਜਾ ਰਹੀ ਇਸ ਫ਼ਿਲਮ ਦਾ ਟਰੇਲਰ ਪਿਛਲੇ ਦਿਨੀਂ ਰਿਲੀਜ਼ ਹੋਇਆ ਹੈ ਜਿਸਨੂੰ ਦਰਸ਼ਕਾਂ ਦਾ ਵੱਡਾ ਹੁੰਗਾਰਾਂ ਮਿਲ ਰਿਹਾ ਹੈ।






ਦਿੱਵਿਆ ਦੱਤਾ ਪੰਜਾਬੀ ਤੇ ਹਿੰਦੀ ਸਿਨਮੇ ਦੀ ਨਾਮੀਂ ਅਦਾਕਾਰਾ ਹੈ ਜੋ 'ਸਹੀਦ ਏ ਮੁਹੱਬਤ ਬੂਟਾ ਸਿੰਘ' ਦੇ ਲੰਮੇ ਵਕਫ਼ੇ ਤੋਂ ਬਾਅਦ ਇਸ ਫ਼ਿਲਮ ਰਾਹੀਂ ਮੁੜ ਪ੍ਰਭਾਵਸ਼ਾਲੀ ਕਿਰਦਾਰ ਚ ਨਜ਼ਰ ਆਵੇਗੀ। ਉਸਨੇ ਇਸ ਫ਼ਿਲਮ ਚ ਮਾਂ ਦਾ ਮੁੱਖ ਕਿਰਦਾਰ ਨਿਭਾਇਆ ਹੈ। ਉਸਦਾ ਇਹ ਕਿਰਦਾਰ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਤ ਕਰੇਗਾ। ਗੁਰਪ੍ਰੀਤ ਘੁੱਗੀ ਦੀ ਗੱਲ ਕਰੀਏ ਤਾਂ ਅਰਦਾਸ ਵਾਂਗ ਇਸ ਫ਼ਿਲਮ ਵਿਚ ਵੀ ਉਸਦਾ ਕਿਰਦਾਰ ਕਾਮੇਡੀ ਕਿਰਦਾਰਾਂ ਤੋਂ ਹਟਕੇ ਭਾਵੁਕਤਾ ਭਰਿਆ ਹੈ। ਉਸਦੀਆਂ ਨਸੀਅਤ ਭਰੀਆਂ ਗੱਲਾਂ ਸਭ ਨੂੰ ਚੰਗੀਆਂ ਲੱਗਣਗੀਆ। ਫ਼ਿਲਮ ਦੀ ਕਹਾਣੀ ਜੱਗ ਜਣਨੀਂ-ਮਾਂ ਤੇ ਉਸਦੇ ਦੋ ਪੁੱਤਰਾਂ ਅਧਾਰਤ ਹੈ ਜੋ ਧਰਤੀ ਮਾਂ ਦੀਆਂ ਵੰਡੀਆਂ ਵਾਂਗ ਅਜੋਕੇ ਸਮਾਜ ਦੀ ਗੱਲ ਕਰਦੀ ਹੈ। ਇੱਕ ਪੁੱਤ ਬੱਬਲ ਰਾਏ ਹੈ ਤੇ ਦੂਜਾ ਗਿੱਪੀ ਗਰੇਵਾਲ ਹੈ। ਦੋਵਾਂ ਪੁੱਤਰਾਂ ਦੀ ਸੋਚ, ਕਹਿਣੀ ਤੇ ਕਰਨੀ ਵਿੰਚ ਫ਼ਰਕ ਹੈ। ਮਾਂ ਪ੍ਰਤੀ ਕਿਹੜਾ ਪੁੱਤ ਆਪਣੇ ਫ਼ਰਜ਼ ਪੂਰਦਾ ਹੈ ਇਹ ਅੱਜ ਸਾਡੇ ਸਮਾਜ ਦਾ ਗੰਭੀਰ ਮੁੱਦਾ ਹੈ। ਜਿਸਨੂੰ ਇਨ੍ਹਾਂ ਦੋਵੇਂ ਕਿਰਦਾਰਾਂ ਰਾਹੀਂ ਪਰਦੇ 'ਤੇ ਪੇਸ਼ ਕੀਤਾ ਗਿਆ ਹੈ। ਰਾਣਾ ਰਣਬੀਰ ਨੇ ਜਿੱਥੇ ਐਨੀਂ ਵਧੀਆ ਵਿਸ਼ਾ ਲਿਖਿਆ ਹੈ ਉੱਥੇ ਉਸਨੇ ਆਪਣਾ ਕਿਰਦਾਰ ਦੋਗਲੇ ਕਿਸਮ ਦੇ ਬੰਦੇ ਦਾ ਨਿਭਾਇਆ ਹੈ।

ਗਿੱਪੀ ਗਰੇਵਾਲ ਦੀ ਬਤੌਰ ਨਿਰਮਾਤਾ ਸਿਫ਼ਤ ਕਰਨੀ ਬਣਦੀ ਹੈ ਕਿ ਉਹ ਕਾਮੇਡੀ ਤੇ ਸੰਗੀਤਕ ਫ਼ਿਲਮਾਂ ਦੇ ਨਾਲ ਨਾਲ ਇੱਕ ਫ਼ਿਲਮ ਸਮਾਜ ਪ੍ਰਤੀ ਗੰਭੀਰਤਾ ਭਰੀ ਵੀ ਜਰੂਰ ਦਿੰਦਾ ਹੈ। ਇਸ ਫ਼ਿਲਮ ਵਿੱਚ ਗਿੱਪੀ ਗਰੇਵਾਲ, ਦਿੱਵਿਆ ਦੱਤਾ, ਗੁਰਪ੍ਰੀਤ ਘੁੱਗੀ, ਬੱਬਲ ਰਾਏ, ਰਾਣਾ ਰਣਬੀਰ, ਪ੍ਰਿੰਸ ਕੰਵਲਜੀਤ, ਰਘਬੀਰ ਬੋਲੀ, ਵੱਡਾ ਗਰੇਵਾਲ, ਆਸ਼ੀਸ ਦੁੱਗਲ, ਅਰੁਸ਼ੀ ਸ਼ਰਮਾ ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਤਰਸੇਮ ਪਾਲ ਅਤੇ ਪ੍ਰਕਾਸ਼ ਗਾਦੂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਡਾਇਰੈਕਟਰ ਬਲਜੀਤ ਸਿੰਘ ਦਿਓ ਹੈ। ਸਰਦੂਲ ਸਿੰਕਦਰ, ਅਮਰ ਨੂਰੀ, ਹਰਭਜਨ ਮਾਨ, ਫ਼ਿਰੋਜ ਖਾਨ, ਕਮਲ ਖਾਨ, ਕਰਮਜੀਤ ਅਨਮੋਲ, ਰਿੱਕੀ ਖਾਨ ਨੇ ਇਸ ਫ਼ਿਲਮ ਲਈ ਪਲੇਅ ਬੈਕ ਗਾਇਆ ਹੈ। ਗੀਤ ਹੈਪੀ ਰਾਏਕੋਟੀ, ਫਤਿਹ ਸ਼ੇਰਗਿੱਲ, ਮਾਨਾ ਮੰਡ ਨੇ ਲਿਖੇ ਹਨ। ਖ਼ਾਸ ਗੱਲ 'ਮਾਂ ਦਿਵਸ' 'ਤੇ ਰਿਲੀਜ਼ ਹੋ ਰਹੀ ਇਸ ਫ਼ਿਲਮ ਦੀ ਦਰਸ਼ਕਾਂ ਵਲੋਂ ਉਡੀਕ ਕੀਤੀ ਜਾ ਰਹੀ ਹੈ।

## ਸੁੱਖ ਲੋੜਦੇ ਪੰਜਾਬ ਸਿਆਂ ਤੇਰੀ –




ਅਮਰਜੀਤ ਸਿੰਘ ਗਰੇਵਾਲ
98761 38523



# ਪੰਜਾਬ ਦਾ ਉਜੜਿਆ ਬਾਗ ਕਿਵੇਂ ਆਬਾਦ ਹੋਵੇ

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਜਿਤ ਨੂੰ ਕਿਸਾਨ ਮੋਰਚੇ ਦੀ ਜਿਤ ਵਾਂਗ ਦੇਖਿਆ ਜਾਂਦਾ ਹੈ। ਦੋਹਾਂ ਦੀ ਜਿਤ ਦਾ ਸਿਹਰਾ ਪੰਜਾਬ ਦੇ ਲੋਕਾਂ ਨੂੰ ਜਾਂਦਾ ਹੈ। ਕਿਸਾਨ ਮੋਰਚੇ ਦੀ ਜਿਤ ਪਿਛੇ ਜਿੰਨਾ ਕੁ ਰੋਲ ਕਿਸਾਨ ਜਥੇਬੰਦੀਆਂ ਦਾ ਸੀ, ਓਨਾ ਕੁ ਹੀ ਆਮ ਆਦਮੀ ਪਾਰਟੀ ਦੀ ਜਿਤ ਪਿਛੇ ਉਸਦੀ ਲੀਡਰਸ਼ਿਪ ਦਾ ਰਿਹਾ ਹੋਵੇਗਾ। ਦੋਨੋ ਥਾਈਂ ਪੰਜਾਬ ਦੇ ਲੋਕ ਜਾਤੀ, ਜਮਾਤੀ ਅਤੇ ਫਿਰਕੂ ਵਖਰੇਵਿਆਂ ਤੋਂ ਉਪਰ ਉਠ ਕੇ ਪੰਜਾਬ ਦੇ ਸਾਂਝੇ ਹਿਤਾਂ ਲਈ ਲੜੇ ਅਤੇ ਸ਼ਾਨਦਾਰ ਜਿਤ ਪ੍ਰਾਪਤ ਕੀਤੀ। ਜਿਵੇਂ ਕਿਸਾਨ ਜਥੇਬੰਦੀਆਂ ਕੋਲ ਕਿਸਾਨੀ ਦੇ ਭਵਿਖ ਦਾ ਕੋਈ ਨਕਸ਼ਾ ਨਹੀਂ ਸੀ, ਉਹ ਕੇਵਲ ਖੇਤੀ ਕਾਨੂੰਨਾਂ ਦੀ ਵਾਪਸੀ ਨੂੰ ਹੀ ਆਪਣੀ ਜਿਤ ਸਮਝ ਬੈਠੇ। ਉਸੇ ਤਰ੍ਹਾਂ ਜੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਆਪਣੇ ਆਪ ਨੂੰ ਪਿਛਲੀਆਂ ਸਰਕਾਰਾਂ ਦੁਆਰਾ ਕੀਤੀ ਲੁਟ ਖਸੁਟ, ਭ੍ਰਿਸ਼ਟਾਚਾਰ ਮਾਫੀਏ, ਆਦਿ ਦੀ ਸਫਾਈ ਤੱਕ ਹੀ ਸੀਮਤ ਕਰੀ ਰੱਖਿਆ ਅਤੇ ਪੰਜਾਬ ਦੇ ਪੁਨਰ-ਨਿਰਮਾਣ ਦਾ ਕੋਈ ਵਿਯਨ/ ਰੋਡ ਮੈਪ ਤਿਆਰ ਕਰਕੇ ਇੰਪਲੀਮੈਂਟ ਨਾ ਕੀਤਾ, ਤਾਂ ਉਸਦਾ ਹਸ਼ਰ ਵੀ ਕਿਸਾਨ ਜਥੇਬੰਦੀਆਂ ਵਾਲਾ ਹੀ ਹੋਵੇਗਾ। ਪੰਜਾਬ ਦੇ ਲੋਕ ਥੱਕਣ ਹਾਰਨ ਵਾਲੇ ਨਹੀਂ, ਲੰਮੀ ਲੜਾਈ ਦੇ ਆਦੀ ਹਨ। ਪਿਛੇ ਵੀ ਨਹੀਂ ਮੁੜਨਗੇ, ਸਿਰਜਣਾਤਮਕ ਡਿਸਰਪਸ਼ਨ ਉਨ੍ਹਾਂ ਦੇ ਖੂਨ ਵਿਚ ਹੈ। ਚੋਰੀ, ਲੁਟ ਖਸੁਟ, ਭ੍ਰਿਸ਼ਟਾਚਾਰ ਅਤੇ ਮਾਫੀਏ ਨੂੰ ਖਤਮ ਕੀਤੇ ਬਿਨਾ ਤਾਂ ਆਪਣੇ ਵਿਯਨ ਨੂੰ ਇੰਪਲੀਮੈਂਟ ਕਰਨਾ ਵੀ ਸੰਭਵ ਨਹੀਂ ਹੋਵੇਗਾ। ਭਗਵੰਤ ਮਾਨ ਸਰਕਾਰ ਇਸ ਕੰਮ ਵਿਚ ਪੂਰੀ ਸੁਹਿਰਦਤਾ ਨਾਲ ਜੁਟੀ ਹੋਈ ਹੈ। ਕਈ ਅਰਥਸ਼ਾਸਤਰੀਆਂ ਨੇ ਤਾਂ ਹਿਸਾਬ ਲਗਾ ਕੇ ਦੱਸ ਵੀ ਦਿਤਾ ਹੈ ਕਿ ਅਜਿਹਾ ਕਰਕੇ 28 ਹਜ਼ਾਰ ਕਰੋੜ ਤੱਕ ਦੀ ਕਮਾਈ ਕੀਤੀ ਜਾ ਸਕਦੀ ਹੈ। ਪਰ ਇਸ ਕਮਾਈ ਨੂੰ ਕੀ ਪਾਪੂਲਿਸਟ ਸਕੀਮਾਂ ਉਪਰ ਖਰਚ ਕਰ ਕੇ ਦੂਸਰੇ ਰਾਜਾਂ ਵਿਚ ਆਪਣੀ ਭੱਲ ਹੀ ਬਨਾਉਣੀ ਹੈ, ਜਾਂ ਪੰਜਾਬ ਦੇ ਪੁਨਰ ਨਿਰਮਾਣ ਰਾਹੀਂ ਪੰਜਾਬ ਨੂੰ ਮੁੜ ਤੋਂ ਵਸਣ ਯੋਗ ਬਣਾ ਕੇ ਸੁਰਜੀਤ ਪਾਤਰ ਦੀ ਭਗਵੰਤ ਮਾਨ ਸਰਕਾਰ ਬਾਰੇ ਕਹੀ ਇਹ ਗੱਲ ਸੱਚ ਸਾਬਤ ਕਰਨੀ ਹੈ: "ਮੇਰੇ ਪੁਤ ਦਾ ਬਾਗ ਵੀਰਾਨ ਹੋਇਆ, ਆਇਆ ਕਰਨ ਹੈ ਫੇਰ ਆਬਾਦ ਕੋਈ। ਪੰਜਾਬ ਤਦ ਹੀ ਆਬਾਦ ਹੋਏਗਾ ਜਦ ਇਸਦੀ ਯੂਥ ਆਬਾਦ ਹੋਵੇਗੀ; ਇਸਦਾ ਪੇਂਡੂ ਭਾਈਚਾਰਾ ਆਬਾਦ ਹੋਏਗਾ। ਇਹਨਾ ਦੋਨਾ ਨੂੰ ਆਬਾਦ ਕਰਨ ਲਈ ਸਨਮਾਨਯੋਗ ਰੁਜ਼ਗਾਰ ਪੈਦਾ ਕਰਨਾ ਹੋਵੇਗਾ। ਅਜਿਹਾ ਰੁਜ਼ਗਾਰ ਜੋ ਇਨ੍ਹਾਂ ਨੂੰ ਮੱਧ-ਵਰਗੀ ਸਹੂਲਤਾਂ ਮੁਹਈਆ ਕਰਵਾ ਸਕੇ। ਆਪਾਂ ਇਹ ਵੀ ਜਾਣਦੇ ਹਾਂ ਕਿ ਰੁਜ਼ਗਾਰ ਹੁਣ ਸਰਕਾਰੀ ਨੌਕਰੀਆਂ ਦੀ ਸ਼ਕਲ ਧਾਰ ਕੇ ਨਹੀਂ ਆਵੇਗਾ। ਨਾ ਹੀ ਪੰਜਾਬ ਵਿਚ ਏਨੀ ਇੰਡਸਟਰੀ ਬੁਲਾਈ ਜਾ ਸਕਦੀ ਹੈ ਜੋ ਸਭਨਾ ਲਈ ਮੱਧ-ਵਰਗੀ ਰੁਜ਼ਗਾਰ ਦਾ ਪ੍ਰਬੰਧ ਕਰੇ। ਔਂਟਰਪਰਿਨਿ?ਰਸ਼ਿਪ ਅਤੇ ਵਿਸ਼ਵ ਜੌਬ ਮਾਰਕਿਟ ਵਿਚ ਇੰਟੈਲੀਜੈਂਟ ਕਿਰਤ ਹੀ ਦੋ ਮਾਰਗ ਬਚੇ ਹਨ। ਇਨ੍ਹਾਂ ਉਪਰ ਚੱਲਣ ਲਈ ਯੂਥ ਨੂੰ ਹਾਇਰ ਔਰਡਰ ਸਕਿਲਜ਼ ਵਿਚ ਪ੍ਰਵੀਨ ਕਰਨਾ ਹੋਵੇਗਾ। ਇਹ ਕੰਮ ਕੇਵਲ ਉਚ-ਸਿਖਿਆ ਪ੍ਰਣਾਲੀ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਰਾਹੀਂ ਹੀ ਸੰਭਵ ਬਣਾਇਆ ਜਾ ਸਕਦਾ ਹੈ। ਸਿਖਿਆ, ਕਿਰਤ ਕਮਾਈ, ਸਿਰਜਣਾ, ਔਂਟਰਪਰਿਨਿ?ਰਸ਼ਿਪ ਅਤੇ ਸਵੈ-ਖੋਜ ਨੂੰ ਇਕਜੁਟ ਸਹਿ-ਹੋਂਦ ਵਿਚ ਬੰਨ੍ਹ ਕੇ। ਅਜਿਹਾ ਕਰਨ ਲਈ ਤਕਨਾਲੋਜੀ, ਡਿਜੀਟਲ ਇਨਫਰਾਸਟਰਕਚਰ ਅਤੇ ਹੋਰ ਲੋੜੀਂਦੇ ਵਸੀਲੇ ਪਹਿਲਾਂ ਹੀ ਵਿਸ਼ਵ ਪੱਧਰ ਤੇ ਮੌਜੂਦ ਹਨ। ਕੇਵਲ ਸਿਆਸੀ ਇਛਾ ਸ਼ਕਤੀ ਦੀ ਲੋੜ ਹੈ। ਇਛਾ ਸ਼ਕਤੀ ਜਟਾਉਣੀ ਕੋਈ ਸੌਖਾ ਕੰਮ ਨਹੀ। ਫਿਊਡਲ ਅਤੇ ਬਿਗ-ਮਨੀ ਦੇ ਬੁਰਜ ਹਿਲਣਗੇ। ਪਰ ਭਗਵੰਤ ਮਾਨ ਨੂੰ ਲੋਕਾਂ ਨੇ ਏਨੀ ਸ਼ਕਤੀ ਦਿਤੀ ਹੈ ਕਿ ਉਹ ਬਿਨਾ ਕਿਸੇ ਭੈਅ ਦੇ ਲੋਕਾਂ ਦੇ ਹੱਕ ਵਿਚ ਕ੍ਰਾਂਤੀਕਾਰੀ ਫੈਸਲੇ ਲੈ ਸਕੇ।

ਭਗਵੰਤ ਮਾਨ ਲਈ ਆਪਣੀ ਨਵੀਂ ਪਛਾਣ ਸਥਾਪਤ ਕਰਨੀ ਕਿਉਂ ਜ਼ਰੂਰੀ ਹੈ ਪੰਜਾਬ ਵਿਚ ਬਹੁਤ ਸਾਰੀਆਂ ਪਾਪੂਲਿਸਟ ਸਕੀਮਾਂ ਸ਼ੁਰੂ ਕਰਕੇ, ਦੂਸਰੇ ਰਾਜਾਂ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਨਾਉਣ ਦੀਆਂ ਕੋਸ਼ਿਸ਼ਾਂ ਕੇਵਲ ਪੰਜਾਬ ਦੇ ਅਰਥਚਾਰੇ ਦਾ ਨੁਕਸਾਨ ਹੀ ਨਹੀਂ ਕਰਨਗੀਆਂ, ਸਗੋਂ ਸਿਖਿਆ ਸੁਧਾਰਾਂ ਅਤੇ ਪੇਂਡੂ ਭਾਈਚਾਰੇ ਦੇ ਸੁਸ਼ਕਤੀਕਰਣ ਦੇ ਪ੍ਰਗੋਗਰਾਮਾਂ ਨੂੰ ਵੀ ਪਿਛੇ ਪਾ ਦੇਣਗੀਆਂ। ਪਾਪੂਲਿਸਟ ਪ੍ਰੋਗਰਾਮ ਇੰਤਜ਼ਾਰ ਕਰ ਸਕਦੇ ਹਨ।

ਸਭ ਤੋਂ ਪਹਿਲਾਂ ਸਿਖਿਆ, ਸਿਹਤ ਅਤੇ ਪੇਂਡੂ ਸੁਸ਼ਕਤੀਕਰਣ ਦੇ ਪ੍ਰੋਗਰਾਮਾਂ ਨੂੰ 'ਪੰਜਾਬ 2.0' ਦੇ ਨਿਰਮਾਣ ਦਾ ਨਾਮ ਦੇ ਕੇ ਇਸ ਦਿਸ਼ਾ ਵਿੱਚ ਜੁਟ ਜਾਣਾ ਚਾਹੀਦਾ ਹੈ। ਮੁਖ ਮੰਤਰੀ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਉਹ ਆਪਣੀ ਪਛਾਣ ਪਾਪੂਲਿਸਟ ਕਿਸਮ ਦੇ ਇੱਕ ਸਧਾਰਨ ਨੇਤਾ ਦੀ ਥਾਂ, 'ਪੰਜਾਬ 2.0' ਦੇ ਨਿਰਮਾਤਾ ਵੱਜੋਂ ਸਥਾਪਤ ਕਰਨ। ਉਨ੍ਹਾਂ ਦੀ ਇਹ ਨਵੀਂ ਪਛਾਣ ਪੰਜਾਬ ਦੇ ਇਤਿਹਾਸ ਵਿਚ ਟਰਨਿੰਗ ਪੁਆਇੰਟ ਵਜੋਂ ਨਿਸ਼ਚਿਤ ਹੋਵੇਗੀ। ਦਿੱਲੀ ਕੀ ਸਮੁਚੇ ਭਾਰਤ ਲਈ ਰਾਹ ਦਸੇਰਾ ਬਣੇਗੀ। ਅੰਦਰੂਨੀ ਅਤੇ ਬਾਹਰੀ ਦੁਸ਼ਮਣ, ਨਿੱਜੀ ਹਿਤ ਅਤੇ ਅਣਦਿਸਦੇ ਖਤਰੇ ਉਨ੍ਹਾਂ ਦੀ ਇਸ ਪਛਾਣ ਅੱਗੇ ਖੜ੍ਹ ਨਹੀਂ ਸਕਣਗੇ। ਪੰਜਾਬ 2.0 ਦਾ ਰੋਡ ਮੈਪ ਦੇਣ ਨਾਲ ਉਨ੍ਹਾਂ ਦੀ ਇਹ ਨਵੀਂ ਪਛਾਣ ਛੇਤੀ ਹੀ ਇੱਕ ਲਹਿਰ ਦਾ ਰੂਪ ਧਾਰ ਲਵੇਗੀ।

## ਵਿਸਾਖੀ ਅਤੇ ਖਾਲਸਾ ਸਾਜਨਾ ਦਿਹਾੜੇ ਮੌਕੇ ਹੋਣ ਵਾਲੇ ਦੇ ਨਗਰ ਕੀਰਤਨ ਸਬੰਧੀ ਬੇਨਤੀਆਂ

1- ਗੁਰੂਘਰ ਦੇ ਨੇੜੇ ਤੇੜੇ ਕੋਈ ਵੀ ਗੱਡੀ ਉਸ ਦਿਨ ਪਾਰਕਿੰਗ ਨਾ ਕਰੋ। ਹੋ ਸਕੇ ਤਾਂ ਬੱਸ ਜਾਂ ਕਿਸੇ ਤੋਂ ਰਾਈਡ ਦਾ ਪ੍ਰਬੰਧ ਕਰੋ ਜੀ।

2- ਕਦੀ ਵੀ ਸੜਕ ਜਾਂ ਗਲੀ ਨੂੰ ਅਚਾਨਕ ਪਾਰ ਕਰਨ ਦੀ ਕੋਸਿਸ ਨਾ ਕਰੋ। ਸਿਰਫ ਪੁਲਿਸ ਜਾਂ ਸਕਿਓਰਟੀ ਗਾਰਡ ਦੀ ਨਿਗਰਾਨੀ ਹੇਠ ਹੀ ਸੜਕ ਪਾਰ ਕਰੋ। ਕੋਸਿਸ ਕਰੋ ਕਿ ਸੜਕ ਪਾਰ ਕਰਨ ਲਈ ਕਰੌਸਵਾਕ ਜਾਂ ਇੰਟਰਸੈਕਸਨ ਵਾਲੀ ਜਗ੍ਹਾ ਹੀ ਵਰਤੀ ਜਾਵੇ।

3- ਸੇਵਾਦਾਰਾਂ ਦੀ ਗੱਲ ਸੁਣੋ ਅਤੇ ਕਦੇ ਵੀ ਘਾਹ ਉੱਤੇ ਨਾ ਤੁਰੋ, ਜੇਕਰ ਤੁਸੀਂ ਉਸ ਦਿਨ ਹੋਰ ਘਰਾਂ ਦੇ ਲੋਕਾਂ ਦਾ ਘਾਹ ਮਿੱਧ ਦੇਵੋਂਗੇ ਤਾਂ ਆਪਣੇ ਇਸ ਨਗਰ ਕੀਰਤਨ ਦਾ ਉਹਨਾਂ ਲੋਕਾਂ ਦੇ ਦਿਲਾਂ ਉੱਤੇ ਮਾੜਾ ਪ੍ਰਭਾਵ ਪਵੇਗਾ। ਅਫਰਾ ਤਫਰੀ ਫੈਲਾਉਣ ਦੀ ਬਜਾਇ ਲਾਈਨਾਂ ਬੰਨਕੇ ਤੁਰਨਾ ਸਿੱਖੋ। ਉਸ ਦਿਨ ਤੁਹਾਡੀ ਡਿਊਟੀ ਬਣਦੀ ਹੈ ਕਿ ਕਿਸੇ ਸੇਵਾਦਾਰ ਨੂੰ ਤੁਹਾਨੂੰ ਕਿਸੇ ਗੱਲੋਂ ਰੋਕਣਾ ਟੋਕਣਾ ਨਾ ਪਵੇ ਸਗੋਂ ਤੁਸੀਂ ਖੁਦ ਹੀ ਅਜਿਹਾ ਮਾਹੌਲ ਦੇਵੋ ਕਿ ਹਰ ਬੰਦਾ ਆਪਣੇ ਆਪ ਨੂੰ ਉਸ ਦਿਨ ਸੇਵਾਦਾਰ ਹੀ ਸਮਝੇ। ਗਾਰਵੇਜ ਸੁੱਟਣ ਲਈ ਜੇਕਰ ਲਗਾਏ ਹੋਏ ਕਾਲੇ ਬੈਗ ਭਰ ਜਾਂਦੇ ਹਨ ਤਾਂ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਲੋਕ ਬਾਹਰ ਹੀ ਲਿਬੜੀਆਂ ਹੋਈਆਂ ਕਾਲੀਆਂ ਪਲੇਟਾਂ ਦੇ ਬੈਗ ਦੇ ਕੋਲ ਢੇਰ ਲਗਾ ਦਿੰਦੇ ਹਨ। ਉਸ ਵੇਲੇ ਤੁਹਾਡਾ ਫਰਜ਼ ਬਣਦਾ ਹੈ ਕਿ ਉਸ ਭਰੇ ਹੋਏ ਬੈਗ ਨੂੰ ਵੱਡੇ ਬਿਨ ਵਿੱਚ ਸੁੱਟ ਦੇਵੋ ਅਤੇ ਨਵਾਂ ਬੈਗ ਲਗਾ ਦਿਓ। ਪਾਣੀ ਜੂਸ ਵਾਲੀਆਂ ਬੋਤਲਾਂ ਸਿਰਫ ਰੀ ਸਾਈਕਲ ਵਾਲੇ ਬੈਗਾਂ ਵਿੱਚ ਹੀ ਸੁਟੋ।

4- ਖਾਲਸਾਈ ਪ੍ਰਤੀਕ ਕੇਸਰੀ ਦਸਤਾਰਾਂ ਅਤੇ ਕੇਸਰੀ ਦੁਪੱਟੇ ਸਜਾਕੇ ਆਉਣਾ ਜੀ।

5- ਦਾਨ ਦੇਣ ਵੇਲੇ ਇਹਨਾਂ ਗੱਲਾਂ ਦਾ ਖਿਆਲ ਰੱਖਣਾ:-ਲੰਗਰ ਲਈ ਪਲਾਸਟਿਕ ਦੀਆਂ ਪਲੇਟਾਂ,ਗਲਾਸ, ਚਮਚੇ,ਹੱਥ ਸਾਫ ਕਰਨ ਲਈ ਪੇਪਰ,ਆਦਿ ਦੇਵੋ(ਕਿਸੇ ਵੀ ਪੰਜਾਬੀ ਗਰੌਸਰੀ ਸਟੋਰ ਮਿਲ ਸਕਦੀਆਂ ਹਨ)

6- ਘਰ ਵਿੱਚ ਤਿਆਰ ਕੀਤਾ ਕੋਈ ਵੀ ਫੂਡ ਉਸ ਦਿਨ ਗੁਰੂਘਰ ਨਾ ਲੈਕੇ ਆਵੋ ਜੀ ਸਗੋਂ ਜੇ ਕਰ ਕਿਸੇ ਰੈਸਟੋਰੈਂਟ ਤੋਂ ਵੱਡੀ ਮਾਤਰਾ ਵਿੱਚ ਦਾਨ ਦੇਣ ਲਈ ਫੂਡ ਲਿਆਉਣਾ ਹੈ ਤਾਂ ਪਹਿਲਾਂ ਗੁਰੂਘਰ ਦੇ ਲੰਗਰ ਦੇ ਸੇਵਾਦਾਰਾਂ ਨਾਲ ਸੰਪਰਕ ਜਰੂਰ ਕਰ ਲਵੋ ਜੀ।

7- ਫੂਡ ਬੈਂਕ ਵਿੱਚ ਦਾਨ ਲਈ ਡੱਬਾ ਬੰਦ ਫੂਡ ਦੀ ਹੀ ਵਰਤੋਂ ਕਰੋ ਜੀ।

8- ਨਗਰ ਕੀਰਤਨ ਵਿੱਚ ਹੋਰ ਵੀ ਬਹੁਤ ਸਾਰੀਆਂ (ਇੰਡੀਆਂ ਤੋਂ ਬਿਨਾ) ਕਮਿਓਨਟੀਆਂ ਵੀ ਹਿੱਸਾ ਲੈਂਦੀਆਂ ਹਨ। ਗੁਰੂ ਮਹਾਰਾਜ ਦੇ ਸਤਿਕਾਰ ਲਈ ਬਹਤ ਹੀ ਪਿਆਰ ਨਾਲ ਉਹਨਾਂ ਨੂੰ ਸਿਰ ਢੱਕਣ ਲਈ ਪ੍ਰੇਰਿਤ ਕਰੋ। ਕਦੀ ਵੀ ਉਸ ਨਾਲ ਰੁੱਖਾ ਵਤੀਰਾ ਨਾ ਕਰੋ ਕਿ ਤੂੰ ਸਿਰ ਕਿਓਂ ਨਹੀਂ ਢਕਿਆ। ਹੋ ਸਕਦੈ ਉਹ ਪਹਿਲੀ ਬਾਰ ਇਸ ਪਰੇਡ ਵਿੱਚ ਸਾਮਿਲ ਹੋਇਆ ਹੋਵੇ ਅਤੇ ਉਸ ਨੂੰ ਸਿੱਖ ਧਰਮ ਬਾਰੇ ਕੋਈ ਜਾਣਕਾਰੀ ਨਾ ਹੋਵੇ! ਜੇਕਰ ਤੁਹਾਨੂੰ ਉਸ ਨਾਲ ਗੱਲਬਾਤ ਕਰਨ ਲਈ ਅੰਗਰੇਜੀ ਨਹੀਂ ਆਉਂਦੀ ਤਾਂ ਆਪਣੀ ਕਮਿਓਨਟੀ ਦੇ ਕਿਸੇ ਅੰਗਰੇਜ਼ੀ ਜਾਨਣ ਵਾਲੇ ਵਿਅਕਤੀ ਦੀ ਮੱਦਦ ਲੈ ਲਵੋ।

9- ਬੱਚਿਆਂ ਦੀ ਜੇਬ ਵਿੱਚ ਫੋਨ ਨੰਬਰ ਜਰੂਰ ਲਿਖਕੇ ਪਾਵੋ ਤਾਂ ਕਿ ਗੁੰਮ ਹੋ ਜਾਣ ਮੌਕੇ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕੇ। ਕੋਸਿਸ ਕਰੋ ਕਿ ਉਸ ਦਿਨ ਜਿਹੜੇ ਕੱਪੜੇ ਬੱਚੇ ਨੇ ਪਹਿਨੇ ਹੋਣ ਉਹਨਾਂ ਕੱਪੜਿਆਂ ਵਾਲੀ ਫੋਟੋ ਵੀ ਆਪਣੇ ਸੈਲ ਫੋਨ ਵਿੱਚ ਜਰੂਰ ਖਿੱਚਕੇ ਰੱਖੋ ਜੀ।

10- ਆਪਣੀ ਅਤੇ ਹੋਰਾਂ ਦੀ ਸੁਰੱਖਿਆ ਕਰਨਾ ਹਰ ਸਿੱਖ ਦਾ ਫਰਜ਼ ਹੈ। ਜੇਕਰ ਤੁਹਾਨੂੰ ਕੋਈ ਵਿਅਕਤੀ ਸ਼ੱਕੀ ਲੱਗਦਾ ਹੈ ਜਾਂ ਕੋਈ ਵੀ ਚੀਜ ਨਗਰ ਕੀਰਤਨ ਦੇ ਰਸਤੇ ਵਿੱਚ ਜਾਂ ਗਰਾਉਂਡਾਂ ਵਿੱਚ ਦਿਖਾਈ ਦਿੰਦੀ ਹੈ ਤਾਂ ਹਫੜਾ ਦਫੜੀ ਨਹੀਂ ਮਚਾਉਣੀ ਸਗੋਂ ਉਸ ਨੂੰ ਕੰਟਰੋਲ ਕਰਨ ਲਈ ਪੁਲਿਸ ਅਧਿਕਾਰੀਆਂ ਜਾਂ ਨਗਰ ਕੀਰਤਨ ਦੇ ਵਾਲੰਟੀਅਰਾਂ ਨੂੰ ਸੂਚਿਤ ਕਰ ਸਕਦੇ ਹੋ।

ਬੇਨਤੀ ਕਰਤਾ:- ਹਰਬੰਸ ਬੁੱਟਰ ਸੰਪਾਦਕ -"ਪੰਜਾਬੀ ਅਖ਼ਬਾਰ"















# ਮਾਵਾਂ ਠੰਡੀਆਂ ਛਾਵਾਂ ਦੀ ਓਟ ਵਿੱਚ ਪੰਜਾਬਣਾਂ ਦੇ ਗਿੱਧੇ ਦੀਆਂ ਧਮਾਲਾਂ 8 ਮਈ ਨੂੰ ਕੈਲਗਰੀ ਵਿੱਚ ਪੈਣਗੀਆਂ




## 75 ਸਾਲ ਤੋਂ ਵੱਧ ਉਮਰ ਦੀਆਂ ਮਾਵਾਂ ਲਈ ਦਾਖਲਾ ਮੁਫਤ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 8 ਮਈ ਨੂੰ ਦੁਨੀਆ ਭਰ ਅੰਦਰ ਮਾਵਾਂ ਨੂੰ ਚੇਤੇ ਕਰਦਿਆਂ ਮਦਰ ਡੇਅ ਮਨਾਇਆ ਜਾਂਦਾ ਹੈ। ਬੀਤੇ ਦੋ ਸਾਲਾਂ ਤੋਂ ਭਾਵੇਂ ਕਰੋਨਾ ਮਹਾਮਾਰੀ ਕਾਰਣ ਇਹੋ ਜਿਹੇ ਤਿਓਹਾਰਾਂ ਦਾ ਰੰਗ ਫਿੱਕਾ ਪੈ ਗਿਆ ਸੀ ਪਰ ਇਸ ਸਾਲ ਕੈਲਗਰੀ ਵਿੱਚ ਬਹੁਤ ਵੱਡੇ ਪੱਧਰ ਉੱਪਰ ਪੰਜਾਬਣਾਂ ਦੇ ਵੱਡੇ ਇਕੱਠ ਵਿੱਚ ਇਹ ਦਿਨ ਜੁਬਲੀ ਬੈਂਕੁਇਟ ਹਾਲ ਵਿਖੇ 8 ਮਈ ਦਿਨ ਐਂਤਵਾਰ ਨੂੰ ਦਿਨ ਦੇ ਇੱਕ ਵਜੇ ਗਿੱਧਿਆ ਦੀ ਰਾਣੀ ਨਰਿੰਦਰ ਗਿੱਲ ਦੀ ਰਹਿਨੁਮਾਈ ਹੇਠ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਸਬੰਧੀ ਪੰਜਾਬੀ ਅਖ਼ਬਾਰ ਨੂੰ ਜਾਣਕਾਰੀ ਦਿੰਦਿਆਂ ਨਰਿੰਦਰ ਗਿੱਲ ਨੇ ਦੱਸਿਆ ਉਸ ਦਿਨ ਠੀਕ 1 ਵਜੇ ਹਾਲ ਦੇ ਦਰਵਾਜੇ ਖੁੱਲ ਜਾਣਗੇ। 2 ਵਜੇ ਪਰੋਗਰਾਮ ਸੂਰੂ ਹੋ ਜਾਵੇਗਾ। ਪਰੋਗਰਾਮ ਲੇਟ ਹੋਣ ਦਾ ਕੋਈ ਕਾਰਣ ਹੀ ਨਹੀਂ ਕਿਉਂਕਿ ਆਮ ਤੌਰ ਤੇ ਬਾਹਰੋਂ ਆਇਆ ਕਲਾਕਾਰ ਸਟੇਜ ਉੱਪਰ ਆਉਣ ਲਈ ਅਕਸਰ ਹੀ ਲੇਟ ਪਹੁੰਚਦਾ ਹੈ ਪਰ ਇਸ ਪਰੋਗਰਾਮ ਵਿੱਚ ਤਾਂ ਆਈ ਹੋਈ ਹਰ ਪੰਜਾਬਣ ਮੁਟਿਆਰ ਅਤੇ ਬਜੁਰਗ ਮਾਂ ਹੀ ਖੁਦ ਕਲਾਕਾਰ ਹੋਵੇਗੀ। ਹਰ ਕਿਸੇ ਲਈ ਆਪਣੀ ਕਲਾ ਨੂੰ ਦੁਜਿਆਂ ਅੱਗੇ ਰੱਖਣ ਦਾ ਮੌਕਾ ਮਿਲੇਗਾ। ਗਿੱਧੇ ਭੰਗੜੇ ਦੀਆਂ ਪੇਸ਼ਕਾਰੀਆਂ ਤੋਂ ਇਲਾਵਾ ਬਹੁਤ ਵੱਡੀ ਗਿਣਤੀ ਵਿੱਚ ਲੱਕੀ ਡਰਾਅ ਵੀ ਕੱਢੇ ਜਾਣਗੇ। ਸਭ ਤੋਂ ਵੱਡੀ ਉਮਰ ਬਜੁਰਗ ਮਾਂ ਨੂੰ ਵਿਸੇਸ ਸਨਮਾਨ ਦਿੱਤਾ ਜਾਵੇਗਾ। ਅਸੀਂ ਤੁਹਾਨੂੰ ਵਿਸਵਾਸ ਦਿਵਾਉਂਦੇ ਹਾਂ ਕਿ 8 ਮਈ ਦਾ ਇਹ ਦਿਨ ਮਾਵਾਂ ਅਤੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਹੋਵੇਗਾ। ਤੁਹਾਡੀ ਟਿਕਟ ਅਤੇ ਹਾਜਰੀ ਦਾ ਪੂਰਾ ਮੁੱਲ ਮੋੜੇ ਜਾਣ ਦਾ ਅਸੀਂ ਦਾਅਵਾ ਕਰਦੇ ਹਾਂ।ਟਿਕਟਾਂ ਸਾਂਝਾ ਪੰਜਾਬ ਗਰੌਸਰੀ ਸਟੋਰ ਦੀਆਂ ਤਿੰਨੇ ਲੋਕੇਸ਼ਨਾਂ ਉੱਪਰ ਮਿਲ ਰਹੀਆਂ ਹਨ। ਮੌਕੇ ਉੱਪਰ ਵੀ ਟਿਕਟਾਂ ਦਾ ਪਰਬੰਧ ਅਸੀਂ ਕਰਾਂਗੇ ਪਰ ਫਿਰ ਵੀ ਮਾਵਾਂ-ਭੈਣਾਂ ਨੂੰ ਬੇਨਤੀ ਹੈ ਕਿ ਆਪਣੀ ਟਿਕਟ ਪਹਿਲਾਂ ਹੀ ਖਰੀਦਕੇ ਆਪਣਾ ਦਾਖਲਾ ਗਾਰੰਟਿਡ ਕਰ ਲੈਣ। 75 ਸਾਲ ਤੋਂ ਵੱਧ ਉਮਰ ਦੀਆਂ ਮਾਵਾਂ ਲਈ ਦਾਖਲਾ ਮੁਫਤ ਹੋਵੇਗਾ ਪਰ ਇਸ ਦਾਖਲੇ ਲਈ ਉਹਨਾਂ ਕੋਲ ਆਪਣੇ ਜਨਮ ਦਿਨ ਦੇ ਸਬੂਤ ਵੱਜੋਂ ਫੋਟੋ ਵਾਲਾ ਸਨਾਖਤੀ ਕਾਰਡ ਹੋਣਾ ਜਰੂਰੀ ਹੈ। ਵਧੇਰੇ ਜਾਣਕਾਰੀ ਲਈ ਨਰਿੰਦਰ ਗਿੱਲ ਨਾਲ 403 891 4031 ਫਨ ਉੱਪਰ ਸੰਪਰਕ ਕਤਿਾ ਜਾ ਸਕਦਾ ਹੈ।

# "ਟੋਬਾ ਗੋਲਡ ਕੱਪ 2022" ਫ਼ੀਲਡ ਹਾਕੀ ਟੂਰਨਾਮੈਂਟ ਵਿਨੀਪੈਗ ਵਿੱਚ 27, 28, 29 ਮਈ ਨੂੰ ਹੋਵੇਗਾ




## "ਦਰਸ਼ਕਾਂ ਲਈ 55 ਇੰਚ ਦਾ ਸਮਾਰਟ ਟੀ ਵੀ" ਲੱਕੀ ਡਰਾਅ ਵਿੱਚ ਕੱਢਿਆ ਜਾਵੇਗਾ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮੌਜੂਦਾ ਸਮੇਂ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆ ਸਾਹਮਣੇ ਸਭ ਤੋਂ ਵੱਡੀ ਚੁਨੌਤੀ, ਆਪਣੀ ਨਵੀਂ ਪੀੜੀ ਨੂੰ ਸਾਂਭਣ ਦੀ ਹੈ। ਨਸ਼ਾ, ਗੈਂਗਵਾਰ, ਮਾਰ-ਧਾੜ ਸਭਿਆਚਾਰ ਵਰਗੀਆਂ ਸਮਾਜਿਕ ਕੁਰੀਤੀਆਂ ਵਿਚ ਧਸਦੀ ਜਾ ਰਹੀ ਜਵਾਨੀ ਨੂੰ ਜੇਕਰ ਕਿਸੇ ਸਾਰਥਿਕ ਪਾਸੇ ਨਾ ਲਾਇਆ ਗਿਆ ਤਾਂ ਸਾਨੂੰ ਇਹ ਭਲੀਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਸਾਡਾ ਭਵਿੱਖ ਖ਼ਤਰੇ ਵਿਚ ਹੈ। ਇਨ੍ਹਾਂ ਕੁਰੀਤੀਆਂ ਤੋਂ ਬਚਾਉਣ ਦਾ ਇੱਕ ਕਾਰਗਰ ਤਰੀਕਾ ਹੋ ਸਕਦਾ ਹੈ ਕਿ ਬਚਿਆ ਦੇ ਮਨਾਂ ਵਿਚ ਖੇਡਾਂ ਪ੍ਰਤੀ ਸ਼ੋਕ ਪ੍ਰਫੁਲਿਤ ਕੀਤਾ ਜਾਏ। ਵਿਨੀਪੈਗ ਦੀ ਧਰਤੀ ਤੇ ਜਿੱਥੇ ਹਰ ਕੋਈ ਟੂਰਨਾਮੈਂਟ, ਮੇਲਾ, ਧਾਰਮਿਕ ਸਮਾਗਮ ਜਾ ਸੱਭਿਆਚਾਰਕ ਪ੍ਰੋਗਰਾਮ ਬੜੀ ਸ਼ਾਨੋ-ਸ਼ੌਕਤ ਨਾਲ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਸਾਡੀ ਨਵੀਂ ਪਨੀਰੀ ਨੂੰ ਫ਼ੀਲਡ ਹਾਕੀ ਨਾਲ ਜੋੜਨ ਲਈ ਸਥਾਨਕ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਮੈਨੀਟੋਬਾ ਵੱਲੋਂ ਚੌਥਾ ਸ਼ਾਨਦਾਰ "ਟੋਬਾ ਗੋਲਡ ਕੱਪ 2022" ਫ਼ੀਲਡ ਹਾਕੀ ਟੂਰਨਾਮੈਂਟ ਮਈ 27 (ਸ਼ੁੱਕਰਵਾਰ) ,28 (ਸ਼ਨੀਵਾਰ) 'ਤੇ ਮਈ 29 (ਐਤਵਾਰ) ਨੂੰ 1717 ਗੇਟ ਵੇ ਰਿਕਰੇਸ਼ਨ ਸੈਂਟਰ ਵਿਨੀਪੈਗ ਵਿਖੇ ਕਰਵਾਇਆ ਜਾ ਰਿਹਾ ਹੈ ।ਇਸ ਟੂਰਨਾਮੈਂਟ ਵਿਚ ਕੈਨੇਡਾ ਦੀਆ ਪ੍ਰਸਿੱਧ ਅੱਠ ਟੀਮਾਂ ਹਿੱਸਾ ਲੈਣ ਗਈਆਂ। ਜਿਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪੂਲ "ਏ" ਵਿਚ ਯੂਨਾਈਟਿਡ ਬ੍ਰਦਰਜ਼, ਐਡਮਿੰਟਨ ਫ਼ੀਲਡ ਹਾਕੀ ਕਲੱਬ ਯੈਲੋ, ਕਿੰਗਜ਼ ਇਲੈਵਨ 'ਤੇ ਯੂਨਾਈਟਿਡ ਫ਼ੀਲਡ ਹਾਕੀ ਕਲੱਬ ਹਨ। ਜਦ ਕਿ ਪੂਲ "ਬੀ" ਵਿਚ ਇੰਡੀਆ ਕਲੱਬ, ਐਡਮਿੰਟਨ ਫ਼ੀਲਡ ਹਾਕੀ ਕਲੱਬ ਰੈੱਡ, ਯੂਨਾਈਟਿਡ ਹਾਕੀ ਫ਼ੀਲਡ ਹਾਕੀ ਕਲੱਬ 'ਤੇ ਟੋਬਾ ਵਾਰੀਅਰਜ਼ ਹਾਕੀ ਅਕੈਡਮੀ ਦੀਆਂ ਟੀਮਾਂ ਸ਼ਾਮਿਲ ਸਨ। ਇਹ ਟੂਰਨਾਮੈਂਟ ਲੀਗ ਕਮ-ਨਾਕ-ਆਊਟ ਆਧਾਰ 'ਤੇ ਖੇਡਿਆ ਜਾਵੇਗਾ ।ਸ਼ੁੱਕਰਵਾਰ ਸ਼ਾਮ ਸੱਤ ਵਜੇ ਟੂਰਨਾਮੈਂਟ ਦਾ ਆਗਾਜ਼ ਹੋਵੇਗਾ। ਜ਼ਿਆਦਾ ਤਰ ਲੀਗ ਮੈਚ ਸਨਿੱਚਰਵਾਰ ਨੂੰ ਖੇਡੇ ਜਾਣਗੇ ਇਹ ਸਵੇਰੇ ਅੱਠ ਵਜੇ ਤੋਂ ਸ਼ਾਮ ਸੱਤ ਵਜੇ ਤੱਕ ਜਾਰੀ ਰਹਿਣਗੇ । ਪਹਿਲਾ ਸੈਮੀਫਾਈਨਲ ਐਤਵਾਰ ਨੂੰ ਸਵੇਰੇ ਨੌਂ ਵਜੇ ਸ਼ੁਰੂ ਹੋਵੇਗਾ 'ਤੇ ਫਾਈਨਲ ਮੈਚ ਐਤਵਾਰ ਨੂੰ ਦੁਪਹਿਰ ਦੋ ਵਜੇ ਖੇਡਿਆ ਜਾਵੇਗਾ । ਮਾਣਯੋਗ ਐਂਡਰਿਊ ਸਮਿਥ ਖੇਡ, ਸਭਿਆਚਾਰ ਅਤੇ ਵਿਰਾਸਤ ਮੰਤਰੀ ਇਨਾਮਾਂ ਦੀ ਵੰਡ ਲਈ ਵਿਸ਼ੇਸ਼ ਤੋਰ 'ਤੇ ਸ਼ਿਰਕਤ ਕਰਨਗੇ। ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 2500 ਡਾਲਰ , ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 2000 ਡਾਲਰ ਦੇ ਨਕਦ ਇਨਾਮਾਂ ਤੋਂ ਇਲਾਵਾ ਮੈਡਲ ਤੇ ਟਰਾਫ਼ੀਆਂ ਵੀ ਦਿੱਤੀਆਂ ਜਾਣਗੀਆਂ। ਇਸ ਟੂਰਨਾਮੈਂਟ ਦੌਰਾਨ ਨਾਸ਼ਤੇ 'ਤੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ ਹੈ ।ਟੂਰਨਾਮੈਂਟ ਦੀ ਕੋਈ ਐਂਟਰੀ ਫ਼ੀਸ ਨਹੀ ਹੈ । ਟੋਬਾ ਵਾਰੀਅਰਜ਼ ਦੇ ਜੂਨੀਅਰ ਬੱਚਿਆ ਦਾ ਮੈਚ ਵੀ ਕਰਵਾਇਆ ਜਾਵੇਗਾ ।ਜਿਸ ਵਿਚ ਸਟੇਡੀਅਮ ਵਿਚ ਮੌਜੂਦ ਕੋਈ ਵੀ ਬੱਚਾ ਹਿੱਸਾ ਲੈ ਸਕਦਾ ਹੈ । ਇਸ ਤੋਂ ਇਲਾਵਾ ਬੱਚਿਆਂ ਲਈ ਜੂਨ ਦੇ ਪਹਿਲੇ ਹਫ਼ਤੇ ਤੋਂ ਸਤੰਬਰ ਦੇ ਪਹਿਲੇ ਹਫ਼ਤੇ ਤੱਕ ਇੱਕ ਵਿਸ਼ੇਸ਼ ਫ਼ੀਲਡ ਹਾਕੀ ਦਾ ਕੈਂਪ ਲਗਾਇਆ ਜਾ ਰਿਹਾ ਜਿਸ ਦੀ ਰਜਿਸਟਰੇਸ਼ਨ 'ਤੇ ਹੋਰ ਜਾਣਕਾਰੀ ਟੂਰਨਾਮੈਂਟ ਤੇ ਸਾਂਝੀ ਕੀਤੀ ਜਾਵੇਗੀ । ਇਸ ਤੋਂ ਇਲਾਵਾ ਦਰਸ਼ਕਾਂ ਲਈ 55 ਇੰਚ ਦਾ ਸਮਾਰਟ ਟੀ ਵੀ ਇਨਾਮ ਵਜੋਂ ਕੱਢਿਆ ਜਾਵੇਗਾ ਜੋ ਕਿ ਉਸ ਸਮੇਂ ਸਟੇਡੀਅਮ ਵਿੱਚ ਮੌਜੂਦ ਦਰਸ਼ਕਾਂ ਲਈ ਹੀ ਹੋਵੇਗਾ। ਟੋਬਾ ਵਾਰੀਅਰਜ਼ ਹਾਕੀ ਕਲੱਬ ਦੇ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਜੂਨੀਅਰ ਹਾਕੀ ਲੜਕੇ ਤੇ ਲੜਕੀਆਂ ਦੀ ਟਰੇਨਿੰਗ ਵੀ ਚੱਲ ਰਹੀ ਹੈ । ਬੱਚਿਆਂ ਦੀ ਇਨ ਡੋਰ ਪ੍ਰੈਕਟਿਸ ਹਰ ਐਤਵਾਰ ਦੁਪਹਿਰ 1 ਤੋਂ 2 ਵਜੇ 'ਤੇ ਹਰ ਸੋਮਵਾਰ ਸ਼ਾਮ 6 ਤੋਂ 7 ਵਜੇ ਮੈਪਲ ਕਮਿਊਨਿਟੀ ਸੈਂਟਰ ਵਿਚ ਚੱਲ ਰਹੀ ਹੈ ।ਸੀਨੀਅਰ ਟੀਮ ਦੀ ਪ੍ਰੈਕਟਿਸ 1717 ਗੇਟ ਵੇ ਰਿਕਰੇਸ਼ਨ ਸੈਂਟਰ ਵਿਚ ਚਲ ਰਹੀ ਹੈ । ਇਸ ਟੂਰਨਾਮੈਂਟ ਵਿਚ ਇਸ਼ਤਿਹਾਰ ਦੇਣ ਲਈ , ਬੱਚਿਆ ਨੂੰ ਰਜਿਸਟਰ ਕਰਵਾਉਣ ਲਈ ਜਾਂ ਫਿਰ ਹੋਰ ਕਿਸੇ ਵੀ ਜਾਣਕਾਰੀ ਲਈ ਤੁਸੀ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ । ਸੁਰਿੰਦਰ ਮਾਵੀ 204-510-6284, ਸੁਖਮਿੰਦਰ ਸਿੰਘ 204-914-1000, ਪਰਮਜੀਤ ਲੋਪੋ 204-930-2166, ਸ਼ਮਸ਼ੇਰ ਸਿੱਧੂ 204-294-6761, ਅਮਰਦੀਪ ਸਿੰਘ 204-688-1521 'ਤੇ ਸੁਰਿੰਦਰ ਸਿੱਧੂ 431-998-0656 । ਪ੍ਰਬੰਧਕਾਂ ਵੱਲੋਂ ਟੂਰਨਾਮੈਂਟ ਲਈ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ । ਉਨ੍ਹਾਂ ਨੇ ਮਾਪਿਆ ਨੂੰ ਖ਼ਾਸ ਤੌਰ ਤੇ ਬੇਨਤੀ ਕੀਤੀ ਕਿ ਬੱਚਿਆ ਨੂੰ ਹਾਕੀ ਵੱਲ ਪ੍ਰੇਰਤ ਕਰਨ 'ਤੇ ਬੱਚਿਆਂ ਦੀ ਰਜਿਸਟਰੇਸ਼ਨ ਕਰਵਾਉਣ 'ਤੇ ਟੋਬਾ ਵਾਰਅਰਜ਼ ਫ਼ੀਲਡ ਹਾਕੀ ਅਕੈਡਮੀ ਦਾ ਸਾਥ ਦੇਣ ।





A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


ਡਰਾਇਵਰਾਂ ਦੀ ਲੋੜ ਹੈ
RIG
Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com


Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ


13¢
Government of Alberta fuel tax relief.
You automatically save on gas and diesel.
Starting April 1, there is no provincial fuel tax while oil prices are high. Saving you 13¢ on every litre of gas or diesel. Keeping more money in your pocket.
alberta.ca/CostSavings
Alberta


DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ
ਸੰਪੂਰਣ ਘਰ
ਨਵੀਆਂ ਲਾਟਾਂ ਆ
ਗਈਆਂ ਹਨ
ਫਰੰਟ ਗੈਰਾਜ ਵਾਲੀਆਂ ਲਾਟਾਂ
ਡੁਪਲੈਕਸ ਘਰਾਂ ਦੀਆਂ ਲਾਟਾਂ
ਲੇਨਡ ਘਰਾਂ ਦੀਆਂ ਲਾਟਾਂ
ਹੁਣ ਫੇਸ 3 ਵੇਚਿਆ ਜਾ ਰਿਹਾ ਹੈ
DUPLEX HOMES
FROM THE
$400s
LANED HOMES
FROM THE LOW
$500s
FRONT GARAGE HOMES
FROM THE HIGH
$500s
SHOWHOME APPOINTMENTS AVAILABLE AND RECOMMENDED. 360° ਵਰਚੂਅਲ ਟੂਰ ਵੀ ਮਿਲਦਾ ਹੈ
Broadview Homes | NuVista Homes | Trico Homes | Sterling Homes | Truman Homes | Morrison Homes
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
22 ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ
QUALICO communities


SOUTH POINTE
TOYOTA
2021 COROLLA
ONLY $58 A WEEK!
$0 DOWN!
LE
2020 RAV4
ONLY $92 A WEEK!
$0 DOWN!
LE AWD
FREE
WINTER TIRES
WITH PURCHASE
0%
FINANCING AVAILABLE
FREE
REMOTE STARTER
WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP



Calgary
ONWARD
ਡਾਊਨਟਾਊਨ ਪਾਰਕਾਂ ਦਾ ਦੁਬਾਰਾ ਆਨੰਦ ਲਓ
ਆਪਣੇ ਆਪ ਨੂੰ ਦੁਬਾਰਾ ਖੋਜੋ
ਹੋਰ ਜਾਣਨ ਲਈ,
calgary.ca/ExperienceDowntown ਤੇ ਜਾਓ
22-0020299 ADV-14130




ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega Sanjha Punjab GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega Sanjha Punjab
Sanjha Punjab GROCERY STORE 403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8

# 'ਵਿਸਾਖੀ ਸੈਲੀਬ੍ਰੇਸ਼ਨਜ਼' ਦੀ ਧੂਆਂ-ਧਾਰ ਪੇਸ਼ਕਾਰੀ
















ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੋਵਿਡ ਦੀ ਬਿਮਾਰੀ ਦੇ ਲੰਮੇ ਸਹਿਮ ਦੇ ਸਮੇਂ ਉਪਰੰਤ ਇੱਕ ਮਈ ਦਿਨ ਐਤਵਾਰ ਨੂੰ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ, ਮਲਟੀਕਲਚਰਲ ਸੀਨੀਅਰਜ਼ ਸੁਸਾਇਟੀ ਐਲਬਰਟਾ ਅਤੇ ਇਮੀਗ੍ਰੈਂਟ ਸਰਵਿਸਜ਼ ਦੇ ਫੈਮਲੀ ਐਂਡ ਕਮਿਊਨਿਟੀ ਸਪੋਰਟ ਸਰਵਿਸਜ਼ (Communiy Support Services of Immigrant Services) ਦੇ ਆਪਸੀ ਸਹਿਯੋਗ ਨਾਲ, ਫਾਲਕਿਨਰਿੱਜ ਕਮਿਊਨਿਟੀ ਹਾਲ ਵਿੱਚ ਵਿਸਾਖੀ ਦੇ ਤਿਉਹਾਰ ਦੇ ਪਹਿਲੇ ਜਸ਼ਨ ਬੜੀ ਧੂਮ-ਧਾਮ ਅਤੇ ਜੋਸ਼ੋ-ਖਰੋਸ਼ ਨਾਲ ਮਨਾਏ ਗਏ। ਇਸ ਮਲਟੀਕਲਚਰਲ ਪ੍ਰੋਗਰਾਮ ਵਿੱਚ ਚੀਨੀ, ਪਰੂਵੀਅਨ ਅਤੇ ਪੰਜਾਬੀ ਕਮਿਊਨਿਟੀ ਦੇ ਦਰਸ਼ਕਾਂ ਦਾ ਭਾਰੀ ਇਕੱਠ ਕਨੇਡਾ ਵਾਸੀਆਂ ਦੇ ਮਲਟੀਕਲਚਰਿਜ਼ਮ ਪ੍ਰਤੀ ਸੂਝ-ਬੂਝ ਅਤੇ ਸਹਿਣਸ਼ੀਲਤਾ ਨੂੰ ਬਾਖ਼ੂਬੀ ਦਰਸਾ ਰਿਹਾ ਸੀ। ਪ੍ਰੋਗਰਾਮ ਦੀ ਸ਼ੁਰੂਆਤ, ਕਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ' ਉਪਰੰਤ ਇਮੀਗ੍ਰੈਂਟ ਸੀਨੀਅਰਜ਼ ਪ੍ਰੋਗਰਾਮ ਦੀ ਕੋ-ਆਰਡੀਨੇਟਰ ਅਲੀਨਾ ਘੀਟਾ ਵਿਸੀਨੇਸਕ (Coordinator of Community Initiatives for Immigrant Senior Program) ਦੁਆਰਾ ਲੈਂਡ ਐਕਨੌਲਜਮੈਂਟ ਕਰਕੇ ਕੀਤੀ ਗਈ। ਹਾਜ਼ਰ ਸਰੋਤਿਆਂ ਲਈ ਸੁਖ਼ਾਲਾ ਕਰਨ ਵਾਸਤੇ ਮੰਚ-ਸੰਚਾਲਨ ਗੁਰਚਰਨ ਥਿੰਦ ਅਤੇ ਸ੍ਰ: ਬਿੱਕਰ ਸੰਧੂ ਵੱਲੋਂ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਨਾਲੋ ਨਾਲ ਕੀਤਾ ਗਿਆ। ਬਿੱਕਰ ਸੰਧੂ ਵੱਲੋਂ ਤਿੰਨਾਂ ਐਸੋਸੀਏਸ਼ਨਜ਼ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਇਮੀਗ੍ਰੈਂਟ ਸਰਵਿਸਜ਼ ਕੈਲਗਰੀ ਦੇ 35® ਹੈਦਰ ਹਸਨ ਜੀ ਨੇ ਆਪਣੇ ਸੁਆਗਤੀ ਸੰਬੋਧਨ ਵਿੱਚ ਵਿਸਾਖੀ ਦੇ ਧਾਰਮਿਕ ਪਹਿਲੂ ਨੂੰ ਵਰਨਣ ਕਰਕੇ ਭਾਈਚਾਰਕ ਇੱਕਮੁੱਠਤਾ ਦਾ ਸੰਦੇਸ਼ ਦਿੱਤਾ। ਪ੍ਰਧਾਨ ਬਲਵਿੰਦਰ ਕੌਰ ਬਰਾੜ ਜੀ ਵੱਲੋਂ ਹਾਜ਼ਰੀਨ ਨੂੰ ਜੀ ਆਇਆਂ ਕਹਿਣ ਅਤੇ ਵਿਸਾਖੀ ਦਾ ਮਹੱਤਵ ਦੱਸਣ ਉਪਰੰਤ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀਆਂ ਪੰਜਾਬੀ ਪਹਿਰਾਵੇ ਵਿੱਚ ਸੱਜੀਆਂ ਸੀਨੀਅਰ ਔਰਤਾਂ ਵੱਲੋਂ ਜਾਗਣ ਤੇ ਸੁਚੇਤ ਹੋਣ ਦਾ ਸੱਦਾ ਦਿੰਦੀ ਪੰਜਾਬੀ ਰਵਾਇਤੀ ਸੱਭਿਆਚਾਰਕ ਆਈਟਮ 'ਜਾਗੋ' ਨਾਲ 'ਵਿਸਾਖੀ ਸੈਲੀਬ੍ਰੇਸ਼ਨਜ਼' ਦਾ ਆਗਾਜ਼ ਕੀਤਾ ਗਿਆ ਤਾਂ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਇਸ ਤੋਂ ਬਾਦ ਇੱਕ ਤੋਂ ਬਾਦ ਇੱਕ ਬਹੁ-ਭਸ਼ਾਈ ਪ੍ਰੋਗਰਾਮਾਂ ਦੀ ਪੇਸ਼ਕਾਰੀ ਹੋਈ। ਜਿਨ੍ਹਾਂ ਵਿੱਚ ਚੀਨੀ ਗਰੁੱਪ ਵਲੋਂ ਬਸੰਤ ਰੁੱਤ ਨੂੰ ਪ੍ਰਗਟਾਉਂਦੇ ਨਾਚ, ਲਿੰਡਾ ਰੌਂਗ ਦੁਆਰਾ ਗਾਏ ਚੀਨੀ ਗੀਤ, ਜੀਅਰੌਂਗ ਯੇਨ ਦੇ ਨਾਚ ਅਤੇ ਪਰੂਵੀਅਨ ਨਾਚ ਨੇ ਖ਼ੂਬ ਦਾਦ ਲਈ। ਸਰਬਜੀਤ ਉੱਪਲ ਅਤੇ ਸਰਬਜੀਤ ਕੰਦੋਲਾ ਦੁਆਰਾ 'ਜਾਹ ਵੇ ਕੱਚਿਆ ਘੜਿਆ' ਗੀਤ ਤੇ ਕੀਤਾ ਗਿਆ ਡਾਂਸ ਆਪਣੀ ਮਿਸਾਲ ਆਪ ਹੋ ਨਿਬੜਿਆ। ਅਸ਼ਕੇ ਭੰਗੜਾ ਅਕੈਡਮੀ ਦੀਆਂ ਲੜਕੀਆਂ ਦੁਆਰਾ ਪੇਸ਼ ਕੀਤੇ ਗਏ ਭੰਗੜੇ ਵਿੱਚ ਨੌਜੁਆਨ ਕੁੜੀਆਂ ਦੀ ਅਨਰਜੀ ਵੇਖਿਆਂ ਬਣਦੀ ਸੀ। 'ਸੀਜੀਡੀਏ ਮਹਿਕ ਪੰਜਾਬ ਦੀ' ਅਕੈਡਮੀ ਦੀ ਇਸ਼ੀਕਾ ਦੇ ਨਾਚ ਨੇ ਹਾਜ਼ਰ ਭੀੜ ਨੂੰ ਮੰਤਰ ਮੁਗਧ ਕਰ ਦਿੱਤਾ। ਛੋਟੀ ਬੱਚੀ ਨਿਮਰਤ ਨੇ ਵੀ ਆਪਣੀ ਕਲਾ ਦੇ ਜੌਹਰ ਵਿਖਾਏ। ਸੱਭਿਆਚਾਰਾਕ ਪੇਸ਼ਕਾਰੀਆਂ ਦੇ ਆਖਰ ਵਿੱਚ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀਆਂ ਰਵਾਇਤੀ ਘੱਗਰਿਆਂ ਤੇ ਕੁੜਤੀਆਂ ਵਿੱਚ ਸੱਜੀਆਂ ਸੀਨੀਅਰ ਔਰਤਾਂ ਵੱਲੋਂ ਪੇਸ਼ ਕੀਤੇ ਗਏ 'ਗਿੱਧੇ' ਨੇ ਤਾਂ ਬਹਿ ਜਾ ਬਹਿ ਜਾ ਕਰਾ ਦਿੱਤੀ। ਕਿਹੜੀ ਅੱਡੀ ਹੈ ਜੋ ਸਟੇਜ ਤੇ ਚੜ੍ਹ ਨੱਚੀ ਨਾ ਹੋਵੇ। ਇੰਜ ਸਭ ਦੀ ਵਾਹ ਵਾਹ ਬਟੋਰਦਾ ਇਹ ਸੱਭਿਆਚਾਰਕ ਪ੍ਰੋਗਰਾਮ ਸਮਾਪਤ ਹੋਇਆ। ਜਸ਼ਨਾਂ ਦੌਰਾਨ ਇਮੀਗ੍ਰੈਂਟ ਸਰਵਿਸਜ਼ ਕੈਲਗਰੀ ਦੁਆਰਾ ਸਮੇਂ ਸਮੇਂ ਕੱਢੇ ਗਏ ਲੱਕੀ ਡਰਾਅਜ਼ ਨੇ ਸਰੋਤਿਆਂ ਦੇ ਉਤਸ਼ਾਹ ਵਿੱਚ ਹੋਰ ਵਾਧਾ ਕੀਤਾ। ਇਸ ਸਮਾਗਮ ਵਿੱਚ ਕੈਲਗਰੀ ਦੀਆਂ ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਐਸੋਸੀਏਸ਼ਨਾਂ ਵੱਲੋਂ ਦਵਿੰਦਰ ਮਲਹਾਂਸ, ਮੰਗਲ ਚੱਠਾ, ਬਲਵੀਰ ਗੋਰਾ, ਸੇਵਾ ਸਿੰਘ ਪ੍ਰੇਮੀ, ਸਤਪਾਲ ਕੌਸ਼ਲ, ਗੁਰਬਖਸ਼ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਨੇ ਹਾਜ਼ਰੀ ਲਗਵਾਈ। ਗੁਰਬਚਨ ਬਰਾੜ, ਗੁਰਿੰਦਰ ਬਰਾੜ ਅਤੇ ਇਰਫਾਨ ਸਬੀਰ, ਐਮ.ਐਲ.ਏ. ਜੀ ਦੀ ਹਾਜ਼ਰੀ ਵਿਸ਼ੇਸ਼ ਜ਼ਿਕਰਯੋਗ ਹੈ ਜੋ ਉਚੇਚੇ ਇਸ ਸੱਭਿਆਚਾਰਕ ਪ੍ਰੋਗਰਾਮ ਵਿੱਚ ਪਹੁੰਚੇ। ਮੀਡੀਆ ਵੱਲੋਂ ਪੰਜਾਬੀ ਅਖਬਾਰ ਤੋਂ ਹਰਬੰਸ ਬੁੱਟਰ ਅਤੇ ਰੇਡੀਓ ਸੁਰਸੰਗਮ ਤੋਂ ਰਣਜੀਤ ਸਿੱਧੂ ਤੇ ਅੰਮ੍ਰਿਤ ਬਰਾੜ, ਪੰਜਾਬੀ ਨੈਸ਼ਨਲ ਅਖਬਾਰ ਦੇ ਰਿਪੋਰਟਰ ਚੰਦ ਸਿੰਘ ਸਦਿਓੜਾ ਅਤੇ ਪ੍ਰਾਈਮ ਏਸ਼ੀਆ ਤੋਂ ਅਵਨੀਤ ਸਿੰਘ ਤੇਜਾ ਜੀ ਨੇ ਇਸ ਸੈਲੀਬ੍ਰੇਸ਼ਨਜ਼ ਨੂੰ ਖੁੱਲ੍ਹੇ ਦਿੱਲ ਨਾਲ ਕਵਰ ਕੀਤਾ। ਅੰਤ ਵਿੱਚ ਮੰਚ ਸੰਚਾਲਕਾਂ ਵੱਲੋਂ ਕਲਾਕਾਰਾਂ, ਹਾਜ਼ਰ ਸਰੋਤਿਆਂ, ਮੀਡੀਆ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰ ਇਸ ਸਮਾਗਮ ਦੀ ਕਾਮਯਾਬ ਸਮਾਪਤੀ ਕੀਤੀ ਗਈ।

Calgary

## ਪ੍ਰਾਪਰਟੀ ਟੈਕਸ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਜਗ੍ਹਾ ਬਣਾਉਣ ਵਿੱਚ ਮਦਦ ਕਰਦੇ ਹਨ

ਤੁਹਾਡੇ ਸਿਟੀ ਟੈਕਸ ਡਾਲਰ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਥਾਂ ਬਣਾਉਂਦੇ ਹਨ।

ਪ੍ਰਾਪਰਟੀ ਟੈਕਸਾਂ ਦੇ ਮਿਉਂਸਪਲ ਹਿੱਸੇ ਦੀ ਵਰਤੋਂ ਕਰਦੇ ਹੋਏ ਸਿਟੀ ਬਹੁਤ ਸਾਰੀਆਂ ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਦੀ ਹੈ। ਇਨ੍ਹਾਂ ਵਿੱਚ ਪੁਲਿਸ, ਫਾਇਰ, ਸੜਕਾਂ ਅਤੇ ਪਾਰਕ ਸ਼ਾਮਲ ਹਨ। ਪਰ ਉਹ ਸਮਾਜਿਕ ਪ੍ਰੋਗਰਾਮਾਂ ਅਤੇ ਮਨੋਰੰਜਨ ਸਹੂਲਤਾਂ ਵਰਗੀਆਂ ਹੋਰ ਮਹੱਤਵਪੂਰਨ ਚੀਜ਼ਾਂ ਲਈ ਭੁਗਤਾਨ ਕਰਨ ਵਿੱਚ ਵੀ ਮਦਦ ਕਰਦੇ ਹਨ।

ਤੁਹਾਡਾ ਇੰਪੁੱਟ ਅਤੇ ਕਈ ਮੁੱਖ ਫੈਸਲੇ ਤੁਹਾਨੂੰ ਹਰ ਸਾਲ ਪ੍ਰਾਪਤ ਹੋਣ ਵਾਲੇ ਪ੍ਰਾਪਰਟੀ ਟੈਕਸ ਬਿੱਲ ਨੂੰ ਪ੍ਰਭਾਵਿਤ ਕਰਦੇ ਹਨ। ਅਸੀਂ ਇਹ ਯਕੀਨੀ ਬਣਾਉਣ 'ਤੇ ਕੇਂਦ੍ਰਿਤ ਰਹਿੰਦੇ ਹਾਂ ਕਿ ਤੁਹਾਡੇ ਪ੍ਰਾਪਰਟੀ ਟੈਕਸ ਡਾਲਰਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ ਜਾਵੇ, ਲਾਗਤਾਂ ਨੂੰ ਘਟਾਉਣ ਦੇ ਤਰੀਕਿਆਂ ਦੀ ਤਲਾਸ਼ ਕੀਤੀ ਜਾਵੇ ਅਤੇ ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨ ਦੇ ਤਰੀਕਿਆਂ ਵਿੱਚ ਸੁਧਾਰ ਕੀਤਾ ਜਾਵੇ।

ਇਸ ਬਾਰੇ ਹੋਰ ਜਾਣੋ ਕਿ ਅਸੀਂ ਤੁਹਾਡੇ ਟੈਕਸ ਡਾਲਰਾਂ ਦੀ ਵਰਤੋਂ ਕਰਕੇ ਸਿਟੀ ਸੇਵਾਵਾਂ ਅਤੇ ਪ੍ਰੋਗਰਾਮਾਂ ਰਾਹੀਂ ਮੁੱਲ ਕਿਵੇਂ ਪ੍ਰਦਾਨ ਕਰਦੇ ਹਾਂ, **calgary.ca/ourfinances** 'ਤੇ ਜਾਓ।




ਕੀ ਤੁਹਾਨੂੰ ਪਤਾ ਸੀ?

Calgary
65% ਕੈਲਗਰੀ ਸਿਟੀ ਸਰਵਿਸ ਲਈ ਜਾਂਦਾ ਹੈ

35% ਅਲਬਰਟਾ ਸਰਕਾਰ ਨੂੰ ਜਾਂਦਾ ਹੈ

ਤੁਹਾਡੇ ਪ੍ਰਾਪਰਟੀ ਟੈਕਸ ਦਾ ਲਗਭਗ 65 ਪ੍ਰਤੀਸ਼ਤ ਇਹਨਾਂ ਸਿਟੀ ਸੇਵਾਵਾਂ ਨੂੰ ਫੰਡ ਦੇਣ ਲਈ ਜਾਂਦਾ ਹੈ, ਜਦੋਂ ਕਿ ਬਾਕੀ 35 ਪ੍ਰਤੀਸ਼ਤ ਅਲਬਰਟਾ ਸਰਕਾਰ ਨੂੰ ਜਾਂਦਾ ਹੈ।

## ਵਿਨੀਪੈਗ ਪੁੱਜੇ ਪ੍ਰਧਾਨ ਮੰਤਰੀ ਨਾਲ ਸਥਾਨਿਕ ਟਰਾਂਜ਼ਿਟ ਦਾ ਮਸਲਾ ਵਿਚਾਰਿਆ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਦੋਂ ਬੀਤੇ ਦਿਨੀ ਵਿਨੀਪੈਗ ਫੇਰੀ ਤੇ ਆਏ ਤਾਂ ਸਿਟੀ ਮੇਅਰ ਬ੍ਰਾਊਨ ਬੋਮਨ ਨੇ ਉਨ੍ਹਾਂ ਨਾਲ ਵਿਸ਼ੇਸ਼ ਮਿਲਣੀ ਕੀਤੀ ਅਤੇ ਸਿਟੀ ਆਫ ਵਿਨੀਪੈਗ ਦੇ ਕਈ ਅਹਿਮ ਪ੍ਰੋਜੈਕਟ ਉਨ੍ਹਾਂ ਨਾਲ ਸਾਂਝੇ ਕੀਤੇ ਜਿਹਨਾਂ ਵਿੱਚ ਸਿਟੀ ਨੂੰ ਫੈਡਰਲ ਸਰਕਾਰ ਦੀ ਵਿੱਤੀ ਮਦਦ ਦੀ ਲੋੜ ਹੈ। ਇਸ ਮੀਟਿੰਗ ਵਿੱਚ ਸਿਟੀ ਆਫ਼ ਵਿਨੀਪੈਗ ਦੇ ਅਹਿਮ ਮਹਿਕਮੇ ਵਿਨੀਪੈਗ ਟਰਾਂਜ਼ਿਟ ਦਾ ਮਸਲਾ ਵਿਚਾਰਿਆ ਗਿਆ ਜਿਸ ਵਿੱਚ ਫੈਡਰਲ ਸਰਕਾਰ ਦੀ ਮੱਦਦ ਲੋੜੀਂਦੀ ਹੈ ਤਾਂ ਕਿ ਸ਼ਹਿਰ ਵਿੱਚ ਬੱਸ ਸਰਵਿਸ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਨੌਰਥ ਐਂਡ ਸੀਵਰੇਜ ਟਰੀਟਮੈਂਟ ਪਲਾਂਟ ਦੀਆਂ ਇਨੋਵੇਸ਼ਨਜ਼ ਨੂੰ ਵੀ ਇਸ ਮੀਟਿੰਗ ਵਿੱਚ ਵਿਚਾਰਿਆ ਗਿਆ ਜਿਸ ਵਿੱਚ ਫੈਡਰਲ ਸਰਕਾਰ ਮੱਦਦ ਕਰਨ ਲਈ ਵਚਨਬੱਧ ਹੈ। ਇਸ ਮੌਕੇ ਜਸਟਿਨ ਟਰੂਡੋ ਨੇ ਸਿਟੀ ਆਫ ਵਿਨੀਪੈਗ ਅਤੇ ਯੂਕਰੇਨ ਦੇ ਨਾਲ ਨਜ਼ਦੀਕ ਸਬੰਧਾਂ ਦਾ ਜ਼ਿਕਰ ਵੀ ਕੀਤਾ ਅਤੇ ਇਸ ਦੀ ਸ਼ਲਾਘਾ ਵੀ ਕੀਤੀ । ਸਿਟੀ ਮੇਅਰ ਬ੍ਰਾਊਨ ਬੋਮਨ ਨੇ ਇਸ ਮੀਟਿੰਗ ਉੱਤੇ ਤਸੱਲੀ ਪ੍ਰਗਟ ਕੀਤੀ ਤੇ ਆਸ ਜਤਾਈ ਕਿ ਉਨ੍ਹਾਂ ਨੂੰ ਆਪਣੇ ਪ੍ਰੋਜੈਕਟ ਵਿੱਚ ਫੈਡਰਲ ਸਰਕਾਰ ਦਾ ਸਾਥ ਮਿਲੇਗਾ ਤੇ ਉਹ ਪੂਰੇ ਆਸਵੰਦ ਹਨ ।

## ਮੈਨੀਟੋਬਾ ਹਾਈਡਰੋ ਦੇ ਰੇਟਾਂ ਨੂੰ ਕੰਟਰੋਲ ਕਰਨ ਵਾਲੇ ਬਿੱਲ ਦਾ ਐਨ ਡੀ ਪੀ ਨੇ ਵਿਰੋਧ ਕੀਤਾ

Manitoba Hydro

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਸਰਕਾਰ ਵੱਲੋਂ ਸਪਰਿੰਗ ਵਿਧਾਨ ਸਭਾ ਸੈਸ਼ਨ ਦੌਰਾਨ ਮੈਨੀਟੋਬਾ ਹਾਈਡ੍ਰੋ ਦੇ ਰੇਟਾਂ ਨੂੰ ਕੰਟਰੋਲ ਕਰਨ ਲਈ ਇੱਕ ਬਿੱਲ ਲਿਆਂਦਾ ਜਿਸ ਦਾ ਵਿਰੋਧੀ ਪਾਰਟੀ ਐਨਡੀਪੀ ਵੱਲੋਂ ਵਿਰੋਧ ਕੀਤਾ ਗਿਆ । ਇਸ ਬਿੱਲ ਰਾਹੀਂ ਪੀਸੀ ਪਾਰਟੀ ਹਾਈਡਰੋ ਰੇਟਸ ਦੀ ਕੈਪਿੰਗ ਕਰਨਾ ਚਾਹੁੰਦੀ ਹੈ ਤਾਂ ਕਿ ਬਿੱਲ ਇੱਕ ਸੀਮਤ ਰੇਟ ਤੋਂ ਨਾ ਵਧ ਸਕਣ । ਐਨਡੀਪੀ ਪਾਰਟੀ ਦੇ ਹਾਈਡ੍ਰੋ ਆਲੋਚਕ ਏਡਰੀਅਨ ਦਾ ਆਖਣਾ ਹੈ ਕਿ ਸਰਕਾਰ ਪ੍ਰਪੋਜ਼ ਰੇਟ ਕੈਪ ਪੰਜ ਪਰਸੈਂਟ ਰੱਖਣਾ ਚਾਹੁੰਦੀ ਹੈ ਜਿਸ ਤੋਂ ਭਾਵ ਹੈ ਕਿ ਰੇਟ ਇੱਕ ਵਾਰ ਵਿੱਚ ਪੰਜ ਪਰਸੈਂਟ ਤੱਕ ਵੀ ਵਧ ਸਕਦੇ ਹਨ। ਉਨ੍ਹਾਂ ਆਖਿਆ ਕਿ ਇਹ ਮੈਨੀਟੋਬਾ ਵਾਸੀਆਂ ਦੇ ਲਈ ਠੀਕ ਨਹੀਂ ਹੈ ਜਦ ਕਿ ਇਸ ਬਿੱਲ ਬਾਰੇ ਪੀਸੀ ਸਰਕਾਰ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਇਹ ਗਾਰੰਟੀ ਹੋ ਜਾਵੇਗੀ ਰੇਟ ਪੰਜ ਪਰਸੈਂਟ ਤੋਂ ਜ਼ਿਆਦਾ ਨਹੀਂ ਵਧਣਗੇ । ਇਸ ਸਮੇਂ ਮੈਨੀਟੋਬਾ ਵਿੱਚ ਹਾਈਡਰੋ ਰੇਟ ਵਧਾਉਣ ਦਾ ਆਧਾਰ ਪਬਲਿਕ ਯੂਟੀਲਿਟੀ ਬੋਰਡ ਅਦਾਰੇ ਕੋਲ ਹੈ। ਮੈਨੀਟੋਬਾ ਹਾਈਡਰੋ ਇਸ ਅਦਾਰੇ ਨੂੰ ਰੇਟ ਵਧਾਉਣ ਦੀ ਦਰਖਾਸਤ ਕਰਦੀ ਹੈ ਅਤੇ ਆਖ਼ਰੀ ਨਿਰਨਾ ਪਬਲਿਕ ਯੂਟੀਲਿਟੀ ਬੋਰਡ ਦਾ ਹੁੰਦਾ ਹੈ । ਪੇਸ਼ ਕੀਤੇ ਗਏ ਬਿੱਲ ਵਿੱਚ ਇਹ ਅਧਿਕਾਰ ਭਾਵੇਂ ਪਬਲਿਕ ਯੂਟੀਲਿਟੀ ਬੋਰਡ ਕੋਲ ਹੀ ਹਨ ਪਰ ਐਨਡੀਪੀ ਹਾਈਡਰੋ ਆਲੋਚਕ ਐਡਰੀਅਨ ਦਾ ਆਖਣਾ ਹੈ ਕਿ ਇਸ ਵਿੱਚ ਬਿਲ ਇੱਕ ਨਵੀਂ ਰਿਕੁਆਇਰਮੈਂਟ ਹੈ। ਪਬਲਿਕ ਯੂਟੀਲਿਟੀ ਬੋਰਡ ਨੂੰ ਨਵੇਂ ਬਿਲ ਸੈਟ ਕਰਨ ਵੇਲੇ ਸਰਕਾਰ ਦੀ ਫੰਕਸ਼ਨਲ ਟਾਰਗੈਟ ਨੂੰ ਵੀ ਧਿਆਨ ਵਿੱਚ ਰੱਖਣਾ ਪਵੇਗਾ । ਐਨਡੀਪੀ ਪਾਰਟੀ ਨੇ ਦੋਸ਼ ਲਗਾਇਆ ਕਿ ਇਸ ਰਿਕੁਆਇਰਮੈਂਟ ਨਾਲ ਇੱਕ ਤਰੀਕੇ ਨਾਲ ਪਬਲਿਕ ਯੂਟੀਲਿਟੀ ਬੋਰਡ ਤੇ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਸਰਕਾਰ ਅਦਾਰੇ ਨੂੰ ਮਜਬੂਰ ਕਰੇਗੀ ਕਿ ਉਹ ਆਪਣੀ ਮਨਮਾਨੀ ਕਰ ਸਕੇ । ਇੱਥੇ ਵਰਨਣਯੋਗ ਹੈ ਕਿ ਮੈਨੀਟੋਬਾ ਹਾਈਡਰੋ ਨੇ ਪਬਲਿਕ ਯੂਟੀਲਿਟੀ ਬੋਰਡ ਨੂੰ ਸਾਲ 2022 ਵਿਚ 5 ਪ੍ਰਤੀਸਤ ਰੇਟ ਵਧਾਉਣ ਲਈ ਆਖਿਆ ਸੀ ਪਰ ਪਬਲਿਕ ਯੂਟੀਲਿਟੀ ਬੋਰਡ ਵੱਲੋਂ ਇਹ ਰੇਟ 3.6 ਪ੍ਰਤੀਸਤ ਹੀ ਵਧਾਏ ਗਏ ਸਨ

## ਹੁਣ ਲਿਮੋ ਟੈਕਸੀ ਲਈ ਨਵਾਂ ਬਾਇਲਾਅ ਬਣੇਗਾ, ਉਲੰਘਣਾ ਕਰਨ ਵਾਲੇ ਡਰਾਇਵਰ ਨੂੰ 250 ਡਾਲਰ ਤੱਕ ਦਾ ਜੁਰਮਾਨਾ ਹੋ ਸਕੇਗਾ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਵਿਨੀਪੈਗ ਦੀ ਸਿਟੀ ਕੌਂਸਲ ਵੱਲੋਂ ਆਖਿਰਕਾਰ ਸਰਬਸੰਮਤੀ ਨਾਲ ਮਤਾ ਪਾਸ ਕਰ



ਦਿੱਤਾ ਗਿਆ ਹੈ ਅਤੇ ਬਾਇਲਾਅ ਬਣਾਇਆ ਜਾ ਰਿਹਾ ਹੈ ਤਾਂ ਕਿ ਮੁਸਾਫਿਰ ਨਾਲ ਕਿਸੇ ਵੀ ਤਰ੍ਹਾਂ ਦੀ ਬਦਸਲੂਕੀ ਜਾਂ ਬੁਰਾ ਵਿਹਾਰ ਕਰਨ ਵਾਲੀ ਟੈਕਸੀ ਲਿਮੋ ਡਰਾਈਵਰ ਨੂੰ ਜੁਰਮਾਨਾ ਹੋਵੇਗਾ। ਜੇਕਰ ਕੋਈ ਡਰਾਈਵਰ ਕਿਸੇ ਮੁਸਾਫਿਰ ਨੂੰ ਸੈਕਸੂਅਲ ਅਸਾਲਟ ਕਰੇਗਾ, ਅਬਿਊਜ਼, ਬੇਇੱਜਤੀ ਜਾਂ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕਰੇਗਾ ਤਾਂ ਉਸ ਡਰਾਈਵਰ ਨੂੰ 250 ਡਾਲਰ ਦਾ ਜੁਰਮਾਨਾ ਹੋਵੇਗਾ । ਇਸ ਤੋਂ ਇਲਾਵਾ ਡਰਾਈਵਿੰਗ ਲਾਈਸੈਂਸ ਰੱਦ ਕਰਨਾ, ਵਾਧੂ ਟ੍ਰੇਨਿੰਗ ਮੁਹੱਈਆ ਕਰਨਾ ਅਤੇ ਪੁਲੀਸ ਇਨਵੈਸਟੀਗੇਸ਼ਨ ਤੱਕ ਦੇ ਵਿਕਲਪ ਵੀ ਇਸ ਬਾਇਲਾਅ ਵਿੱਚ ਹੋਣਗੇ । ਇਸ ਕਾਨੂੰਨ ਨੂੰ ਲਿਆਉਣ ਸਬੰਧੀ ਕਾਫੀ ਲੰਮੇ ਸਮੇਂ ਤੋਂ ਸਿਟੀ ਆਫ ਵਿਨੀਪੈਗ ਅਤੇ ਟੈਕਸੀ ਇੰਡਸਟਰੀ ਵਿਚਕਾਰ ਵਿਚਾਰ ਵਟਾਂਦਰਾ ਚੱਲ ਰਿਹਾ ਸੀ। ਟੈਕਸੀ ਇੰਡਸਟਰੀ ਦਾ ਆਖਣਾ ਸੀ ਕਿ ਇਸ ਬਾਇਲਾਅ ਨੂੰ ਬਣਾਉਣ ਲਈ ਡਰਾਇਵਰਾਂ ਦਾ ਪੱਖ ਵੀ ਉਨ੍ਹਾਂ ਨੂੰ ਸੁਣਨਾ ਚਾਹੀਦਾ ਹੈ ਅਤੇ ਡਰਾਈਵਰ ਸੇਫਟੀ ਨੂੰ ਵੀ ਧਿਆਨ ਵਿੱਚ ਰੱਖਣਾ ਹੈ।

## ਸਕੂਲੀ ਵਿਦਿਆਰਥੀ ਨੇ ਆਪਣੇ ਅਧਿਆਪਕ ਉੱਪਰ ਹਮਲਾ ਕਰ ਦਿੱਤਾ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਕਈ ਦਿਨਾਂ ਤੋਂ ਅਸੀਂ ਲਗਾਤਾਰ ਇਹੋ ਜਿਹੀਆਂ ਖਬਰਾਂ ਆ ਰਹੀਆਂ ਹਨ ਕਿ ਕਿਸ ਤਰ੍ਹਾਂ ਕੈਨੇਡਾ ਦੇ ਵੱਖ ਵੱਖ ਸੂਬਿਆਂ ਦੇ ਵਿੱਚ ਹਾਈ ਸਕੂਲਾਂ ਦੇ ਵਿਦਿਆਰਥੀ ਅਪਰਾਧਕ ਗਤੀਵਿਧੀਆਂ ਵਿਚ ਸ਼ਾਮਲ ਹੋ ਰਹੇ ਹਨ ਜਿਨ੍ਹਾਂ ਵਿਚ ਹੱਤਿਆ ਤੱਕ ਕਰਨਾ ਵੀ ਸ਼ਾਮਿਲ ਹੈ । ਹੁਣ ਇਸੇ ਤਰ੍ਹਾਂ ਦੀ ਇੱਕ ਦਿਲ ਦਹਿਲਾਉਣ ਵਾਲੀ ਖ਼ਬਰ ਵਿਨੀਪੈਗ ਤੋਂ ਸਾਹਮਣੇ ਆ ਰਹੀ ਹੈ ਜਿੱਥੇ ਇੱਕ ਹਾਈ ਸਕੂਲ ਦੇ ਵਿਦਿਆਰਥੀ ਨੇ ਆਪਣੇ ਅਧਿਆਪਕ ਉੱਪਰ ਸਾਰਿਆਂ ਦੇ ਸਾਹਮਣੇ ਹਥੌੜੇ ਨਾਲ ਵਾਰ ਕਰ ਦਿੱਤਾ ਹੈ।

# ਆਓ ਟੋਪੀ-ਟੋਪੀ ਖੇਡੀਏ

## ਸਰਦਾਰ ਰਾਜਾ ਵੜਿੰਗ ਦੀ ਟੋਪੀ ਨਾਲ ਤਾਜਪੋਸ਼ੀ

### ਦਰਸ਼ਕ ਦੀਆਂ ਸਿਆਸੀ ਸ਼ੁਰਲੀਆਂ

ਦਰਸ਼ਨ ਸਿੰਘ ਦਰਸ਼ਕ
9855508198







ਪੰਜਾਬ ਕਾਂਗਰਸ ਦੇ ਪ੍ਰਧਾਨ ਸਰਦਾਰ ਅਮਰਿੰਦਰ ਸਿੰਘ ਰਾਜ ਵੜਿੰਗ ਦੀ 'ਟੋਪੀ' ਪਾ ਕੇ ਤਾਜਪੋਸ਼ੀ ਹੋ ਗਈ ਹੈ। ਜਦੋਂ ਤਾਜਪੋਸ਼ੀ ਹੋ ਰਹੀ ਸੀ ਤਾਂ ਗੁਆਂਢੀਆਂ ਦੇ ਜੁਆਕ ਨੇ ਆ ਕੇ ਦੂਜਾ ਸੰਗੀਤਕ ਚੈਨਲ ਲਗਾ ਦਿੱਤਾ ਜਿਥੇ ਗੀਤ ਆ ਰਿਹਾ ਸੀ, 'ਤਿਰਛੀ ਟੋਪੀ ਵਾਲੇ'। ਮੈਂ ਉਸ ਤੋਂ ਰਿਮੋਟ ਖੋਹਿਆ ਅਤੇ ਫਿਰ ਪੰਜਾਬੀ ਨਿਊਜ਼ ਚੈਨਲ ਚਲਾ ਦਿੱਤਾ ਅਤੇ ਸਰਦਾਰ ਵੜਿੰਗ ਨੂੰ ਕਾਂਗਰਸ ਦਾ ਪ੍ਰਧਾਨ ਦੀ ਰਸਮਾਂ ਦੇਖਣ ਲੱਗ ਪਿਆ। ਰਾਜਾ ਵੜਿੰਗ ਨੇ ਟੋਪੀ ਟਿਕਾਈ ਤੇ ਬਣ ਗਏ 'ਹਮ ਹੈਂ ਟੋਪੀਬਾਜ਼'। ਵੱਡੀ ਤਾਕਤ, ਵੱਡੀ ਜ਼ਿੰਮੇਵਾਰੀ। ਰਾਜਾ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਸਮਝਦਾ ਵੀ ਹੈ। ਇਸ ਲਈ ਉਹ 'ਥ੍ਰੀ ਡੀ' ਦਾ ਕਨਸੈਪਟ ਵੀ ਸਮਝਾਉਂਦਾ ਹੈ ਤੇ ਚਿਤਾਵਨੀ ਵੀ ਦਿੰਦਾ ਹੈ ਕਿ ਹੁਣ ਸਮਾਂਤਰ ਹੋਰ ਲੀਡਰਸ਼ਿਪ ਨਹੀਂ ਚੱਲੇਗੀ। ਨਵਜੋਤ ਸਿੰਘ ਸਿੱਧੂ ਜਿਸ ਨੇ ਪਾਰਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ, ਉਹ ਕਹਿੰਦਾ ਉਹ ਤਾਂ ਪੰਜਾਬ ਤੇ ਪਾਰਟੀ ਦੀ ਹੀ ਭਲਾਈ ਕਰ ਰਿਹਾ ਹੈ। ਸਿੱਧੂ ਸਾਹਿਬ ਪਾਰਟੀ ਦੀ ਚੋਣਾਂ ਵਿੱਚ ਥੋੜ੍ਹੀ ਭਲਾਈ ਕਰ ਦਿੱਤੀ, ਹੁਣ ਤੱਕ ਕਾਂਗਰਸੀ ਲੀਡਰ ਉਸ ਭਲਾਈ ਨੂੰ ਹੱਥ ਲਗਾ-ਲਗਾ ਕੇ ਦੇਖ ਰਹੇ ਹਨ। ਹਾਂ, ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਤੁਹਾਡੇ ਤੋਂ ਬਹੁਤ ਦੁਖੀ ਹੈ। ਦੁਖੀ ਹੋਣਾ ਵੀ ਬਣਦੈ ਕਿਉਂਕਿ ਸਿੱਧੂ ਤਾਂ ਉਸ ਦੀ ਟੋਪੀ ਨੂੰ ਹੀ ਪੈ ਜਾਂਦੈ। ਸਿੱਧੂ ਸਾਹਿਬ ਬਚ ਕੇ ਰਹੋ, ਹੁਣ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਤੇ ਪੁਲਿਸ ਵੀ ਇਸੇ ਸਰਕਾਰ ਦੀ ਹੈ। ਕੁਮਾਰ ਵਿਸ਼ਵਾਸ ਕਹਿੰਦਾ ਹੋਵੇਗਾ ਕਿ ਕਿਹੜੇ 'ਕਾਲੇ ਭਾਗਾਂ' ਨੂੰ ਉਹ ਇਹ ਕਹਿ ਬੈਠਾ ਕੇਜਰੀਵਾਲ ਤਾਂ ਖਾਲਿਸਤਾਨ ਤਾਂ ਪ੍ਰਧਾਨ ਮੰਤਰੀ ਵੀ ਬਣਨ ਲਈ ਤਿਆਰ ਹੈ। ਅਲਕਾ ਲਾਂਬਾ ਵੀ ਕੁਮਾਰ ਵਿਸ਼ਵਾਸ ਵਾਂਗ ਹੀ ਸੋਚ ਰਹੀ ਹੋਵੇਗੀ। ਇਨ੍ਹਾਂ ਲੀਡਰਾਂ ਨੂੰ ਤਾਂ ਇਹ ਲੱਗ ਰਿਹਾ ਸੀ ਕਿ ਆਮ ਆਦਮੀ ਪਾਰਟੀ ਤਾਂ ਬਦਲਾਲਊ ਕਾਰਵਾਈ ਹੀ ਨਹੀਂ ਕਰੇਗੀ। ਪਰ ਹੁਣ ਸਭ ਸੋਚ ਲਵੋ, ਪੁਲਿਸ ਕਿਸੇ ਨੂੰ ਬਖਸ਼ੇਗੀ ਨਹੀਂ। ਕੇਜਰੀਵਾਲ ਨੇ ਵੀ ਪੁਲਿਸ ਦੀ ਤਾਕਤ ਨੂੰ ਵਰਤ ਕੇ ਨਹੀਂ ਦੇਖਿਆ ਸੀ। ਹੁਣ ਆਪ ਨਹੀਂ ਤਾਂ ਭਗਵੰਤ ਮਾਨ ਦੇ ਹੱਥੋਂ ਤਾਂ ਪੁਲਿਸ ਦੀ ਤਾਕਤ ਨੂੰ ਵਰਤਿਆ ਜਾ ਸਕਦਾ ਹੈ। ਹੁਣ ਭੁਗਤੀ ਜਾਵੋ ਤਰੀਕਾਂ। ਸਿੱਧੂ ਸਾਹਿਬ ਸੰਭਲ ਕੇ, ਆਪ ਦੀ ਟੋਪੀ ਨੂੰ ਹੱਥ ਨਹੀਂ ਪਾਉਣਾ।

ਇਹ ਵੀ ਠੀਕ ਨਹੀਂ ਕਿ ਉਹ ਭਗਵੰਤ ਮਾਨ ਨੂੰ ਤਾਂ ਆਪਣਾ ਛੋਟਾ ਭਰਾ ਦੱਸਣਾ ਤੇ 'ਆਪ' ਦੇ ਸ਼ਿਖਰਲੇ ਟੋਪੀਬਾਜ਼ ਨੂੰ 'ਤੱਤੇ-ਤੱਤੇ ਕੜਾਹ' ਵਾਂਗ ਲੈਣਾ। ਕਹਿਣਾ ਕੇਜਰੀਵਾਲ ਟੋਪੀਆਂ ਘੁੰਮਾਉਂਦਾ ਹੈ। 'ਇਸ ਕੀ ਟੋਪੀ ਉਸ ਕੇ ਸਰ, ਉਸ ਟੋਪੀ ਉਸ ਕੇ ਸਰ'। ਹੁਣ ਸਿੱਧੂ ਨੂੰ ਇਸ ਵਿੱਚ ਕੀ ਤਕਲੀਫ। ਫਿਰ ਕੀ ਹੋਇਆ ਹੁਣ ਪੰਜਾਬ ਦਾ ਪੈਸਾ ਗੁਜਰਾਤ ਵਿੱਚ ਇਸ਼ਤਿਹਾਰਬਾਜ਼ੀ ਵਜੋਂ ਵਰਤਿਆ ਜਾਂਦਾ ਹੈ। ਟੋਪੀ ਹੀ ਘੁੰਮਾਉਣੀ ਹੈ। ਦਿੱਲੀ ਦੀ ਪੰਜਾਬ ਵਿੱਚ ਅਤੇ ਹੁਣ ਪੰਜਾਬ ਦੀ ਟੋਪੀ ਗੁਜਰਾਤ ਅਤੇ ਹਿਮਾਚਲ ਵਿੱਚ। ਹੁਣ ਪੰਜਾਬ ਦੀ ਪੱਗ ਤਾਂ ਘੁੰਮਾਈ ਨਹੀਂ ਜਾ ਸਕਦੀ। ਸੁਖਬੀਰ ਵਿਚਾਰਾ ਕਹਿੰਦਾ ਰਿਹਾ, ਦਿੱਲੀ ਦੇ ਟੋਪੀ ਵਾਲੇ ਤੋਂ ਬਚੋ। ਪਰ ਪੰਜਾਬ ਦੇ ਲੋਕਾਂ ਨੇ ਵੀ ਸਿੱਖ ਸਿੱਖਕਾ ਟੋਪੀਆਂ ਘੁੰਮਾ ਦਿੱਤੀਆਂ। ਘਰਾਂ ਉਤੇ ਝੰਡੇ ਲਗਾਏ ਕਾਂਗਰਸ ਦੇ, ਅਕਾਲੀ ਦਲ ਦੇ। ਰਵਾਇਤੀ ਪਾਰਟੀਆਂ ਦੀ ਟੋਪੀ ਘੁੰਮਾ ਦਿੱਤੀ ਤੇ ਵੋਟ 'ਆਪ' ਨੂੰ ਪਾ ਦਿੱਤੀ। ਹੁਣ ਪੰਜਾਬ ਦੇ ਲੋਕ ਵੀ ਸੋਚ ਰਹੇ ਨੇ ਕਿ ਗਾਰੰਟੀਆਂ ਦੀ ਟੋਪੀ ਕਿਧਰ ਨੂੰ ਘੁੰਮ ਗਈ। ਗਾਰੰਟੀ ਸ਼ਰਤਾਂ ਦੇ ਨਾਲ। ਹਮ ਖੁਸ਼ ਤੁਮ ਵੀ ਖੁਸ਼। ਕਾਂਗਰਸ ਨੂੰ ਲੱਗਿਆ ਕਿ ਪੰਜਾਬ ਵਾਲੇ ਹੁਣ ਟੋਪੀਆਂ ਦਾ ਸਵਾਗਤ ਕਰਦੇ ਹਨ ਤਾਂ ਰਾਜਾ ਸਾਹਿਬ ਦੀ ਤਾਜਪੋਸ਼ੀ ਟੋਪੀ ਨਾਲ ਹੋਣੀ ਚਾਹੀਦੀ ਹੈ। ਸ਼ਾਇਦ ਆਉਣ ਵਾਲੇ ਸਮੇਂ ਵਿੱਚ ਵੋਟਾਂ ਪੈ ਸਕਣ। ਸਿੱਧੂ ਪ੍ਰਧਾਨ ਸੀ ਤਾਂ ਕਹਿੰਦਾ ਸੀ ਕਿ ਕਾਂਗਰਸੀ ਵਰਕਰ ਤੇ ਲੀਡਰ ਮੇਰੀ ਪੱਗ ਦਾ ਲੜ ਹਨ। ਰਾਜਾ ਸਾਹਿਬ ਕੀ ਕਹਿਣਗੇ ਕਿ ਕਾਂਗਰਸੀ ਵਰਕਰ ਤੇ ਲੀਡਰ ਉਨ੍ਹਾਂ ਦੀ ਟੋਪੀ ਦਾ........

### ਦੋ ਬਿਚਾਰੇ-ਬਿਨਾ ਸਹਾਰੇ

ਦੋ ਬਿਚਾਰੇ
ਬਿਨਾ ਸਹਾਰੇ
ਦੇਖੋ ਪੂਛ ਪੂਛ ਕਰ ਹਾਰੇ
ਬਿਨ ਤਾਲੇ ਕੀ ਚਾਬੀ ਲੇਕਰ
ਫਿਰਤੇ ਮਾਰੇ-ਮਾਰੇ

Navjot Singh Sidhu
16 m ·

Had a wonderful meeting with my old friend PK ... Old wine , Old gold and Old friends still the best !!!



ਵਿਕਟੋਰੀਆ ਨੰਬਰ 203 ਦਾ ਇਹ ਗੀਤ ਨਵਜੋਤ ਸਿੰਘ ਸਿੱਧੂ ਅਤੇ ਪ੍ਰਸ਼ਾਂਤ ਕਿਸ਼ੋਰ ਦੀ ਸੋਸ਼ਲ ਮੀਡੀਆ ਉਤੇ ਚੱਲ ਰਹੀ ਤਸਵੀਰ ਉਤੇ ਪੂਰੀ ਤਰ੍ਹਾਂ ਢੁੱਕਦਾ ਹੈ। ਨਵਜੋਤ ਸਿੰਘ ਸਿੱਧੂ ਕੋਲ ਚਾਬੀ ਹੈ ਪੰਜਾਬ ਮਾਡਲ ਦੀ, ਜਿਸ ਬਾਰੇ ਉਹ ਦਾਅਵਾ ਕਰਦਾ ਹੈ ਕਿ ਪੰਜਾਬ ਨੂੰ ਇਸ ਦੀ ਲੋੜ ਹੈ। ਇਸ ਉਤੇ ਚਲਦਿਆਂ ਹੀ ਪੰਜਾਬ ਦਾ ਭਵਿੱਖ ਨੂੰ ਸੰਵਾਰਿਆ ਜਾ ਸਕਦਾ ਹੈ। ਪਰ ਕਾਂਗਰਸ ਹਾਈਕਮਾਨ ਕਮਾਨ ਨੇ ਸਿੱਧੂ ਦੇ ਇਸ ਮਾਡਲ ਨੂੰ ਗੰਭੀਰਤਾ ਨਾਲ ਹੀ ਨਹੀਂ ਲਿਆ। ਸਿੱਧੂ ਕਹਿੰਦਾ ਹੈ ਕਿ ਉਸ ਦੇ ਮਾਡਲ ਦੀ ਪ੍ਰਵਾਹ ਨਹੀਂ ਕੀਤੀ ਇਸੇ ਲਈ ਕਾਂਗਰਸ ਪੰਜਾਬ ਵਿਚੋਂ ਹਾਰੀ ਹੈ। ਹੁਣ ਸਿੱਧੂ ਪੰਜਾਬ ਕਾਂਗਰਸ ਦਾ ਪ੍ਰਧਾਨ ਵੀ ਨਹੀਂ ਹੈ ਤੇ ਫਿਰ ਵੀ ਅਲੱਗ ਤੌਰ 'ਤੇ ਆਪਣੀ ਡੁੱਗਡੁੱਗੀ ਵਜਾ ਰਿਹਾ ਹੈ। ਕਦੇ ਬਿਜਲੀ ਦੀ ਪੂਰਤੀ ਖਿਲਾਫ ਧਰਨੇ ਲਗਾ ਰਿਹਾ ਹੈ ਤੇ ਕਦੇ ਕਣਕ ਦੇ ਬੋਨਸ ਨੂੰ ਲੈ ਕੇ ਬਿਆਨਬਾਜ਼ੀ ਕਰਦਾ ਹੈ। ਨਾਲ-ਨਾਲ ਆਪਣੇ ਰੱਖਦਾ ਹੈ, ਸੁਰਜੀਤ ਧੀਮਾਨ ਨੂੰ ਜਿਸ ਨੂੰ ਕਾਂਗਰਸ ਨੇ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ।

ਦੂਜੇ ਪਾਸੇ ਚੋਣਾਂ ਦੇ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਕੋਲ ਵੀ ਆਪਣਾ ਹੀ ਮਾਡਲ ਹੈ ਤੇ ਉਹ ਵੀ ਇਹੀ ਦਾਅਵਾ ਕਰਦਾ ਹੈ ਕਿ ਜੇਕਰ ਕਾਂਗਰਸ ਉਸ ਦੇ ਮਾਡਲ 'ਤੇ ਚੱਲੇ ਤਾਂ ਆਉਂਦੀਆਂ 2024 ਦੀਆਂ ਚੋਣਾਂ ਵਿੱਚ ਰਾਹੁਲ ਬਾਬਾ ਨਰਿੰਦਰ ਮੋਦੀ ਨੂੰ ਚੋਣ ਦੰਗਲ ਵਿੱਚ ਢਾਹ ਲਵੇਗਾ। ਇਸ ਦੇ ਲਈ ਉਸ ਨੇ ਸੋਨੀਆ ਗਾਂਧੀ ਨਾਲ ਮੀਟਿੰਗਾਂ ਵੀ ਕੀਤੀਆਂ। ਪਰ ਬਾਕੀ ਬੁੱਢੇ ਕਾਂਗਰਸੀਆਂ ਨੂੰ ਇਹ ਕਿਥੋਂ ਬਰਦਾਸ਼ਤ ਹੋਵੇ ਕਿ ਉਸ ਦੇ ਅਧੀਨ ਹੋ ਕੇ ਉਹ ਚੋਣਾਂ ਲੜਨ। ਕਿਸ਼ੋਰ ਨੇ ਕਿਹਾ ਕਿ ਪਾਰਟੀ ਵਿੱਚ ਬੁਨਿਆਦੀ ਤਬਦੀਲੀਆਂ ਕੀਤੀਆਂ ਜਾਣ। ਪ੍ਰਸ਼ਾਂਤ ਕਿਸ਼ੋਰ ਨੂੰ ਹੁਣ ਲੱਗਣ ਲੱਗ ਪਿਆ ਕਿ ਕਾਂਗਰਸ ਵਿੱਚ ਵੀ ਉਸ ਦੀ ਦਾਲ ਗਲਣ ਵਾਲੀ ਨਹੀਂ ਹੈ। ਸੋਨੀਆ ਗਾਂਧੀ ਨੇ ਜਿਹੜੀਆਂ ਪੇਸ਼ਕਸ਼ਾਂ ਕੀਤੀਆਂ ਉਹ ਉਸ ਨੇ ਠੁਕਰਾ ਦਿੱਤੀਆਂ। ਉਹ ਵੀ ਆਪਣੀ ਚਾਬੀ ਲੈ ਕੇ ਕਾਂਗਰਸ ਵਿਚੋਂ ਬਾਹਰ ਆ ਗਿਆ। ਹੁਣ ਦੋ ਮਈ ਨੂੰ ਆਪਣੇ ਪੱਤੇ ਖੋਲ੍ਹੇਗਾ।

ਸਿੱਧੂ ਦੀ ਸਮੱਸਿਆ ਇਹ ਵੀ ਹੈ ਕਿ ਮਨੀਸ਼ ਤਿਵਾੜੀ ਉਸ ਨੂੰ 'ਕਿਰਾਏਦਾਰ' ਕਹਿੰਦਾ ਹੈ। ਕਿਰਾਏਦਾਰ ਦਾ ਕੀ ਹੁੰਦੈ ਅੱਜ ਮਾਲਕ ਮਕਾਨ ਨਹੀਂ ਬਣੀ ਤਾਂ ਦੂਜੇ ਕਮਰਾ ਕਿਰਾਏ 'ਤੇ ਲੈ ਲਵੋ। ਭਾਜਪਾ ਨਾਲ ਨਹੀਂ ਬਣੀ ਤਾਂ ਕਾਂਗਰਸ ਵਿੱਚ ਆ ਗਏ। ਹੁਣ ਕਾਂਗਰਸ ਵਿੱਚ ਵੀ ਉਸ ਦੀ ਬਣਦੀ ਨਜ਼ਰ ਨਹੀਂ ਆ ਰਹੀ। ਪਰ ਹੁਣ ਨਾ ਤਾਂ ਭਾਜਪਾ ਨੇ 'ਟੂਲੈਟ' ਲਗਾਇਆ ਤੇ ਨਾ ਹੀ ਆਮ ਆਦਮੀ ਪਾਰਟੀ ਨੇ। ਅਕਾਲੀਆਂ ਦਾ ਕਮਰਾ ਸਿੱਧੂ ਨੂੰ ਸ਼ੁਰੂ ਤੋਂ ਪਸੰਦ ਨਹੀਂ ਹੈ।

ਪ੍ਰਸ਼ਾਂਤ ਕਿਸ਼ੋਰ ਤਾਂ ਕਿਰਾਏਦਾਰ ਬਣਨਾ ਪਸੰਦ ਨਹੀਂ ਕਰਦਾ। ਉਹ ਤਾਂ ਪੇਇੰਗ ਗੈਸਟ ਬਣਦਾ ਹੈ ਪਰ ਪੈਸਾ ਮਾਲਕ ਤੋਂ ਲੈਂਦਾ, ਰੋਟੀ-ਪਾਣੀ ਦਾ ਪੈਸਾ ਨਹੀਂ ਦੇਣਾ। ਹਾਲ ਦੀ ਘੜੀ ਉਸ ਨੂੰ ਕੋਈ ਪੇਇੰਗ ਗੈਸਟ ਰੱਖਣ ਵਾਸਤੇ ਤਿਆਰ ਨਹੀਂ ਹੈ।



ਚੰਗੀ ਗੱਲ ਤਾਂ ਇਹ ਹੈ ਕਿ ਇਹ ਦੋਵੇਂ ਆਪਣਾ ਪਲਾਟ ਲੈ ਲੈਣ, ਉਥੇ ਹੀ ਆਪਣੇ ਕਮਰੇ ਛੱਤ ਲੈਣ ਤੇ ਆਪਣਾ ਤਾਲਾ ਲਗਾਉਣ ਤੇ ਚਾਬੀ ਉਨ੍ਹਾਂ ਕੋਲ ਹੈ ਹੀ। ਵਿੱਚ ਬੈਠ ਕੇ ਮੈਂ...ਮੈਂ... ਵੀ ਕਰੀ ਜਾਣ ਤੇ ਰਣਨੀਤੀਆਂ ਵੀ ਬਣਾਈ ਜਾਣ।

### ਇਨਕਲਾਬ ਜ਼ਿੰਦਾਬਾਦ ਦੇ ਨਾਹਰੇ 'ਤੇ ਪ੍ਰਸ਼ਨਚਿੰਨ੍ਹ

ਇਹ ਕਹਿ ਕੇ ਨਹੀਂ ਸਰਨਾ ਕਿ ਮਾਨ ਸਰਕਾਰ ਬਹੁਤ ਹੀ ਇਨਕਲਾਬੀ ਕਦਮ ਚੁੱਕ ਰਹੀ ਹੈ ਤੇ ਉਨ੍ਹਾਂ ਵਿੱਚ ਰੁਕਾਵਟਾਂ ਖੜ੍ਹੀਆਂ ਕਰਨ ਲਈ ਕੁਝ ਸਿਆਸੀ ਧਿਰਾਂ ਜਿਨ੍ਹਾਂ ਦੀ ਦੁਕਾਨਦਾਰੀ ਬੰਦ ਹੋ ਗਈ ਹੈ, ਉਨ੍ਹਾਂ ਦੁਆਰਾ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ।

ਮੁੱਖ ਮੁੱਦਾ ਅੱਜ ਪਟਿਆਲਾ ਵਿੱਚ ਵਾਪਰਿਆ ਘਟਨਾਕ੍ਰਮ ਹੈ ਜਿਸ ਨੇ ਪੰਜਾਬ ਹਿੰਦੂ-ਸਿੱਖ ਭਾਈਚਾਰੇ ਦੇ ਸਦੀਆਂ ਪੁਰਾਣੇ ਮਿਲਵਰਤਨ ਨੂੰ ਇੱਕ ਵਾਰ ਫਿਰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਕਿਥੇ ਗਈ ਕੇਜਰੀਵਾਲ ਦੀ ਪਟਿਆਲਾ ਦੀ ਸ਼ਾਂਤੀ ਮਾਰਚ। ਕਿਥੇ ਹੈ ਪਟਿਆਲਾ ਦਾ ਆਮ ਆਦਮੀ ਪਾਰਟੀ ਦਾ ਵਿਧਾਇਕ ਜਿਹੜਾ ਪਟਿਆਲਾ ਵਾਸੀਆਂ ਉਤੇ ਵਰ੍ਹਦੀਆਂ ਇੱਟਾਂ ਦੌਰਾਨ ਘਰ ਵਿੱਚ ਦੁਬਕਿਆ ਰਿਹਾ। ਹੋ ਸਕਦਾ ਹੈ ਕੋਈ ਸਿਆਸੀ ਖੇਡ ਵੀ ਹੋਵੇ ਪਰ ਹੁਣ ਤਾਂ ਸ੍ਰ. ਭਗਵੰਤ ਸਿੰਘ ਮਾਨ ਦੇ ਹੱਥ ਵਿੱਚ ਪੂਰਾ ਪੰਜਾਬ ਦਾ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਹੈ, ਜੇਕਰ ਇਹ ਸਰਕਾਰ ਪੰਜਾਬ ਦੇ ਲੋਕਾਂ ਦੀ ਹਿੱਤਾਂ ਪ੍ਰਤੀ ਚੌਕਸ ਹੋਵੇ ਤਾਂ ਕਿਸੇ ਵੀ ਕੱਟੜਪੰਥੀ ਦੀ ਜੁਅਰਤ ਨਹੀਂ ਕਿ ਉਹ ਸਟੇਟ ਲਈ ਚੈਲੰਜ ਬਣ ਸਕੇ। ਜਿਹੜਾ ਵਿਅਕਤੀ ਇਸ ਸ਼ਾਂਤੀ ਨੂੰ ਭੰਗ ਕਰਨ ਦਾ ਦੋਸ਼ੀ ਹੈ ਉਹ ਪਿਛਲੇ ਕਈ ਦਿਨਾਂ ਤੋਂ ਸਿੱਖਾਂ ਅਤੇ ਸਰਕਾਰ ਨੂੰ ਚੁਣੌਤੀ ਦਿੰਦਾ ਆ ਰਿਹਾ ਸੀ। ਉਪਰੋਂ ਉਸ ਦੀ ਚੁਣੌਤੀ ਨੂੰ ਸਵੀਕਾਰ ਕਰਦੀਆਂ ਹੋਈਆਂ ਸਿੱਖ ਜਥੇਬੰਦੀਆਂ ਆਪ ਚੁਣੌਤੀ ਦੇ ਦਿੱਤੀ ਕਿ ਵਿਰੋਧ ਕੀਤਾ ਜਾਵੇਗਾ। ਕੀ ਖੁਫੀਆ ਏਜੰਸੀਆਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਜਦੋਂ-ਜਦੋਂ ਵੀ ਪੰਜਾਬ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਲੈ ਕੇ ਬਿਆਨਬਾਜ਼ੀ ਹੁੰਦੀ ਹੈ ਤਾਂ ਹਾਲਾਤ ਕੀ ਬਣਦੇ ਹਨ?

ਆਮ ਆਦਮੀ ਪਾਰਟੀ ਦੇ ਬੁਲਾਰੇ ਇਹ ਕਹਿੰਦੇ ਹਨ ਕਿ ਅਜਿਹਾ ਅਕਾਲੀਆਂ ਅਤੇ ਕਾਂਗਰਸੀਆਂ ਸਰਕਾਰਾਂ ਮੌਕੇ ਵੀ ਹੋਇਆ? ਪਰ ਆਮ ਆਦਮੀ ਪਾਰਟੀ ਤਾਂ ਕੋਈ ਬਦਲਾਅ ਨਹੀਂ ਲਿਆ ਸਕੀ। ਮਾਨ ਸਾਹਿਬ ਪੰਜਾਬ ਵਿੱਚ ਜਿਸ ਢੰਗ ਨਾਲ ਕਾਨੂੰਨ ਤੇ ਵਿਵਸਥਾ ਵਿਗੜ ਰਹੀ ਹੈ, ਇਸ ਦੇ ਲਈ ਪਿਛਲੀਆਂ ਪਾਰਟੀਆਂ 'ਤੇ ਜ਼ਿੰਮੇਵਾਰੀ ਨਹੀਂ ਮੜ੍ਹੀ ਜਾ ਸਕਦੀ। ਸਿਸਟਮ ਠੀਕ ਕਰਨ ਲਈ ਲੋਕਾਂ ਨੇ ਤੁਹਾਨੂੰ ਵੋਟਾਂ ਪਾਈਆਂ ਹਨ। ਹਾਂ, ਜੇਕਰ ਕੋਈ ਰਵਾਇਤੀ ਪਾਰਟੀ ਦਾ ਲੀਡਰ ਜ਼ਿੰਮੇਵਾਰ ਹੈ ਫੜ ਕੇ ਜੇਲ੍ਹ ਵਿੱਚ ਸੁੱਟੋ। ਘਟਨਾਕ੍ਰਮ ਦੇ ਜ਼ਿੰਮੇਵਾਰ ਚਾਹੇ ਸਿੱਖ ਲੀਡਰ ਹੋਣ, ਚਾਹੇ ਹਿੰਦੂ ਲੀਡਰ ਹੋਣ ਚੁੱਕੋ ਤੇ ਹਥਕੜੀਆਂ ਲਗਾ ਕੇ ਅਦਾਲਤ ਦੇ ਸਾਹਮਣੇ ਸੁੱਟੋ।

ਹੁਣ ਇਹ ਨਹੀਂ ਕਿ ਆਪਣੀ ਨਾਕਾਮੀਆਂ ਲਈ ਪਿਛਲੀਆਂ ਸਿਆਸੀ ਪਾਰਟੀਆਂ ਨੂੰ ਜ਼ਿੰਮੇਵਾਰ ਬਣਾ ਕੇ ਆਪਣੇ ਆਪ ਨੂੰ ਬਰੀ ਕੀਤਾ ਸਕਦਾ ਹੈ। ਆਮ ਆਦਮੀ ਪਾਰਟੀ ਨੇ ਜਦੋਂ ਚੋਣਾਂ ਲੜੀਆਂ ਸਨ ਤਾਂ ਲੋਕਾਂ ਨਾਲ ਬਹੁਤ ਸਾਰੇ ਵਾਅਦੇ ਕੀਤੇ ਸਨ ਜਿਨ੍ਹਾਂ ਵਿੱਚ ਸੂਬੇ ਦੇ ਹਰ ਖੇਤਰ ਵਿੱਚ ਬਦਲਾਓ ਦੀ ਗੱਲ ਕੀਤੀ ਸੀ। ਬਦਲਾਓ ਤਾਂ ਕਿਧਰੇ ਨਜ਼ਰ ਨਹੀਂ ਆ ਰਿਹਾ ਤੇ ਨਾ ਹੀ ਕੋਈ ਇਨਕਲਾਬ ਦੀ ਕੋਈ ਕਿਰਨ ਨਜ਼ਰ ਆ ਰਹੀ ਹੈ। ਜੇਕਰ ਨਜ਼ਰ ਆ ਰਿਹਾ ਹੈ ਕਿ ਦਿੱਲੀ ਵਰਗੇ ਅੱਧੇ ਸੂਬੇ ਅੱਗੇ ਪੰਜਾਬ ਵਰਗਾ ਪੂਰਨ ਸੂਬਾ ਨਤਮਸਤਕ ਹੋ ਰਿਹਾ ਹੈ। ਸਿਰਫ ਨਤਮਸਤ ਹੀ ਨਹੀਂ ਡੰਡੌਤ ਕਰ ਰਿਹਾ ਹੈ। ਮਾਨ ਸਾਹਿਬ ਕਿਸੇ ਲੀਡਰ ਦੀ ਪ੍ਰਧਾਨ ਮੰਤਰੀ ਦੀ ਕੁਰਸੀ ਨਾਲੋਂ ਪੰਜਾਬ ਦੇ ਲੋਕਾਂ ਦੀ ਸਦਭਾਵਨਾ ਬਹੁਤ ਜ਼ਰੂਰੀ ਹੈ। ਪੰਜਾਬ ਨੂੰ ਅੱਗ ਤੋਂ ਬਚਾਓ।

## ਵਿਨੀਪੈਗ ਦੀ ਇਤਿਹਾਸਕ ਹਡਸਨ ਬੇਅ ਇਮਾਰਤ ਦੇ ਮਾਲਕਾਨਾ ਹੱਕ ਮੂਲਵਾਸੀਆਂ ਨੂੰ ਦਿੱਤੇ ਗਏ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ ) ਕੈਨੇਡਾ ਸਰਕਾਰ ਵੱਲੋਂ ਮੂਲ ਵਾਸੀਆਂ ਦੇ ਹੱਕ ਵਿਚ ਕਈ ਅਹਿਮ ਫੈਸਲੇ ਲਏ ਜਾ ਰਹੇ ਹਨ ਤਾਂ ਕਿ ਬੀਤੇ ਸਮੇਂ ਦੇ ਦੌਰਾਨ ਮੂਲਵਾਸੀ ਭਾਈਚਾਰਿਆਂ ਦੇ ਉੱਪਰ ਜੋ ਜ਼ੁਲਮ ਹੁੰਦੇ ਰਹੇ ਹਨ ਉਸ ਤੋਂ ਉਨ੍ਹਾਂ ਨੂੰ ਰਾਹਤ ਮਿਲ ਸਕੇ ।ਵਿਨੀਪੈਗ ਦੇ ਡਾਊਨ ਟਾਊਨ ਸਥਿਤ ਇਤਿਹਾਸਕ ਹਡਸਨ ਬੇਅ ਇਮਾਰਤ ਜੋ ਕਿ ਦੋ ਸਾਲ ਤਕ ਖਾਲੀ ਰਹੀ ਉਸ ਦਾ ਨਵਾਂ ਰੂਪ ਸਾਹਮਣੇ ਆ ਰਿਹਾ ਹੈ ਕਿਉਂਕਿ ਇਸ ਇਮਾਰਤ ਦੀ ਮਾਲਕੀ ਮੂਲਵਾਸੀ ਭਾਈਚਾਰੇ ਨੂੰ ਟਰਾਂਸਫਰ ਕਰ ਦਿੱਤੀ ਗਈ ਹੈ ਇਹ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਦਿਨ ਹੈ । ਵਰਨਣਯੋਗ ਹੈ ਕਿ ਡਾਊਨਟਾਊਨ ਵਿਨੀਪੈਗ ਵਿੱਚ ਸਥਿੱਤ ਇਹ ਬਿਲਡਿੰਗ ਨਵੰਬਰ 2020 ਤੋਂ ਬੰਦ ਸੀ। 6,55000 ਸਕੇਅਰ ਫੁੱਟ ਦੀ ਇਹ ਛੇ ਮੰਜ਼ਿਲਾ ਇਮਾਰਤ ਸਦਰਨ ਚੀਫ਼ ਆਰਗੇਨਾਈਜ਼ੇਸ਼ਨ ਨੂੰ ਦੇ ਦਿੱਤੀ ਗਈ। ਮੂਲਵਾਸੀ ਲੀਡਰਾਂ ਵੱਲੋਂ ਇਸ ਦਾ ਸਵਾਗਤ ਕੀਤਾ ਗਿਆ ਹੁਣ ਸਦਰਨ ਚੀਫ਼ ਆਰਗੇਨਾਈਜ਼ੇਸ਼ਨ ਵੱਲੋਂ ਇਸ ਨੂੰ ਰੀ ਡਿਵੈਲਪ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ । ਇਸ ਵਿੱਚ 130 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ। ਇੱਥੇ ਹੁਣ 300 ਅਫੋਰਡੇਬਲ ਹਾਊਸਿੰਗ, ਰੈਸਟੋਰੈਂਟ, ਆਰਟ ਗੈਲਰੀ, ਮਿਊਜ਼ੀਅਮ ਅਤੇ ਕੁੱਝ ਹੋਰ ਸੇਵਾਵਾਂ ਦੇ ਦਫ਼ਤਰ ਖੁੱਲ੍ਹਣਗੇ। 96 ਸਾਲ ਪੁਰਾਣੀ ਇਹ ਬਿਲਡਿੰਗ 1926 ਵਿੱਚ ਖੋਲ੍ਹੀ ਗਈ ਸੀ।

## ਬਰਫਬਾਰੀ ਉਪਰੰਤ ਹੁਣ ਮੈਨੀਟੋਬਾ ਨੂੰ ਹੜ੍ਹਾਂ ਦੀ ਮਾਰ ਪੈ ਰਹੀ ਹੈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਇਕ ਤੋਂ ਬਾਅਦ ਦੂਜੇ ਸੂਬੇ ਵਿੱਚ ਲੋਕਾਂ ਨੂੰ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਪਹਿਲਾਂ ਅੱਤ ਦੀ ਗਰਮੀ ਫੇਰ ਹੜ੍ਹ ਅਤੇ ਫਿਰ ਹੋਈ ਬਰਫਬਾਰੀ ਨੇ ਜਨਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ। ਇਸੇ ਤਰ੍ਹਾਂ ਪਿਛਲੇ ਦਿਨੀਂ ਮੈਨੀਟੋਬਾ ਵਿਚ ਭਾਰੀ ਬਰਫਬਾਰੀ ਹੋਈ ਸੀ ਤੇ ਹੁਣ ਇਸ ਸੂਬੇ ਦੇ ਕਈ ਖੇਤਰਾਂ ਵਿੱਚੋਂ ਹੜ੍ਹਾਂ ਦੀਆਂ ਖ਼ਬਰਾਂ ਆ ਰਹੀਆਂ ਨੇ ਤੇ ਸੈਂਕੜੇ ਲੋਕਾਂ ਨੂੰ ਹੜ੍ਹਾਂ ਵਾਲੇ ਖੇਤਰਾਂ ਚੋਂ ਕੱਢ ਕੇ ਸੁਰੱਖਿਅਤ ਥਾਵਾਂ ਤੇ ਪਹੁੰਚਾਇਆ ਗਿਆ ਹੈ।

## ਚੋਣ ਵਾਅਦੇ ਅਨੁਸਾਰ ਹੁਣ ਸੇਂਟ ਬੋਨੀਫੇਸ ਹਸਪਤਾਲ ਦੇ ਐਮਰਜੈਂਸੀ ਡਿਪਾਰਟਮੈਂਟ ਦਾ ਵਿਸਥਾਰ ਹੋਵੇਗਾ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਸਿਆਸੀ ਪਾਰਟੀਆਂ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕਈ ਤਰ੍ਹਾਂ ਦੇ ਵਾਅਦੇ ਕਰ ਦਿੰਦੀਆਂ ਹਨ ਅਤੇ ਇਨ੍ਹਾਂ ਚੋਂ ਕੁੱਝ ਵਾਅਦੇ ਵਫ਼ਾ ਹੋ ਜਾਂਦੇ ਹਨ ਅਤੇ ਕੁੱਝ ਭੁਲਾ ਦਿੱਤੇ ਜਾਂਦੇ ਹਨ। ਮੈਨੀਟੋਬਾ ਸੂਬੇ ਦੀਆਂ ਸਾਲ 2019 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਸੇਂਟ ਬੋਨੀਫੇਸ ਹਸਪਤਾਲ ਦੇ ਐਮਰਜੈਂਸੀ ਡਿਪਾਰਟਮੈਂਟ ਦਾ ਵਿਸਥਾਰ ਕੀਤਾ ਜਾਵੇਗਾ ਤੇ ਆਖਰਕਾਰ ਹੁਣ ਇਸ ਵਿਸਥਾਰ ਦਾ ਐਲਾਨ ਕਰ ਦਿੱਤਾ ਗਿਆ ਹੈ। ਸੂਬੇ ਦੀ ਪ੍ਰੀਮੀਅਰ ਹੈਦਰ ਸਟੀਫਨਸਨ ਅਤੇ ਹੈਲਥ ਮਨਿਸਟਰ ਆਰਟਰੀ ਕਾਰਟਰ ਨੇ ਇਹ ਜਾਣਕਾਰੀ ਹੌਸਪਿਟਲ ਦੇ ਐਸਪਰ ਸੈਂਟਰ ਵਿੱਚ ਦਿੱਤੀ। ਸਾਲ ਦੋ ਹਜਾਰ ਉਨੀ ਦੇ ਚੋਣ ਵਾਅਦਾ ਮੌਕੇ ਇਸ ਉਤੇ ਔਸਤਨ 90 ਮਿਲੀਅਨ ਡਾਲਰ ਖਰਚੇ ਜਾਣ ਦੀ ਗੱਲ ਆਖੀ ਗਈ ਸੀ ਪਰ ਹੁਣ ਇਸ ਪ੍ਰਾਜੈਕਟ ਉੱਤੇ 141 ਮਿਲੀਅਨ ਡਾਲਰ ਦਾ ਖਰਚ ਹੋਵੇਗਾ ਜਿਸ ਵਿੱਚ 18600 ਸੁਕੇਅਰ ਫੀਟ ਐਗਜ਼ਿਸਟਿੰਗ ਸਪੇਸ ਅਤੇ 86000 ਸਕੇਅਰ ਫੁੱਟ ਦੇ ਕਰੀਬ ਨਵੀਂ ਕੰਸਟ੍ਰਕਸ਼ਨ ਹੋਵੇਗੀ । ਇਸ ਹਸਪਤਾਲ ਦਾ ਨਵਾਂ ਐਮਰਜੈਂਸੀ ਡਿਪਾਰਟਮੈਂਟ ਮੌਜੂਦਾ ਡਿਪਾਰਟਮੈਂਟ ਨਾਲੋਂ ਤਿੰਨ ਗੁਣਾ ਵੱਡਾ ਹੋਵੇਗਾ ।

## ਵਿਨੀਪੈਗ ਦੇ ਹਵਾਈ ਅੱਡੇ ਨੂੰ 34 ਮਿਲੀਅਨ ਡਾਲਰ ਦਾ ਘਾਟਾ ਸਹਿਣਾ ਪਿਆ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕਰੋਨਾ ਮਹਾਂਮਾਰੀ ਦੇ ਦੌਰਾਨ ਜਦੋਂ ਜ਼ਿਆਦਾਤਰ ਫਲਾਈਟਾਂ ਬੰਦ ਹੋ ਗਈਆਂ ਸਨ ਅਤੇ ਉਸ ਤੋਂ ਬਾਅਦ ਵੀ ਉਨੀ ਸਮਰੱਥਾ ਨਾਲ ਚੱਲਣੀਆਂ ਲੰਬੇ ਸਮੇਂ ਤੱਕ ਸ਼ੁਰੂ ਨਹੀਂ ਹੋਈਆਂ ਜਿਵੇਂ ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਚਲਦੀਆਂ ਸਨ । ਇਸ ਦਾ ਬੁਰਾ ਅਸਰ ਹਵਾਈ ਅੱਡਿਆਂ ਦੇ ਉੱਪਰ ਪੂਰੀ ਤਰ੍ਹਾਂ ਪਿਆ ਅਤੇ ਹਵਾਈ ਅੱਡਿਆਂ ਨੂੰ ਵੱਡੇ ਵਿੱਤੀ ਘਾਟੇ ਦਾ ਸਾਹਮਣਾ ਕਰਨਾ ਪਿਆ। ਭਾਵੇਂ ਇਸ ਸਥਿਤੀ ਵਿੱਚੋਂ ਨਿਕਲਣ ਲਈ ਅਜੇ ਹੋਰ ਵਕਤ ਲੱਗੇਗਾ ਪਰਮਹਾਮਾਰੀ ਦੌਰਾਨ ਵਿਨੀਪੈਗ ਦੇ ਹਵਾਈ ਅੱਡੇ ਨੂੰ ਪਿਛਲੇ ਸਾਲ 34 ਮਿਲੀਅਨ ਡਾਲਰ ਤੋਂ ਵੱਧ ਦਾ ਘਾਟਾ ਸਹਿਣਾ ਪਿਆ । ਵਰਨਯਣੋਗ ਹੈ ਕਿ ਵਿਨੀਪੈਗ ਏਅਰ ਪੋਰਟ ਅਥਾਰਿਟੀ ਵੱਲੋਂ ਸਾਲ 2021 ਦੀ ਫਾਇਨਾਂਸੀਅਲ ਰਿਪੋਰਟ ਸਾਂਝੀ ਕੀਤੀ ਗਈ। ਕਰੋਨਾ ਕਾਰਨ ਲਗਪਗ ਬੰਦ ਪਈ ਏਅਰਪੋਰਟ ਦਾ ਇਸ ਰਿਪੋਰਟ ਉੱਤੇ ਪ੍ਰਭਾਵ ਵੇਖਣ ਨੂੰ ਮਿਲ ਰਿਹਾ ਹੈ। ਵਿਨੀਪੈਗ ਏਅਰਪੋਰਟ ਅਥਾਰਿਟੀ ਜੋ ਕਿ ਰਿਚਰਡਸਨ ਇੰਟਰਨੈਸ਼ਨਲ ਏਅਰਪੋਰਟ ਨੂੰ ਚਲਾਉਂਦੀ ਹੈ ਨੇ ਦੱਸਿਆ ਕਿ ਸਾਲ 2021 ਦੇ ਵਿੱਤੀ ਵਰ੍ਹੇ ਵਿਚ ਏਅਰਪੋਰਟ ਨੂੰ 34.12 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ । ਹਾਲਾਂਕਿ ਇਹ ਨੁਕਸਾਨ ਸਾਲ 2020 ਦੇ 40.13 ਮਿਲੀਅਨ ਡਾਲਰ ਦੇ ਘਾਟੇ ਨਾਲੋਂ ਥੋੜ੍ਹਾ ਘੱਟ ਹੈ । ਵਿਨੀਪੈਗ ਏਅਰ ਪੋਰਟ ਅਥਾਰਿਟੀ ਦੇ ਪ੍ਰੈਜ਼ੀਡੈਂਟ ਅਤੇ ਸੀਈ? ਨਿਕ ਹੇਜ ਨੇ ਦੱਸਿਆ ਕਿ ਦੁਬਾਰਾ ਪੂਰੀ ਤਰ੍ਹਾਂ ਨਾਰਮਲ ਕਪੈਸਟੀ ਵਿੱਚ ਆਪਰੇਟ ਕਰਨ ਲਈ ਏਅਰਪੋਰਟ ਨੂੰ ਕੁੱਝ ਸਾਲ ਲੱਗਣਗੇ ਪਰ ਸਾਲ 2022 ਵਿੱਚ ਉਮੀਦ ਕੀਤੀ ਜਾ ਰਹੀ ਹੈ ਕਿ ਪ੍ਰੀ ਪੈਨਡੈਮਿਕ ਲੈਵਲ ਦੇ 60 ਪ੍ਰਤੀਸਤ ਕਪੈਸਟੀ ਉਤੇ ਏਅਰਪੋਰਟ ਕੰਮ ਕਰਨਾ ਸ਼ੁਰੂ ਕਰ ਦੇਵੇਗਾ । ਏਅਰਪੋਰਟ ਦਾ ਕੁੱਲ ਲਾਂਗ ਟਰਮ ਡੈੱਕ ਜਾਂ ਘਾਟਾ ਸਾਲ 2021 ਤੱਕ ਹੁਣ ਤੱਕ 663 ਮਿਲੀਅਨ ਡਾਲਰ ਹੋ ਚੁੱਕਾ ਹੈ ਜੋ ਕਿ ਸਾਲ ਦੋ ਹਜਾਰ ਵੀਹ ਦੇ ਕੁੱਲ 576 ਮਿਲੀਅਨ ਡਾਲਰ ਨਾਲੋਂ ਵੱਧ ਹੈ ।

MORTGAGE ARCHITECTS
AMRIT SINGH KANG
Mortgage Expert
Call Me For All
Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ
ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com